# ਯੋਜਨਾ

**ਸਾਲ 32 • ਅੰਕ 3 • ਮਾਰਚ 2016 • ਕੁੱਲ ਪੰਨੇ 48**



ਮੁੱਖ ਸੰਪਾਦਕ

**ਦੀਪਿਕਾ ਕੱਛਲ**

ਸੰਪਾਦਕ

**ਰਾਕੇਸ਼ ਮਹਿਤਾ**

**ਸੰਪਾਦਕੀ ਦਫ਼ਤਰ**

ਪ੍ਰਕਾਸ਼ਨ ਵਿਭਾਗ, ਸੂਚਨਾ ਭਵਨ,
ਸੀ.ਜੀ.ਓ. ਕੰਪਲੈਕਸ ਲੋਧੀ ਰੋਡ , ਨਵੀਂ ਦਿੱਲੀ-110003
ਫ਼ੋਨ : 011-224365922
ਈਮੇਲ : yojanapunjabi@yahoo.com
ਵੈੱਬਸਾਈਟ : www.yojana.gov.in
www.publicationsdivision.nic.in
https//www.facebook.com/pages/yojana-journal

ਸੰਯੁਕਤ ਨਿਰਦੇਸ਼ਕ (ਉਤਪਾਦਨ)

**ਵੀ.ਕੇ. ਮੀਨਾ**

ਬਿਜ਼ਨਸ ਮੈਨੇਜਰ

**ਸੂਰੀਆਕਾਂਤ ਸ਼ਰਮਾ**

ਫ਼ੋਨ: 011-24367260 ਫੈਕਸ : 011-24365609
(ਸਰਕੂਲੇਸ਼ਨ ਤੇ ਵਿਗਿਆਪਨ)

**ਜਰਨਲ ਯੂਨਿਟ**

ਪ੍ਰਕਾਸ਼ਨ ਵਿਭਾਗ, ਸੂਚਨਾ ਤੇ ਪ੍ਰਸਾਰਨ ਮੰਤਰਾਲਾ,
ਕਮਰਾ ਨੰ. 48-53, ਸੂਚਨਾ ਭਵਨ, ਸੀ.ਜੀ.ਓ. ਕੰਪਲੈਕਸ,
ਲੋਧੀ ਰੋਡ, ਨਵੀਂ ਦਿੱਲੀ-110003
ਈਮੇਲ : *pdjucir@gmail.com*

ਕਵਰ : **ਜੀ.ਪੀ.ਧੋਪੇ**


## ਇਸ ਅੰਕ ਵਿਚ


- ਕੇਂਦਰੀ ਬਜਟ 2016-17 : ਖੇਤੀਬਾੜੀ ਲਈ ਹੁਲਾਰਾ – ਸੀ ਐੱਸ ਸੀ ਸ਼ੇਖਰ 4
- ਬੁਨਿਆਦੀ ਢਾਂਚੇ ਦੀ ਵਿਵਸਥਾ : ਲਾਗੂ ਕਰਨ ਦੀਆਂ ਚੁਨੌਤੀਆਂ ਨਾਲ ਰਣਨੀਤਕ – ਜੀ ਰਘੂਰਾਮ 6
- ਬਜਟ 2016-17 : ਆਮ ਆਦਮੀ, ਕਾਰੋਬਾਰੀ ਖੇਤਰ ਅਤੇ ਰਾਜਾਂ ਲਈ ਟੈਕਸ ਦਾ ਗਣਿਤ – ਜੈਯੰਤੀ ਰੌਏ ਚੌਧਰੀ 9
- ਕੇਂਦਰੀ ਬਜਟ 2016-17 : ਕੀ ਆਰਥਿਕ ਮਜਬੂਤੀ ਰਾਹ ਉੱਤੇ ਹੈ? – ਬੀ.ਵੀ. ਮਧੂਸੂਦਨ ਰਾਉ 12
- ਇੱਕ ਰੂੜ੍ਹੀਵਾਦੀ ਵਾਧੇ ਦਾ ਅਨੁਮਾਨ ਕਿਉਂ? – ਡੀ ਐੱਚ ਪਾਈ ਪਨੰਦੀਕਰ 16
- ਕੀ ਕੇਂਦਰੀ ਬਜਟ ਬੈਂਕਿੰਗ ਖੇਤਰ ਨੂੰ ਪੁਨਰ ਜਾਗਰਿਤ ਕਰ ਸਕੇਗਾ? – ਐੱਨ ਆਰ ਭਾਨੂਮੂਰਤੀ ਅਤੇ – ਮਨੀਸ਼ ਪ੍ਰਸਾਦ 18
- ਵਾਧੇ ਅਤੇ ਵੱਡੇ ਪੈਮਾਨੇ ਉੱਤੇ ਰੋਜ਼ਗਾਰ ਨੂੰ ਤੇਜ ਕਰਨ ਲਈ ਮੇਕ ਇਨ ਇੰਡੀਆ, ਸਟਾਰਟ ਅੱਪ ਲਈ ਮਜਬੂਤ ਚੌਗਿਰਦਾ ਪ੍ਰਣਾਲੀ ਉੱਭਰ ਰਹੀ ਹੈ – ਨੀਰਜਾ ਬਾਜਪਾਈ 21
- ਪੇਂਡੂ ਬੁਨਿਆਦੀ ਢਾਂਚਾ ਅਤੇ ਬਿਜਲੀਕਰਨ : ਕੇਂਦਰੀ ਬਜਟ 2016-17 ਦੀ ਸਮੀਖਿਆ – ਹਿਰਨਮੋਏ ਰੌਏ, ਅਨਿਲ ਕੁਮਾਰ, – ਪ੍ਰਸੂਮ ਦਿਵੇਦੀ 24
- ਔਰਤ ਪੱਖੀ ਬਜਟ : ਵਿਵਸਥਾਵਾਂ – ਸ਼ਾਹੀਨ ਰਜ਼ੀ 28
- ਕੇਂਦਰੀ ਬਜਟ 2016-17 : ਸਿੱਖਿਆ ਖੇਤਰ ਲਈ ਵਿਵਸਥਾਵਾਂ – ਪ੍ਰੋਤਿਵਾ ਕੁੰਦੂ 31
- ਸਿਹਤ ਬਜਟ – ਉਰਮੀ ਏ ਗੋਸਵਾਮੀ 35
- ਰੇਲ ਬਜਟ 2016-17 ਦੀਆਂ ਝਲਕੀਆਂ – ਸ਼ਾਂਤੀ ਨਾਰਾਇਣ 39
- ਵਿੱਤੀ ਜ਼ੁੰਮੇਵਾਰੀ ਅਤੇ ਬਜਟ ਪ੍ਰਬੰਧਕੀ ਕਨੂੰਨ-2003 ਮਗਰੋਂ ਦਾ ਵਿਸ਼ਲੇਸ਼ਣ – ਅਮੀਆ ਕੇ ਮਹਾਪਾਤਰਾ 41



***ਯੋਜਨਾ*** **ਪੰਜਾਬੀ ਸਮੇਤ ਅਸਮੀਆ ਬਾਂਗਲਾ, ਅੰਗਰੇਜ਼ੀ, ਗੁਜਰਾਤੀ, ਕੰਨੜ, ਮਲਿਆਲਮ, ਮਰਾਠੀ, ਓਡੀਆ, ਤੇਲਗੂ ਤੇ ਉਰਦੂ ਭਾਸ਼ਾਵਾਂ ਵਿਚ ਵੀ ਪ੍ਰਕਾਸ਼ਿਤ ਕੀਤੀ ਜਾਂਦੀ ਹੈ। ਪੱਤ੍ਰਿਕਾ ਮੰਗਾਉਣ ਵਾਸਤੇ, ਨਵੀਂ ਮੈਂਬਰਸ਼ਿਪ, ਨਵਿਆਉਣ, ਪੁਰਾਣੇ ਅੰਕਾਂ ਦੀ ਪ੍ਰਾਪਤੀ ਤੇ ਏਜੰਸੀ ਆਦਿ ਲਈ ਮਨੀਆਰਡਰ/ਡੀਮਾਂਡ ਡ੍ਰਾਫਟ/ਪੋਸਟਲ ਆਰਡਰ 'ADG(i/c), Publications Division' ਦੇ ਨਾਂ 'ਤੇ ਬਣਵਾ ਕੇ ਹੇਠ ਲਿਖੇ ਪਤੇ 'ਤੇ ਭੇਜੋ। ਬਿਜ਼ਨਿਸ ਮੈਨੇਜਰ (ਸਰਕੂਲੇਸ਼ਨ ਤੇ ਵਿਗਿਆਪਨ) ਪ੍ਰਕਾਸ਼ਨ ਵਿਭਾਗ, ਕਮਰਾ ਨੰ: 48-53, ਸੂਚਨਾ ਭਵਨ, ਸੀ.ਜੀ.ਓ. ਕੰਪਲੈਕਸ, ਲੋਧੀ ਰੋਡ, ਨਵੀਂ ਦਿੱਲੀ-110003, ਫ਼ੋਨ-26100207, 26105590 ਤਾਰ: ਸੂਚਨਾਪ੍ਰਕਾਸ਼ਨ**

ਮੈਂਬਰ ਬਣਨ ਤੇ ਪੱਤ੍ਰਿਕਾ ਮੰਗਵਾਉਣ ਲਈ ਤੁਸੀਂ ਸਾਡੇ ਹੇਠਲੇ ਵਿੱਕਰੀ ਕੇਂਦਰਾਂ ਨਾਲ ਵੀ ਸੰਪਰਕ ਕਰ ਸਕਦੇ ਹੋ : • ਪ੍ਰਕਾਸ਼ਨ ਵਿਭਾਗ, ਸੂਚਨਾ ਭਵਨ, ਸੀ.ਜੀ.ਓ. ਕੰਪਲੈਕਸ, ਨਵੀਂ ਦਿੱਲੀ -110003 (ਫ਼ੋਨ. 24365610) • ਹਾਲ ਨੰ. 196, ਪੁਰਾਣਾ ਸਕੱਤਰੇਤ, ਦਿੱਲੀ – 110054 (ਫ਼ੋਨ.23890205) • 701, ਬੀ ਵਿੰਗ, ਸੱਤਵੀਂ ਮੰਜ਼ਿਲ, ਕੇਂਦਰੀ ਸਦਨ, ਬੇਲਾਪੁਰ, ਨਵੀਂ ਮੁੰਬਈ-400614 (ਫ਼ੋਨ. 27570686 • 8 ਐਸਪਲੇਨੇਡ ਈਸਟ, ਕੋਲਕਾਤਾ – 700069 (ਫ਼ੋਨ. 22488030) • ਏ ਵਿੰਗ, ਰਾਜਾਜੀ ਭਵਨ, ਬੇਸੈਂਟ ਨਗਰ, ਚੇਨੱਈ – 600090 (ਫ਼ੋਨ. 24917673) • ਪ੍ਰੈੱਸ ਰੋਡ, ਨੇੜੇ ਗੌਰਮਿੰਟ ਪ੍ਰੈੱਸ, ਤਿਰੂਵਾਨੰਤਪੁਰਮ 695001 (ਫ਼ੋਨ. 2330650) • ਬਲਾਕ ਨੰ. 4, ਗ੍ਰਹਿਕਲਪ ਕੰਪਲੈਕਸ, ਐਮ. ਜੀ. ਰੋਡ, ਨਾਮਪੱਲੀ, ਹੈਦਰਾਬਾਦ – 500001 (ਫ਼ੋਨ.24605383) • ਪ੍ਰਥਮ ਤਲ, 'ਐਫ' ਵਿੰਗ, ਕੇਂਦਰੀ ਸਦਨ, ਕੋਰਾਮੰਗਲਾ, ਬੰਗਲੋਰ – 560034 (ਫ਼ੋਨ. 25537244 • ਬਿਹਾਰ ਰਾਜ ਸਹਿਕਾਰੀ ਬੈਂਕ ਬਿਲਡਿੰਗ, ਅਸ਼ੋਕ ਰਾਜਪਥ, ਪਟਨਾ – 800004 (ਫ਼ੋਨ.2683407) • ਹਾਲ ਨੰ. 1, ਦੂਜੀ ਮੰਜ਼ਲ, ਕੇਂਦਰੀ ਭਵਨ, ਸੈਕਟਰ ਐੱਚ, ਅਲੀਗੰਜ, ਲਖਨਊ – 226024 (ਫ਼ੋਨ.2225455 • ਅੰਬਿਕਾ ਕੰਪਲੈਕਸ, ਪ੍ਰਥਮ ਤਲ, ਉਪਰ ਯੂਕੋ ਬੈਂਕ, ਪਾਲਦੀ, ਅਹਿਮਦਾਬਾਦ – 380007 (ਫ਼ੋਨ. 26588669) • ਕੇ.ਕੇ.ਬੀ ਰੋਡ, ਨਿਊ ਕਾਲੋਨੀ, ਹਾਊਸ ਨੰ. 7, ਚੇਨੀ ਕੁਥੀ, ਗੁਵਾਹਟੀ – 781003 (ਫ਼ੋਨ. 2665090)

**ਚੰਦਾ ਦਰਾਂ : 1 ਸਾਲ ਰੁ.100, 2 ਸਾਲ ਰੁ.180, 3 ਸਾਲ ਰੁ.250 – ਸਾਰਕ ਦੇਸ਼ਾਂ ਲਈ ਸਾਲਾਨਾ ਰੁ.530 ; ਯੂਰਪੀ ਤੇ ਹੋਰ ਦੇਸ਼ਾਂ ਲਈ ਸਾਲਾਨਾ ਰੁ.730.** ***ਯੋਜਨਾ*** **ਵਿਚ ਪ੍ਰਕਾਸ਼ਿਤ ਨਿਬੰਧਾਂ ਵਿਚ ਪ੍ਰਗਟਾਏ ਵਿਚਾਰ ਲੇਖਕਾਂ ਦੇ ਆਪਣੇ ਹਨ। ਜ਼ਰੂਰੀ ਨਹੀਂ ਕਿ ਉਹ ਲੇਖਕ ਭਾਰਤ ਸਰਕਾਰ ਦੇ ਜਿਨ੍ਹਾਂ ਮੰਤਰਾਲਿਆਂ, ਵਿਭਾਗਾਂ ਤੇ ਸੰਗਠਨਾਂ ਨਾਲ ਸੰਬੰਧਿਤ ਹਨ, ਉਨ੍ਹਾਂ ਦਾ ਵੀ ਇਹੀ ਦ੍ਰਿਸ਼ਟੀਕੋਨ ਹੋਵੇ। ਪੱਤ੍ਰਿਕਾ ਵਿਚ ਪ੍ਰਕਾਸ਼ਿਤ ਵਿਗਿਆਪਨਾਂ ਦੇ ਵਿਸ਼ਾ ਵਸਤੂ ਵਾਸਤੇ ਯੋਜਨਾ ਜਵਾਬਦੇਹ ਨਹੀਂ ਹੈ।**

# ਕੇਂਦਰੀ ਬਜਟ 2016-17 : ਖੇਤੀਬਾੜੀ ਲਈ ਹੁਲਾਰਾ

ਸੀ ਐੱਸ ਸੀ ਸ਼ੇਖਰ

ਖੇਤੀਬਾੜੀ ਅਤੇ ਦਿਹਾਤੀ ਵਿਕਾਸ ਦੀ ਗੱਲ ਕਰੀਏ ਤਾਂ 2016-17 ਦਾ ਕੇਂਦਰੀ ਬਜਟ ਉਤਸ਼ਾਹ ਵਧਾਊ ਹੈ। ਸਿੰਜਾਈ ਨਾਲ ਸਬੰਧਿਤ ਬਹੁਤ ਸਾਰੀਆਂ ਨਵੀਆਂ ਪਹਿਲਕਦਮੀਆਂ ਦਾ ਐਲਾਨ ਕੀਤਾ ਗਿਆ ਹੈ ਤਾਂ ਕਿ ਖੇਤੀਬਾੜੀ ਵਿਕਾਸ ਦੇ ਲੰਮੇ ਸਮੇਂ ਦੇ ਮੁੱਦੇ ਦਾ ਹੱਲ ਕੀਤਾ ਜਾ ਸਕੇ। ਪਿਛਲੇ ਲਗਾਤਾਰ ਦੋ ਸਾਲਾਂ ਤੋਂ ਸੋਕਾ ਪੈਣ ਕਾਰਨ ਇਹ ਬਜਟ ਖੇਤੀਬਾੜੀ ਖੇਤਰ ਦੀ ਸੁਸਤ ਕਾਰਗੁਜ਼ਾਰੀ ਦੀ ਪਿੱਠਭੂਮੀ ਵਿੱਚ ਪੇਸ਼ ਕੀਤਾ ਗਿਆ ਹੈ।

11ਵੀਂ ਪੰਜ ਸਾਲਾ ਯੋਜਨਾ ਦੌਰਾਨ ਉਤਸ਼ਾਹਜਨਕ ਕਾਰਗੁਜ਼ਾਰੀ ਉਪਰੰਤ ਖੇਤੀਬਾੜੀ ਵਿਕਾਸ ਖੜੋਤ ਦਾ ਸ਼ਿਕਾਰ ਹੋ ਗਿਆ। 2012-13 ਵਿੱਚ ਵਿਕਾਸ ਦਰ 1.5 ਪ੍ਰਤਿਸ਼ਤ ਸੀ ਜੋ ਅਗਲੇ ਦੋ ਸਾਲਾਂ ਦੌਰਾਨ 4.2 ਪ੍ਰਤਿਸ਼ਤ ਅਤੇ -0.2 ਪ੍ਰਤਿਸ਼ਤ ਹੋ ਗਈ। ਸੀ ਐੱਸ ਓ ਦੇ ਹਾਲੀਆ ਅਨੁਮਾਨ ਇਹ ਸੰਕੇਤ ਕਰਦੇ ਹਨ ਕਿ 1.1 ਪ੍ਰਤਿਸ਼ਤ ਅਨੁਮਾਨਿਤ ਵਿਕਾਸ ਦਰ ਨਾਲ 2015-16 ਮਾਮੂਲੀ ਜਿਹਾ ਬੇਹਤਰ ਹੋਵੇਗਾ। ਦੋ ਸਾਲ ਲਗਾਤਾਰ ਸੋਕੇ ਦੇ ਬਾਵਜੂਦ ਵੀ ਢਾਂਚਾਗਤ ਸਮੱਸਿਆਵਾਂ ਜਿਵੇਂ ਸਿੰਜਾਈ, ਨਿਵੇਸ਼ ਪ੍ਰਦਾਨ ਕਰਨਾ ਅਤੇ ਬਜ਼ਾਰੀਕਰਨ ਇਸ ਖੜੋਤ ਲਈ ਜ਼ਿੰਮੇਵਾਰ ਹਨ। ਮੌਜੂਦਾ ਬਜਟ ਵਿੱਚ ਖੇਤੀ ਖੇਤਰ ਨੂੰ ਪੇਸ਼ ਲੰਮੇ ਸਮੇਂ ਤੋਂ ਚਲੀਆਂ ਆ ਰਹੀਆਂ ਕੁੱਝ ਮੁਸ਼ਕਲਾਂ ਦੇ ਹੱਲ ਦਾ ਯਤਨ ਕੀਤਾ ਗਿਆ ਹੈ। ਪ੍ਰਸਤਾਵਿਤ ਹਾਂ-ਪੱਖੀ ਪਹਿਲਕਦਮੀਆਂ ਸਿੰਜਾਈ, ਪੇਂਡੂ ਬੁਨਿਆਦੀ ਢਾਂਚਾ ਅਤੇ ਬਜ਼ਾਰੀਕਰਨ ਨਾਲ ਸਬੰਧਿਤ ਹਨ। ਬਜਟ ਵੰਡ ਦੇ ਹਾਂ-ਪੱਖੀ ਅਸਰ ਕੁੱਲ ਖੇਤੀ ਵਿਕਾਸ, ਅਨਾਜ ਉਤਪਾਦਨ, ਅਤੇ ਅਨਾਜ ਮਹਿੰਗਾਈ ਦਰ ਦੇ ਸੰਦਰਭ ਵਿੱਚ ਖੜੋਤ ਵਾਲੀ ਖੇਤੀ ਵਿਕਾਸ ਦਰ ਅਤੇ ਧੀਮੇ ਅਨਾਜ ਉਤਪਾਦਨ ਦੀਆਂ ਸਮੱਸਿਆਵਾਂ ਨਾਲ ਦੋ-ਚਾਰ ਹੋਣਾ ਪਿਆ। 1997-98 ਤੋਂ 2004-05 ਦੌਰਾਨ ਖੇਤੀਬਾੜੀ ਕੁੱਲ ਘਰੇਲੂ ਉਤਪਾਦ ਦੀ ਵਿਕਾਸ ਦਰ ਸਾਲਾਨਾ ਔਸਤਨ ਸਿਰਫ਼ 2.2 ਪ੍ਰਤਿਸ਼ਤ ਸੀ। ਇਹ ਲਗਭਗ ਹਰੀ ਕ੍ਰਾਂਤੀ ਤੋਂ ਪਹਿਲਾਂ ਦੀ ਵਿਕਾਸ ਦਰ ਦੇ ਬਰਾਬਰ ਹੀ ਹੈ। ਅਨਾਜ ਦਾ ਉਤਪਾਦਨ ਵੀ ਤੇਜ਼ੀ ਨਾਲ ਹੇਠਾਂ ਡਿੱਗਿਆ। ਇਸ ਭਿਆਨਕ ਹਾਲਤ ਦਾ ਕਾਰਨ ਜ਼ਿਆਦਾਤਰ ਖੇਤੀ ਖੇਤਰ ਅੰਦਰ ਪੂੰਜੀ ਨਿਵੇਸ਼ ਵਿੱਚ ਲਗਾਤਾਰ ਗਿਰਾਵਟ ਸੀ, ਜਿਸ ਨੂੰ ਖੇਤੀ ਮੁਨਾਫੇ ਵਿੱਚ ਕਮੀ ਕਾਰਨ ਘੱਟ ਹੋਏ ਨਿਵੇਸ਼ ਨੇ ਹੋਰ ਵੀ ਬਦਹਾਲ ਕਰ ਦਿੱਤਾ। ਇਸ ਹਲਾਤ ਨੂੰ ਮੋੜ ਪੈਣ ਦੇ ਸੰਕੇਤ 2005-06 ਵਿੱਚ ਆਏ ਜਦੋਂ ਹਾਂ-ਪੱਖੀ ਸਰਕਾਰੀ ਯਤਨਾਂ ਦੀ ਮਦਦ ਨਾਲ ਨਿਵੇਸ਼ ਵਿੱਚ ਸੁਧਾਰ ਆਇਆ। ਇਸ ਦੇ ਸਿੱਟੇ ਵਜੋਂ 2007-08 ਵਿੱਚ ਜਾਰੀ ਕੀਤੇ ਕੁੱਝ ਪ੍ਰੋਗਰਾਮਾਂ ਨੇ ਵਿਕਾਸ ਦੀ ਗਤੀ ਨੂੰ ਬਣਾਈ ਰੱਖਣ ਅਤੇ ਹੋਰ ਤੇਜ਼ ਕਰਨ ਵਿੱਚ ਮਦਦ ਕੀਤੀ। ਖੇਤੀਬਾੜੀ ਵਿੱਚ ਰਾਜਾਂ ਦੁਆਰਾ ਨਿਵੇਸ਼ ਵਧਾਉਣ (ਆਰ ਕੇ ਵੀ ਵਾਈ) ਅਤੇ ਅਨਾਜ ਉਤਪਾਦਨ ਵਿੱਚ ਮਿੱਥੇ ਵਾਧੇ (ਐੱਨ ਐੱਫ ਐੱਸ ਐੱਮ) ਨੇ ਇਸ ਪ੍ਰਕਿਰਿਆ ਵਿੱਚ ਸਹਾਇਤਾ ਕੀਤੀ। ਇਨ੍ਹਾਂ ਪ੍ਰੋਗਰਾਮਾਂ ਨੇ ਪਿਛਲੇ ਕੁੱਝ ਸਾਲਾਂ ਦੌਰਾਨ ਖੇਤੀਬਾੜੀ ਵਿਕਾਸ ਕਾਰਗੁਜ਼ਾਰੀ ਵਿੱਚ ਸੁਧਾਰ ਕਰਨ ਵਿੱਚ ਸਹਾਇਤਾ ਕੀਤੀ। ਪਰ ਉਤਪਾਦਨ ਦੀ ਗ਼ੈਰ-ਯਕੀਨੀ ਅਤੇ ਬਜ਼ਾਰੀਕਰਨ ਦੀਆਂ ਅੜਚਨਾਂ ਹਲੇ ਵੀ ਇਸ ਖੇਤਰ ਦੇ ਰਾਹ ਦਾ ਰੋੜਾ ਬਣੇ ਹੋਏ ਹਨ। ਮੌਜੂਦਾ ਬਜਟ ਵਿੱਚ ਲਮੇਂ ਸਮੇਂ ਤੋਂ ਚਲੇ ਆ ਰਹੇ ਇਨ੍ਹਾਂ ਮੁੱਦਿਆਂ ਦੇ ਹੱਲ ਦਾ ਯਤਨ ਕੀਤਾ ਗਿਆ ਹੈ।

### ਸਿੰਜਾਈ

ਭਾਰਤੀ ਖੇਤੀਬਾੜੀ ਨੂੰ ਪੇਸ਼ ਸਭ ਤੋਂ ਵੱਡੀ ਸਮੱਸਿਆ ਮਾਨਸੂਨ ਉਤੇ ਹੱਦੋਂ ਵੱਧ ਨਿਰਭਰਤਾ ਹੈ। ਫ਼ਸਲਾਂ ਹੇਠਲਾ ਦੇਸ਼ ਦਾ ਲਗਭਗ 45 ਪ੍ਰਤਿਸ਼ਤ ਖੇਤਰ ਹੀ ਸਿੰਜਾਈ ਅਧੀਨ ਹੈ, ਜਿਸ ਕਾਰਨ ਵੱਡੇ ਪੱਧਰ ਉਤੇ ਉਤਪਾਦਨ ਦੀ ਗ਼ੈਰ-ਯਕੀਨੀ ਬਣ ਜਾਂਦੀ ਹੈ। ਇਸ ਬਜਟ ਵਿੱਚ 'ਪ੍ਰਧਾਨ ਮੰਤਰੀ ਕ੍ਰਿਸ਼ੀ ਸਿੰਜਾਈ ਯੋਜਨਾ' (ਪੀ ਐੱਮ ਕੇ ਐੱਸ ਵਾਈ) ਤਹਿਤ ਇਸ ਮੁੱਦੇ ਦੇ ਵਿਆਪਕ ਹੱਲ ਦੀ ਕੋਸ਼ਿਸ਼ ਕੀਤੀ ਗਈ ਹੈ। ਸਿੰਜਾਈ ਦਾ ਇਹ ਪ੍ਰਮੁੱਖ ਪ੍ਰੋਗਰਾਮ, ਜਿਸ ਲਈ 17000 ਕਰੋੜ ਰੁਪਏ ਰਾਖਵੇਂ ਕੀਤੇ ਗਏ ਹਨ, ਦਾ ਮੰਤਵ 28 ਲੱਖ ਹੈਕਟੇਅਰ ਨਵੇਂ ਖੇਤਰ ਨੂੰ ਸਿੰਜਾਈ ਹੇਠ ਲਿਆਉਣਾ ਹੈ। 89 ਬੰਦ ਪਈਆਂ ਸਿੰਜਾਈ ਸਕੀਮਾਂ ਨੂੰ 'ਤੀਬਰ ਸਿੰਜਾਈ ਲਾਭ ਪ੍ਰੋਗਰਾਮ' ਤਹਿਤ ਪੁਨਰ ਸੁਰਜੀਤ ਕਰਨ ਦੀ ਵੀ ਤਜਵੀਜ਼ ਹੈ ਜਿਸ ਨਾਲ 81 ਲੱਖ ਹੈਕਟੇਅਰ ਰਕਬੇ ਨੂੰ ਫਾਇਦਾ ਪੁੱਜਣ ਦੀ ਉਮੀਦ ਹੈ। 6000 ਕਰੋੜ ਰੁਪਏ ਦੀ ਲਾਗਤ ਨਾਲ ਧਰਤੀ ਹੇਠਲੇ ਜਲ ਸਰੋਤਾਂ ਦੀ ਸੰਭਾਲ ਕਰਨ ਦੀ ਵੀ ਤਜਵੀਜ਼ ਹੈ। ਖੇਤਾਂ ਵਿਚਲੇ ਛੱਪੜਾਂ, ਵਿੱਚ ਸੁਧਾਰ, ਖੂਹਾਂ ਵਿੱਚੋਂ ਗਾਰ ਕੱਢਣ, ਨਵੇਂ ਖੂਹ ਬਣਾਉਣ ਆਦਿ ਪੂਰਕ ਪ੍ਰੋਗਰਾਮ ਵੀ ਮਗਨਰੇਗਾ (ਮਹਾਤਮਾ ਗਾਂਧੀ ਰਾਸ਼ਟਰੀ ਦਿਹਾਤੀ ਰੁਜ਼ਗਾਰ ਜ਼ਾਮਨੀ ਸਕੀਮ) ਤਹਿਤ ਚਲਾਏ ਜਾਣ ਦਾ ਪ੍ਰੋਗਰਾਮ ਹੈ। ਲੰਮੇ ਸਮੇਂ ਦੇ ਪ੍ਰਸਤਾਵਿਤ 25,000 ਕਰੋੜ ਦੇ ਸਿੰਜਾਈ ਫੰਡ ਦੇ ਨਾਲ ਹੀ ਇਹ ਸਾਰੀਆਂ ਪਹਿਲਕਦਮੀਆਂ ਖੇਤੀਬਾੜੀ ਵਿਕਾਸ ਲਈ ਯਕੀਨੀ ਤੌਰ ਤੇ ਲਾਹੇਵੰਦ ਸਾਬਤ ਹੋਣਗੀਆਂ।

### ਕਰਜ਼ਾ ਅਤੇ ਬੀਮਾ

ਖੇਤੀਬਾੜੀ ਵਿੱਚ ਕਰਜ਼ੇ ਦੀ ਰੁਕਾਵਟ/ਮਜਬੂਰੀ ਇਕ ਪ੍ਰਮੁੱਖ ਅੜਿੱਕਾ ਹੈ। ਬੇਸ਼ੱਕ ਖੇਤੀ ਕਰਜ਼ੇ ਦਾ ਖੇਤੀ ਕੁੱਲ ਘਰੇਲੂ ਉਤਪਾਦ ਔਸਤ 1999-2000 ਦੇ 10 ਪ੍ਰਤਿਸ਼ਤ ਤੋਂ ਵਧ ਕੇ 2012-13 ਵਿੱਚ 38 ਪ੍ਰਤਿਸ਼ਤ ਹੋ ਗਿਆ ਹੈ, ਪਰ ਪਿਛਲੇ

ਸਾਲਾਂ ਵਿੱਚ ਲੰਮੀ ਮਿਆਦ ਦੇ ਕਰਜ਼ਿਆਂ ਦੀ ਹਿੱਸੇਦਾਰੀ ਵਿੱਚ ਵੱਡੀ ਗਿਰਾਵਟ ਆਈ ਹੈ। 2006-07 ਵਿੱਚ ਇਹ 55 ਪ੍ਰਤਿਸ਼ਤ ਸੀ ਜੋ 2011-12 ਵਿੱਚ ਘਟ ਕੇ 39 ਪ੍ਰਤਿਸ਼ਤ ਰਹਿ ਗਈ। ਇਸ ਖੇਤਰ ਦੇ ਲੰਮੇ ਸਮੇਂ ਦੇ ਹਿਤਾਂ ਖਾਤਰ ਇਸ ਰੁਝਾਨ ਨੂੰ ਰੋਕਣ ਦੀ ਜ਼ਰੂਰਤ ਹੈ। ਸ਼ਾਇਦ ਇਸੇ ਉਦੇਸ਼ ਨਾਲ ਹੀ ਵਰਤਮਾਨ ਬਜਟ ਵਿੱਚ ਖੇਤੀਬਾੜੀ ਕਰਜ਼ੇ ਦਾ ਟੀਚਾ 8.5 ਲੱਖ ਕਰੋੜ ਤੋਂ ਵਧਾ ਕੇ 9 ਲੱਖ ਕਰੋੜ ਕਰ ਦਿੱਤਾ ਗਿਆ ਹੈ। ਇਸ ਦੇ ਨਾਲ ਹੀ ਕਿਸਾਨਾਂ ਨੂੰ ਵਿਆਜ ਸਬਸਿਡੀ ਦੇ ਰੂਪ ਵਿੱਚ ਰਾਹਤ ਪ੍ਰਦਾਨ ਕਰਨ ਲਈ 15000 ਕਰੋੜ ਰੁਪਏ ਦਾ ਪ੍ਰਾਵਧਾਨ ਕੀਤਾ ਗਿਆ ਹੈ। ਪਰ, ਇਹ ਸਾਰਾ ਕੁੱਝ ਅਸਲ ਵਾਹੀਵਾਨਾਂ ਦੀ ਕਰਜ਼ੇ ਤੱਕ ਪਹੁੰਚ ਉਤੇ ਨਿਰਭਰ ਕਰੇਗਾ ਜੋ ਜ਼ਮੀਨ ਦੇ ਕਾਨੂੰਨੀ ਹੱਕ ਜਾਂ ਰਸਮੀ ਕਾਸ਼ਤ ਉਤੇ ਨਿਰਭਰ ਕਰਦਾ ਹੈ। ਮੌਸਮ ਦੇ ਮਿਜਾਜ਼ ਕਾਰਨ ਹੋਣ ਵਾਲਾ ਫ਼ਸਲੀ ਨੁਕਸਾਨ ਕਿਸਾਨਾਂ ਲਈ ਮਾਰੂ ਸਾਬਤ ਹੁੰਦਾ ਹੈ। ਹਾਲ ਹੀ ਵਿੱਚ ਇਸ ਸਮੱਸਿਆ ਨਾਲ ਨਜਿੱਠਣ ਲਈ ਇਕ ਸੁਧਰੀ ਹੋਈ ਬੀਮਾ ਸਕੀਮ ਦਾ ਐਲਾਨ ਕੀਤਾ ਗਿਆ ਹੈ (ਪੀ ਐੱਮ ਐੱਫ ਬੀ ਵਾਈ ਜਾਂ ਪ੍ਰਧਾਨ ਮੰਤਰੀ ਫ਼ਸਲ ਬੀਮਾ ਯੋਜਨਾ)। ਇਸ ਨਵੀਂ ਫ਼ਸਲ ਬੀਮਾ ਯੋਜਨਾ ਲਈ 5500 ਕਰੋੜ ਰੁਪਏ ਰਾਖਵੇਂ ਕੀਤੇ ਗਏ ਹਨ। ਇਸ ਸਕੀਮ ਦਾ ਉਦੇਸ਼ ਫ਼ਸਲਾਂ ਖਰਾਬ ਹੋਣ ਦੀ ਹਾਲਤ ਵਿੱਚ, ਘੱਟ ਪ੍ਰੀਮੀਅਮ ਤੇ ਬੀਮਾ ਸਹੂਲਤਾਂ ਪ੍ਰਦਾਨ ਕਰਨਾ ਹੈ ਜੋ ਅਨਾਜ ਅਤੇ ਤੇਲ ਬੀਜਾਂ ਲਈ 2 ਪ੍ਰਤਿਸ਼ਤ ਅਤੇ ਬਾਗ਼ਬਾਨੀ ਫ਼ਸਲਾਂ ਤੇ ਕਪਾਹ ਲਈ 5 ਪ੍ਰਤਿਸ਼ਤ ਹੋਵੇਗਾ। ਇਸ ਸਕੀਮ ਦਾ ਵਿਸ਼ੇਸ਼ ਪੱਖ ਇਹ ਹੈ ਕਿ ਪ੍ਰੀਮੀਅਮ ਤੇ ਕੋਈ ਸੀਮਾ ਨਿਰਧਾਰਤ ਨਹੀਂ ਕੀਤੀ ਗਈ, ਜਿਸ ਕਰਕੇ ਬੀਮੇ ਦੀ ਰਕਮ ਵਿੱਚ ਕੋਈ ਕਟੌਤੀ ਨਹੀਂ ਹੋਵੇਗੀ। ਖਾਦਾਂ ਦੀ ਸਬਸਿਡੀ ਸਿੱਧੀ ਖਪਤਕਾਰਾਂ ਦੇ ਬੈਂਕ ਖਾਤਿਆਂ ਵਿੱਚ ਤਬਦੀਲ ਕਰਨ ਲਈ ਇਕ ਮੋਹਰੀ ਪ੍ਰਾਜੈਕਟ ਦਾ ਪ੍ਰਸਤਾਵ ਕੀਤਾ ਗਿਆ ਹੈ। ਇਹ ਸਾਰੇ ਹਾਂ-ਪੱਖੀ ਕਦਮ ਹਨ ਪਰ ਅਸਲ ਅਮਲ ਭੂਮੀ ਤੇ ਰਸਮੀ ਹੱਕ ਜਾਂ ਕਾਸ਼ਤਕਾਰੀ ਦੀ ਕਿਸਮ ਉਤੇ ਨਿਰਭਰ ਕਰਦਾ ਹੈ। ਇਸ ਮਸਲੇ ਨੂੰ ਅਸੀਂ ਬਾਅਦ ਵਿੱਚ ਵਿਸਥਾਰਪੂਰਵਕ ਚਰਚਾ ਹੇਠ ਲਿਆਵਾਂਗੇ।

## ਖਰੀਦ, ਵੰਡ ਅਤੇ ਬਜ਼ਾਰੀਕਰਨ

ਇਕ ਦਿਲਚਸਪ ਪ੍ਰਸਤਾਵ ਜ਼ਿਆਦਾ ਰਾਜਾਂ ਨੂੰ ਆਨਲਾਈਨ ਖਰੀਦ ਰਾਹੀਂ, ਪਾਰਦਰਸ਼ੀ ਤੰਤਰ ਨਾਲ ਵਿਕੇਂਦਰੀਕ੍ਰਿਤ ਖਰੀਦ ਲਈ ਉਤਸ਼ਾਹਿਤ ਕਰਨ ਦਾ ਹੈ। ਖਰੀਦ ਰਾਹੀਂ ਦਾਲਾਂ ਦਾ ਵਾਧੂ ਭੰਡਾਰ ਬਣਾਉਣ ਦਾ ਵੀ ਪ੍ਰਸਤਾਵ ਹੈ। ਦੇਸ਼ ਵਿੱਚ ਮੌਜੂਦ ਕੁੱਲ 5.35 ਲੱਖ ਉਚਿਤ ਦਰ ਦੀਆਂ ਦੁਕਾਨਾਂ ਵਿੱਚੋਂ 3 ਲੱਖ ਦੁਕਾਨਾਂ ਨੂੰ ਸਵੈਚਾਲਿਤ ਕਰਨ ਦਾ ਵੀ ਇਕ ਪ੍ਰਸਤਾਵ ਹੈ। ਐਗਰੀ-ਟੈੱਕ ਇਨਫਰਾਸਟ੍ਰਕਚਰ ਫੰਡ (ਏ ਆਈ ਟੀ ਐੱਫ) ਰਾਹੀਂ ਰਾਸ਼ਟਰੀ ਖੇਤੀਬਾੜੀ ਬਾਜ਼ਾਰ (ਐੱਨ ਏ ਐੱਮ) ਸਥਾਪਤ ਕਰਨ ਦੀ ਸਕੀਮ ਨੂੰ ਜੁਲਾਈ 2015 ਵਿੱਚ ਵਜ਼ਾਰਤ ਵਲੋਂ ਮਨਜ਼ੂਰ ਕੀਤਾ ਗਿਆ ਸੀ। ਇਸ ਵਾਸਤੇ 200 ਕਰੋੜ ਰੁਪਏ ਰਾਖਵੇਂ ਰੱਖੇ ਗਏ ਹਨ। ਵਰਤਮਾਨ ਬਜਟ ਵਿੱਚ 585 ਨਿਯਮਤ ਬਜ਼ਾਰਾਂ ਨੂੰ ਇਸ ਸਕੀਮ ਅਧੀਨ ਜੋੜਨ ਦਾ ਪ੍ਰਸਤਾਵ ਹੈ। ਪਰ ਇਸ ਦੇ ਰਾਹ ਵਿੱਚ ਕਈ ਅੜਿੱਕੇ ਵੀ ਹਨ। ਇਸ ਨੂੰ ਲਾਗੂ ਕਰਨ ਵਾਸਤੇ ਸਾਰੇ ਰਾਜਾਂ ਨੂੰ ਆਪਣੇ-ਆਪਣੇ ਖੇਤੀ ਉਤਪਾਦ ਬਜ਼ਾਰੀਕਰਨ ਕਮੇਟੀ ਐਕਟ (ਏ ਪੀ ਐੱਮ ਸੀ) ਵਿੱਚ ਬਦਲਾਅ ਕਰਨੇ ਹੋਣਗੇ। ਇਸ ਲਈ ਸਾਰੇ ਰਾਜਾਂ ਵਿੱਚ ਇਕਹਿਰੀ ਖਿੜਕੀ ਦੀ ਲਾਇਸੰਸ ਪ੍ਰਣਾਲੀ ਬਣਾਉਣੀ ਹੋਵੇਗੀ ਜੋ ਮਾਰਕੀਟ ਫੀਸ ਵਸੂਲ ਕਰਨ ਅਤੇ ਕੀਮਤਾਂ ਵੇਖਣ ਲਈ ਇਲੈਕਟ੍ਰਾਨਿਕ ਨਿਲਾਮੀ ਪ੍ਰਣਾਲੀ ਪ੍ਰਦਾਨ ਕਰਨ ਦਾ ਇੱਕੋ-ਇੱਕ ਬਿੰਦੂ ਹੋਵੇਗਾ। ਮੌਜੂਦਾ ਸਮੇਂ ਸਿਰਫ਼ 12 ਰਾਜਾਂ ਨੇ ਹੀ ਏ ਪੀ ਐੱਮ ਸੀ ਐਕਟ ਵਿੱਚ ਬਦਲਾਅ ਕੀਤਾ ਹੈ। ਇਸ ਸਕੀਮ ਨੂੰ ਪੂਰੀ ਤਰ੍ਹਾਂ ਲਾਗੂ ਕਰਨ ਲਈ ਬਾਕੀ ਰਾਜਾਂ ਵਲੋਂ ਤੇਜ਼ੀ ਨਾਲ ਕਾਰਵਾਈ ਕਰਨ ਦੀ ਲੋੜ ਹੈ। ਭਾਰਤ ਦੇ ਬਾਗ਼ਬਾਨੀ ਖੇਤਰ ਨੂੰ ਪੇਸ਼ ਇਕ ਵੱਡੀ ਸਮੱਸਿਆ ਕਟਾਈ ਤੋਂ ਬਾਅਦ ਹੋਣ ਵਾਲੀ ਬਰਬਾਦੀ ਦੀ ਹੈ। ਇਕ ਅੰਦਾਜ਼ੇ ਮੁਤਾਬਕ ਭਾਰਤ ਵਿੱਚ ਫਲਾਂ ਦੇ ਕੁੱਲ ਉਤਪਾਦਨ ਦਾ ਲਗਭਗ 20-22 ਪ੍ਰਤਿਸ਼ਤ ਕਟਾਈ ਤੋਂ ਬਾਅਦ ਵੱਖ-ਵੱਖ ਪੱਧਰਾਂ ਉਤੇ ਖਰਾਬ ਹੋ ਜਾਂਦਾ ਹੈ (ਏ ਪੀ ਈ ਡੀ ਏ, 2007)। ਹਾਲੀਆ ਅੰਦਾਜ਼ੇ ਵੀ ਦਰਸਾਉਂਦੇ ਹਨ ਕਿ ਫਲਾਂ ਤੇ ਸਬਜ਼ੀਆਂ ਦੀ 15 ਪ੍ਰਤਿਸ਼ਤ ਤੱਕ ਬਰਬਾਦੀ ਹੋ ਜਾਂਦੀ ਹੈ (ਆਰਥਿਕ ਸਰਵੇਖਣ 2015-16, ਜਿਲਦ 2, ਪੰਨਾ 115)। ਬਰਬਾਦੀ ਦੀ ਮਾਤਰਾ ਬਹੁਤ ਜ਼ਿਆਦਾ ਹੈ ਜਿਸ ਨੂੰ ਹੇਠਾਂ ਲਿਆਉਣ ਦੀ ਜ਼ਰੂਰਤ ਹੈ। ਭਾਰਤ ਵਿੱਚ ਬਣੇ ਫਲ ਉਤਪਾਦਾਂ ਦੇ ਉਤਪਾਦਨ ਦੇ ਬਜ਼ਾਰੀਕਰਨ ਵਿੱਚ 100 ਪ੍ਰਤਿਸ਼ਤ ਸਿੱਧੇ ਵਿਦੇਸ਼ੀ ਨਿਵੇਸ਼ ਦੀ ਆਗਿਆ ਦੇਣ ਦਾ ਫੈਸਲਾ ਫੂਡ ਪ੍ਰਾਸੈਸਿੰਗ ਉਦਯੋਗ ਨੂੰ ਵੱਡਾ ਹੁਲਾਰਾ ਦੇਵੇਗਾ ਜਿਸ ਨਾਲ ਕਟਾਈ ਤੋਂ ਬਾਅਦ ਹੋਣ ਵਾਲੀ ਬਰਬਾਦੀ ਨੂੰ ਕਿਸੇ ਹੱਦ ਤੱਕ ਘੱਟ ਕੀਤਾ ਜਾ ਸਕੇਗਾ।

## ਪੇਂਡੂ ਵਿਕਾਸ

ਪੇਂਡੂ ਵਿਕਾਸ ਲਈ ਕੁੱਲ ਫੰਡ ਨੂੰ ਵਧਾ ਕੇ 87,765 ਕਰੋੜ ਰੁਪਏ ਕਰ ਦਿੱਤਾ ਗਿਆ ਹੈ ਜਿਸ ਵਿੱਚੋਂ 38,500 ਕਰੋੜ ਰੁਪਏ ਮਗਨਰੇਗਾ ਲਈ ਵੰਡੇ ਗਏ ਹਨ। ਹੁਣ ਤੱਕ, ਪੇਂਡੂ ਖੇਤਰ ਲਈ ਸਭ ਤੋਂ ਵੱਡੀ ਵੰਡ ਗ੍ਰਾਮ ਪੰਚਾਇਤਾਂ ਅਤੇ ਨਗਰ ਨਿਗਮਾਂ ਲਈ ਅਨੁਦਾਨ ਸਹਾਇਤਾ ਦੇ ਰੂਪ ਵਿੱਚ ਆਉਂਦੀ ਹੈ ਜੋ 2.87 ਲੱਖ ਕਰੋੜ ਰੁਪਏ ਦੇ ਲਗਭਗ ਬਣਦੀ ਹੈ। ਹਰੇਕ ਗ੍ਰਾਮ ਪੰਚਾਇਤ ਨੂੰ ਇਸ ਵਿੱਚੋਂ ਲਗਭਗ 80 ਲੱਖ ਰੁਪਏ ਪ੍ਰਾਪਤ ਹੋਣਗੇ, ਜੋ ਕਾਫੀ ਹਨ। ਪ੍ਰਧਾਨ ਮੰਤਰੀ ਗ੍ਰਾਮੀਣ ਸੜਕ ਯੋਜਨਾ ਅਧੀਨ ਪੇਂਡੂ ਸੜਕਾਂ ਲਈ ਵਧਾਈ ਗਈ ਵੰਡ ਸਹੀ ਦਿਸ਼ਾ ਵਿੱਚ ਚੁੱਕਿਆ ਕਦਮ ਹੈ। ਪੇਂਡੂ ਗ਼ੈਰ-ਖੇਤੀ ਖੇਤਰ ਆਮ ਕਰਕੇ ਅਤੇ ਪੇਂਡੂ ਨਿਰਮਾਣ, ਆਵਾਜਾਈ ਅਤੇ ਸੇਵਾਵਾਂ ਖ਼ਾਸ ਕਰਕੇ, ਹਾਲੀਆ ਸਮੇਂ ਵਿੱਚ ਪੇਂਡੂ ਗ਼ੈਰ-ਖੇਤੀ ਰੁਜ਼ਗਾਰ ਦੇ ਮੁੱਖ ਸਰੋਤ ਰਹੇ ਹਨ। ਵੰਡ ਵਿੱਚ ਵਾਧਾ ਕਰਨ ਦਾ ਪਿੰਡਾਂ ਦੇ ਗ਼ੈਰ-ਖੇਤੀ ਖੇਤਰ ਵਿੱਚ ਖਰਚ 'ਤੇ ਹਾਂ-ਪੱਖੀ ਪ੍ਰਭਾਵ ਪਵੇਗਾ ਜਿਸ ਦਾ ਦਿਹਾਤੀ ਰੁਜ਼ਗਾਰ ਉਤੇ ਹਾਂ-ਪੱਖੀ ਪ੍ਰਭਾਵ ਪਵੇਗਾ।

## ਬਜਟ ਵਿੱਚ ਕਮੀਆਂ

ਇਹ ਬਜਟ ਮੁੱਖ ਤੌਰ ਤੇ ਹੇਠ ਲਿਖੇ ਪੱਖਾਂ ਤੋਂ ਆਸਾਂ ਉਤੇ ਪੂਰਾ ਨਹੀਂ ਉੱਤਰਦਾ। ਪਹਿਲਾ, ਰਾਜਾਂ ਨੂੰ ਖੇਤੀ ਖੇਤਰ ਵਿੱਚ ਨਿਵੇਸ਼ ਲਈ ਉਤਸ਼ਾਹਿਤ ਕਰਨ ਨਾਲ ਸਬੰਧਿਤ ਹੈ। ਆਖਰ ਖੇਤੀਬਾੜੀ ਰਾਜ ਦਾ ਵਿਸ਼ਾ ਹੈ ਅਤੇ ਇਸ ਖੇਤਰ ਵਿੱਚ ਵਿਕਾਸ ਹਾਸਲ ਕਰਨ ਲਈ ਰਾਜਾਂ ਨੂੰ ਨਿਵੇਸ਼ ਵਧਾਉਣਾ ਪਵੇਗਾ। ਪਿਛਲੇ ਸਾਲਾਂ ਦੌਰਾਨ ਖੇਤੀ ਅੰਦਰ ਨਿਵੇਸ਼ ਸਪੱਸ਼ਟ ਤੌਰ ਤੇ ਘਟਿਆ ਹੈ। ਖੇਤੀਬਾੜੀ ਵਿੱਚ ਕੁੱਲ ਜੋੜੀ ਗਈ ਕੀਮਤ ਦਾ ਪ੍ਰਤਿਸ਼ਤ 2011-12 ਦੇ 18.3 ਪ੍ਰਤਿਸ਼ਤ ਤੋਂ ਘਟ ਕੇ 2014-15 ਵਿੱਚ 15 ਪ੍ਰਤਿਸ਼ਤ ਉਤੇ ਆ ਗਿਆ ਹੈ। ਪਿਛਲੇ ਕੁੱਝ ਸਾਲਾਂ ਦੌਰਾਨ ਨਿਵੇਸ਼ ਵਿੱਚ ਵੱਡੀ ਗਿਰਾਵਟ 2004-05 ਵਿਚ

*ਬਾਕੀ ਸਫ਼ਾ 11 ਉੱਤੇ*

# ਬੁਨਿਆਦੀ ਢਾਂਚੇ ਦੀ ਵਿਵਸਥਾ : ਲਾਗੂ ਕਰਨ ਦੀਆਂ ਚੁਨੌਤੀਆਂ ਨਾਲ ਰਣਨੀਤਕ

ਜੀ ਰਘੂਰਾਮ

## ਜਾਣ-ਪਛਾਣ

ਕੇਂਦਰੀ ਬਜਟ 2016-17 ਦੇਸ਼ ਵਿੱਚ ਬੁਨਿਆਦੀ ਢਾਂਚੇ ਦੇ ਵਿਕਾਸ ਲਈ ਸਹੀ ਦਿਸ਼ਾ ਵੱਲ ਕਦਮ ਹੈ। ਕੇਂਦਰ ਬਜਟ ਦੇ ਹਿੱਸੇ ਵਜੋਂ 2.2 ਟ੍ਰਿਲੀਅਨ (220,000 ਕਰੋੜ) ਰੁਪਏ ਦੀ ਵਿਵਸਥਾ ਬਹੁਤ ਵਧੀਆ ਹੈ। ਸਭ ਤੋਂ ਵੱਧ 70,000 ਕਰੋੜ ਰੁਪਏ, ਰਾਸ਼ਟਰੀ ਰਾਜਮਾਰਗਾਂ ਉਤੇ ਖਰਚ ਕੀਤਾ ਜਾਵੇਗਾ ਜਿਸ ਵਿੱਚੋਂ 15000 ਕਰੋੜ ਰੁਪਏ ਬਾਂਡ ਦੁਆਰਾ ਇਕੱਠੇ ਕੀਤੇ ਜਾਣਗੇ।

ਬੁਨਿਆਦੀ ਢਾਂਚੇ ਦੇ ਦੂਜੇ ਖੇਤਰਾਂ ਲਈ ਵਿਵਸਥਾ ਦੇ ਮਾਮਲੇ ਵਿੱਚ ਇਹ ਸਪੱਸ਼ਟ ਨਹੀਂ ਹੈ ਕਿ ਕਿੰਨੇ ਅੰਕੜੇ ਦੱਸੇ ਗਏ ਹਨ, ਘੱਟੋ-ਘੱਟ ਮੀਡੀਆ ਵਿੱਚ ਤਾਂ ਨਹੀਂ। ਕੀ ਇਹ ਅੰਕੜੇ ਸਿਰਫ਼ ਕੇਂਦਰੀ ਬਜਟ ਦੀ ਰਕਮ ਹਨ ਜਾਂ ਇਸ ਵਿੱਚ ਰੇਲਵੇ ਬਜਟ ਅਤੇ ਰਾਜਾਂ ਦਾ ਬਜਟ ਵੀ ਸ਼ਾਮਲ ਹੈ? ਮੇਰਾ ਮੰਨਣਾ ਹੈ ਕਿ ਜ਼ਾਹਰ ਤੌਰ ਤੇ ਵਿੱਤ ਮੰਤਰਾਲੇ ਵਿੱਚ ਇਸ ਬਾਰੇ ਸਪੱਸ਼ਟਤਾ ਹੋਵੇਗੀ ਕਿਉਂਕਿ ਇਸ ਵਿੱਚ ਵੱਖ-ਵੱਖ ਮਦਾਂ ਨੂੰ ਮਿਲਣ ਵਾਲਾ ਪੈਸਾ ਸ਼ਾਮਲ ਹੈ। ਬਾਹਰੀ ਸੰਚਾਰ ਦੀ ਕਮੀ ਇਸ ਨੂੰ ਢੱਕ ਰਹੀ ਹੈ।

ਮੇਰਾ ਯਕੀਨ ਹੈ ਕਿ ਉਪਲਬਧ ਅਸਲ ਅੰਕੜੇ ਜ਼ਿਆਦਾ ਹੋਣਗੇ ਕਿਉਂਕਿ ਰਾਜਾਂ ਅਤੇ ਸਥਾਨਕ ਸਰਕਾਰਾਂ ਵਲੋਂ ਵੀ ਖਰਚ ਕੀਤਾ ਜਾਵੇਗਾ। ਇਸੇ ਤਰ੍ਹਾਂ ਰੇਲਵੇ ਵਿੱਚ ਵੀ, ਜਿਸ ਦੇ ਲਈ ਕੇਂਦਰੀ ਬਜਟ ਵਿੱਚ 45000 ਕਰੋੜ ਰੁਪਏ ਦੀ ਵਿਵਸਥਾ ਕੀਤੀ ਗਈ ਹੈ। ਦੂਜੇ ਸਰੋਤਾਂ ਵਿੱਚ ਰੇਲਵੇ ਦਾ ਅੰਦਰੂਨੀ ਉਤਪਾਦਨ, ਬਾਂਡ, ਦੂਜਾ ਕਰਜ਼ਾ, ਵਿੱਤੀ ਅਤੇ ਜਨਤਕ ਨਿੱਜੀ ਭਾਈਵਾਲੀ ਦੇ ਸਰੋਤ ਆਦਿ ਸ਼ਾਮਲ ਹਨ। ਕੁੱਝ ਰੱਖੀ ਗਈ ਰਕਮ ਰਾਜਾਂ ਦੁਆਰਾ ਬੰਨ੍ਹੇ ਹੋਏ ਖਰਚੇ ਦੇ ਉਤਪ੍ਰੇਰਕ ਵਜੋਂ ਕੰਮ ਕਰੇਗੀ ਜਿਵੇਂ ਕਿ 19000 ਕਰੋੜ ਦਾ ਕੇਂਦਰੀ ਆਵੰਟਨ ਰਾਜਾਂ ਤੋਂ 8000 ਕਰੋੜ ਰੁਪਏ ਹੋਰ ਲਿਆਵੇਗਾ। ਮੈਟਰੋ ਪ੍ਰਾਜੈਕਟਾਂ ਨਾਲ ਵੀ ਇਸੇ ਤਰ੍ਹਾਂ ਹੋਵੇਗਾ ਜਿਸ ਲਈ 10000 ਕਰੋੜ ਰੁਪਏ ਰਾਖਵੇਂ ਕੀਤੇ ਗਏ ਹਨ।

ਦੂਸਰੇ ਵੱਡੇ ਬੁਨਿਆਦੀ ਢਾਂਚੇ ਦੇ ਪ੍ਰਾਜੈਕਟ ਜਿਨ੍ਹਾਂ ਵਾਸਤੇ ਪੈਸਾ ਆਵੰਟਿਤ ਕੀਤਾ ਗਿਆ ਹੈ, ਦੀ ਸੂਚੀ ਹੇਠਾਂ ਦਿੱਤੀ ਜਾ ਰਹੀ ਹੈ।

ਸਭ ਤੋਂ ਜ਼ਿਆਦਾ ਜੋਰ ਸੜਕ ਅਤੇ ਰੇਲ ਖੇਤਰਾਂ ਉਤੇ ਦਿੱਤਾ ਗਿਆ ਹੈ। ਇਸ ਤੋਂ ਬਾਅਦ ਮਕਾਨ ਉਸਾਰੀ, ਸਵੱਛ ਭਾਰਤ ਅਭਿਆਨ, ਮੈਟਰੋ, ਬਿਜਲੀ ਅਤੇ ਸ਼ਹਿਰੀ ਵਿਕਾਸ ਦੇ ਖੇਤਰਾਂ ਨੂੰ ਤਰਜੀਹ ਦਿੱਤੀ ਜਾਵੇਗੀ। ਇਨ੍ਹਾਂ ਮਹੱਤਵਪੂਰਨ ਆਵੰਟਨਾਂ ਦੇ ਨਾਲ-ਨਾਲ ਚੁਨੌਤੀਆਂ ਵੀ ਸਾਹਮਣੇ ਆਉਂਦੀਆਂ ਹਨ, ਖ਼ਾਸ ਕਰਕੇ ਵੱਖ-ਵੱਖ ਧਿਰਾਂ ਦੀ ਕਾਬਲੀਅਤ ਅਤੇ ਸੀਮਾ ਦੇ ਸੰਦਰਭ ਵਿੱਚ।

## ਚੁਨੌਤੀਆਂ

ਪਹਿਲੀ ਚੁਨੌਤੀ ਇਹ ਹੈ ਕਿ ਕੀ ਸਰਕਾਰ ਕੋਲ ਨਰੀਖਣ ਅਤੇ ਲੋੜੀਂਦਾ ਪੈਸਾ ਜਾਰੀ ਕਰਨ ਲਈ ਨਰੀਖਣ ਦੀ ਸਮਰੱਥਾ ਹੈ। ਸੜਕ ਖੇਤਰ ਵਿੱਚ, ਨੈਸ਼ਨਲ ਹਾਈਵੇ ਅਥਾਰਟੀ ਆਫ਼ ਇੰਡੀਆ (ਐੱਨ ਐੱਚ ਏ ਆਈ) ਅਤੇ ਰਾਸ਼ਟਰੀ ਦਿਹਾਤੀ ਸੜਕ ਵਿਕਾਸ ਏਜੰਸੀ (ਐੱਨ ਆਰ ਆਰ ਡੀ ਏ) ਰਾਹੀਂ ਵਧੀਆ ਸੰਸਥਾਗਤ ਤਜ਼ਰਬਾ ਮਿਲਿਆ ਹੈ, ਪਰ ਆਈ ਡਬਲਿਯੂ ਏ ਆਈ ਨੇ ਖਰਚੇ ਲਈ ਆਪਣੇ ਆਪ ਨੂੰ ਤਿਆਰ ਕੀਤਾ ਨਹੀਂ ਲਗਦਾ। ਅਜਿਹਾ ਆਈ ਡਬਲਿਯੂ ਏ ਆਈ

| ਕ੍ਰਮ ਸੰ. | ਸੜਕ, ਰੇਲ ਅਤੇ ਮੈਟਰੋ ਤੋਂ ਇਲਾਵਾ | ਬੀ ਈ 2016-17 (ਰੁਪਏ ਕਰੋੜ) |
|---|---|---|
| 1 | ਪ੍ਰਧਾਨ ਮੰਤਰੀ ਅਵਾਸ ਯੋਜਨਾ | 20075 |
| 2 | ਸਵੱਛ ਭਾਰਤ ਅਭਿਆਨ | 11300 |
| 3 | ਦੀਨ ਦਿਆਲ ਉਪਾਧਿਆਏ ਗ੍ਰਾਮ ਜਯੋਤੀ ਯੋਜਨਾ ਅਤੇ ਏਕੀਕ੍ਰਿਤ ਬਿਜਲੀ ਵਿਕਾਸ ਸਕੀਮ | 8500 |
| 4 | ਸ਼ਹਿਰੀ ਕਾਇਆਕਲਪ ਮਿਸ਼ਨ (ਏ ਐੱਮ ਆਰ ਯੂ ਟੀ ਅਤੇ 100 ਸਮਾਰਟ ਸ਼ਹਿਰ ਵਿਕਸਤ ਕਰਨ ਲਈ ਮਿਸ਼ਨ) | 7296 |
| 5 | ਰਾਸ਼ਟਰੀ ਪੇਂਡੂ ਪੀਣ ਵਾਲਾ ਪਾਣੀ ਪ੍ਰੋਗਰਾਮ | 5000 |
| 6 | ਰਾਸ਼ਟਰੀ ਨਿਵੇਸ਼ ਅਤੇ ਬੁਨਿਆਦੀ ਢਾਂਚਾ ਫੰਡ | 4000 |
| 7 | ਪ੍ਰਮਾਣੂ ਬਿਜਲੀ ਉਤਪਾਦਨ | 3000 |
| 8 | ਰਾਸ਼ਟਰੀ ਉਦਯੋਗ ਲਾਂਘੇ | 1448 |
| 9 | ਅੰਤਰਦੇਸੀ ਜਲ-ਮਾਰਗ | 800 |
| 10 | ਸਾਗਰਮਾਲਾ | 450 |
| 11 | 160 ਤੋਂ ਵੱਧ ਹਵਾਈ ਅੱਡਿਆਂ ਦੀ ਮੁੜ ਸ਼ੁਰੂਆਤ (ਹਰੇਕ) | 50 ਤੋਂ 100 |

ਲਈ ਘੱਟ ਆਵੰਟਨ ਦੇ ਰੂਪ ਵਿੱਚ ਸਾਫ਼ ਨਜ਼ਰ ਆ ਰਿਹਾ ਹੈ। ਏਹੀ ਹਾਲ ਸਾਗਰਮਾਲਾ ਧਾਰਨਾ ਦੇ ਰੂਪ ਵਿਚ ਹੈ, ਜਿਥੇ ਯੋਜਨਾਵਾਂ ਤਾਂ ਵੱਡੀਆਂ ਹਨ, ਪਰ ਸੰਸਥਾਗਤ ਸਮਰਥਾਵਾਂ ਵਿੱਚ ਕਮੀ ਹੈ। 4 ਮਾਰਚ 2016 ਨੂੰ ਆਯੋਜਿਤ ਸੜਕ ਆਵਾਜਾਈ ਉੱਤਮਤਾ ਇਨਾਮ ਸਮਾਗਮ ਵਿੱਚ ਸੜਕ ਆਵਾਜਾਈ ਅਤੇ ਰਾਸ਼ਟਰੀ ਰਾਜ ਮਾਰਗ ਅਤੇ ਜਹਾਜ਼ਰਾਨੀ ਮੰਤਰੀ ਕੋਲੋਂ ਇਹ ਸੁਣਨਾ ਦਿਲਚਸਪ ਲੱਗਾ ਕਿ ਮੌਸਮ ਅਤੇ ਵਾਤਾਵਰਨਕ ਪ੍ਰਭਾਵ ਦੇ ਫ਼ਰਕ ਅਨੁਸਾਰ ਦੇਸ਼ ਜਲ, ਰੇਲ ਅਤੇ ਸੜਕ ਦੀ ਤਰਜੀਹ ਬਣਾਉਣਾ ਚਾਹੁੰਦਾ ਹੈ। ਸੜਕੀ ਖੇਤਰ ਵਿੱਚ ਪਿਛਲੇ ਅਨੁਭਵਾਂ ਨੂੰ ਧਿਆਨ ਵਿੱਚ ਰੱਖਦਿਆਂ ਅਤੇ ਸੜਕਾਂ ਦੀ ਭਵਿੱਖੀ ਰੂਪ-ਰੇਖਾ ਦੇ ਮੱਦੇਨਜ਼ਰ ਪ੍ਰੋਮੋਟਰਾਂ ਨੂੰ ਆਕਰਸ਼ਿਤ ਕਰਨ ਲਈ ਹਾਈਬ੍ਰਿਡ ਮਾਡਲ ਬਣਾਇਆ ਗਿਆ ਹੈ। ਪਰ, ਅੰਤਰਦੇਸੀ ਜਲ-ਮਾਰਗਾਂ ਅਤੇ ਰੇਲਵੇ ਵਿੱਚ, ਜਨਤਕ ਨਿੱਜੀ ਭਾਈਵਾਲੀ ਲਈ ਲੋੜੀਂਦੇ ਢਾਂਚੇ ਬਾਰੇ ਹਾਲੇ ਬਹੁਤ ਕੁੱਝ ਕੀਤਾ ਜਾਣਾ ਬਾਕੀ ਹੈ।

ਦੂਜੀ ਚੁਨੌਤੀ ਇਹ ਹੈ ਕਿ ਕੀ ਠੇਕੇਦਾਰਾਂ ਅਤੇ ਜਨਤਕ ਨਿੱਜੀ ਭਾਈਵਾਲੀ ਦੇ ਪ੍ਰੋਮੋਟਰਾਂ ਕੋਲ ਨਤੀਜੇ ਦੇਣ ਦੀ ਸਮਰੱਥਾ ਅਤੇ ਇੱਛਾ-ਸ਼ਕਤੀ ਹੈ। ਪਿਛਲੇ ਪੰਜ ਸਾਲਾਂ ਦੌਰਾਨ ਬਹੁਤ ਸਾਰੇ ਪ੍ਰੋਮੋਟਰ, ਰਿਆਇਤੀ ਸਮਝੌਤਿਆਂ ਦੀਆਂ ਉਲਝਣਾਂ ਕਾਰਨ ਸੜਕ ਅਤੇ ਮੈਟਰੋ ਖੇਤਰਾਂ ਨੂੰ ਛੱਡ ਗਏ ਹਨ। ਇਨ੍ਹਾਂ ਉਲਝਣਾਂ ਵਿੱਚ ਵਾਤਾਵਰਣ ਮਨਜ਼ੂਰੀਆਂ ਅਤੇ ਜ਼ਮੀਨ ਪ੍ਰਾਪਤੀ ਸ਼ਾਮਲ ਹਨ। ਸੜਕ ਖੇਤਰ ਵਿੱਚ ਸਧੇ ਹੋਏ ਹਾਈਬ੍ਰਿਡ ਨੈੱਟਵਰਕ ਤੋਂ ਉਮੀਦ ਹੈ ਕਿ ਇਹ ਕਾਫੀ ਦਿਲਚਸਪੀ ਪੈਦਾ ਕਰੇਗਾ। ਪਰ ਬਾਕੀ ਖੇਤਰਾਂ ਵਿੱਚ ਇਸ ਬਾਰੇ ਸਪੱਸ਼ਟਤਾ ਨਹੀਂ ਹੈ ਕਿਉਂਕਿ ਬਹੁਤ ਸਾਰੇ ਠੇਕੇਦਾਰ ਨਖ਼ਰਿਆਂ ਵਾਲੇ ਹੋ ਗਏ ਹਨ। ਐੱਲ ਐਂਡ ਟੀ ਵਰਗੀਆਂ ਇਕਾਈਆਂ ਹੁਣ ਸਿਰਫ਼ 'ਨਿਰਮਾਣ' ਕਰਨਾ ਚਾਹੁੰਦਆਂ ਹਨ, ਨਾਕਿ 'ਨਿਰਮਾਣ ਅਤੇ ਸੰਚਾਲਨ'।

ਤੀਜੀ ਚੁਨੌਤੀ ਇਹ ਹੈ ਕਿ ਕੀ ਝਗੜਿਆਂ ਨਾਲ ਪ੍ਰਭਾਵੀ ਅਤੇ ਤੇਜ਼ੀ ਨਾਲ ਨਜਿੱਠਣ ਲਈ ਕਾਨੂੰਨੀ ਅਤੇ ਅਦਾਲਤੀ ਸਮਰੱਥਾ ਮੌਜੂਦ ਹੈ। ਬੁਨਿਆਦੀ ਢਾਂਚੇ ਦੇ ਕਈ ਪ੍ਰਾਜੈਕਟ ਕਨੂੰਨੀ ਮਸਲਿਆਂ ਕਰਕੇ ਦੇਰੀ ਦਾ ਸ਼ਿਕਾਰ ਹੋ ਗਏ ਹਨ। ਇਸ ਸੰਦਰਭ ਵਿੱਚ ਖ਼ਜ਼ਾਨਾ ਮੰਤਰੀ ਨੇ ਜਨਤਕ ਸਹੂਲਤ (ਝਗੜਿਆਂ ਦਾ ਨਿਪਟਾਰਾ) ਬਿੱਲ ਲਿਆਉਣ ਦਾ ਐਲਾਨ ਕੀਤਾ ਹੈ, ਜੋ ਬੁਨਿਆਦੀ ਢਾਂਚੇ ਦੇ ਪ੍ਰਾਜੈਕਟਾਂ ਨਾਲ ਸਬੰਧਿਤ ਝਗੜਿਆਂ ਦਾ ਹੱਲ ਕਰੇਗਾ। ਹੋਰ, ਰਿਆਇਤੀ ਸਮਝੌਤਿਆਂ ਅਤੇ ਠੇਕਿਆਂ ਦੀ ਸਮੀਖਿਆ ਕਰਨ ਦਾ ਵੀ ਪ੍ਰਬੰਧ ਹੈ। ਵਰਤਮਾਨ ਸਰਕਾਰ ਨੂੰ ਬਹੁਤ ਸਾਰੇ ਸੜਕੀ ਪ੍ਰਾਜੈਕਟਾਂ ਨੂੰ ਪੇਸ਼ ਕਾਨੂੰਨੀ ਗੰਢਾਂ ਖੋਲ੍ਹਣ ਅਤੇ ਉਨ੍ਹਾਂ ਨੂੰ ਮੁੜ ਪਟੜੀ ਉਤੇ ਲਿਆਉਣ ਦਾ ਸਿਹਰਾ ਦੇਣਾ ਬਣਦਾ ਹੈ।

ਚੌਥੀ ਚੁਨੌਤੀ ਬੈਂਕਾਂ, ਖ਼ਾਸ ਕਰਕੇ ਜਨਤਕ ਖੇਤਰ ਦੇ ਬੈਂਕਾਂ ਰਾਹੀਂ ਬੁਨਿਆਦੀ ਢਾਂਚਾ ਪ੍ਰਾਜੈਕਟਾਂ ਦੇ ਕਰਜ਼ੇ ਦੇ ਵਿੱਤੀਕਰਨ ਦਾ ਹੈ। ਇਨ੍ਹਾਂ ਬੈਂਕਾਂ ਕੋਲ ਲੋੜ ਤੋਂ ਵੱਧ ਗ਼ੈਰ-ਕਾਰਗੁਜ਼ਾਰੀ ਵਾਲੇ ਅਸਾਸੇ ਜਮ੍ਹਾਂ ਹੋ ਗਏ ਹਨ, ਜਿਨ੍ਹਾਂ ਵਿੱਚ ਬੁਨਿਆਦੀ ਢਾਂਚੇ ਨਾਲ ਸਬੰਧਿਤ ਅਸਾਸੇ ਵੀ ਸ਼ਾਮਲ ਹਨ। ਭਾਵੇਂ ਕਿ ਖ਼ਜ਼ਾਨਾ ਮੰਤਰੀ ਵਲੋਂ ਜਨਤਕ ਖੇਤਰ ਦੇ ਬੈਂਕਾਂ ਦੇ ਪੁਨਰ ਪੂੰਜੀਕਰਨ ਲਈ 25000 ਕਰੋੜ ਰੁਪਏ ਮੁਹੱਈਆ ਕਰਵਾਏ ਗਏ ਹਨ, ਇਹ ਮਹਿਸੂਸ ਕੀਤਾ ਜਾ ਰਿਹਾ ਹੈ ਕਿ ਇਹ ਰਕਮ ਲੋੜ ਤੋਂ ਬਹੁਤ ਘੱਟ ਹੈ ਅਤੇ ਇਸ ਨਾਲ ਬੈਂਕ ਬੁਨਿਆਦੀ ਢਾਂਚੇ ਦੇ ਵਿੱਤੀਕਰਨ ਦੀ ਹਾਲਤ ਵਿੱਚ ਨਹੀਂ ਪਹੁੰਚ ਸਕਣਗੇ।

ਪੰਜਵੀਂ ਚੁਨੌਤੀ ਸੰਸਥਾਗਤ ਸਮਰੱਥਾ ਦੀ ਹੈ। ਇਥੇ ਸਿਖਲਾਈ, ਸ਼ੋਧ ਤੇ ਵਿਕਾਸ ਬਹੁਤ ਅਹਿਮੀਅਤ ਰੱਖਦੇ ਹਨ। ਭਾਵੇਂ ਕਿ ਪਿਛਲੇ ਸਾਲਾਂ ਦੌਰਾਨ ਪ੍ਰਬੰਧ ਸੰਸਥਾਨਾਂ ਦੀ ਸਿਖਲਾਈ ਸਮਰੱਥਾ ਵਿੱਚ ਵਾਧਾ ਹੋਇਆ ਹੈ, ਪਰ ਇਸ ਖੇਤਰ ਵਿੱਖ ਚੰਗੀ 'ਸਿੱਖਿਆ' ਦੀ ਹਲੇ ਵੀ ਘਾਟ ਹੈ। ਮੇਰੀ ਜਾਣਕਾਰੀ ਮੁਤਾਬਕ ਮੁੰਬਈ ਯੂਨੀਵਰਸਿਟੀ, ਕੁੱਝ ਨਿੱਜੀ ਯੂਨੀਵਰਸਿਟੀਆਂ ਅਤੇ ਅਦਾਨੀ ਇੰਸਟੀਚਿਊਟ ਆਫ ਇਨਫਰਾਸਟ੍ਰਕਚਰ ਮੈਨੇਜਮੈਂਟ ਵਿੱਚ ਬੁਨਿਆਦੀ ਢਾਂਚੇ ਬਾਰੇ ਪੋਸਟ-ਗ੍ਰੈਜੂਏਟ ਕੋਰਸ ਹਨ। ਇਸ ਤੋਂ ਅੱਗੇ, ਸ਼ੋਧ ਅਤੇ ਵਿਕਾਸ ਦੀ ਕਮੀ ਹੈ। ਇਹ ਵੇਖਦਿਆਂ ਕਿ ਭਾਰਤ ਦੁਨੀਆਂ ਦਾ ਸੱਭ ਤੋਂ ਵੱਡਾ ਜਨਤਕ ਨਿੱਜੀ ਭਾਈਵਾਲੀ ਵਾਲਾ ਬਜ਼ਾਰ ਹੈ, ਵੱਖ-ਵੱਖ ਪੱਖਾਂ ਵਿੱਚ ਅਨੁਭਵ ਦੀ ਧਾਰਨਾ ਆਸ ਮੁਤਾਬਕ ਨਹੀਂ ਹੈ। 'ਬੁਨਿਆਦੀ ਢਾਂਚੇ ਦੇ ਪਬਲਿਕ ਪ੍ਰਾਈਵੇਟ ਮਾਡਲ ਉੱਤੇ ਮੁੜ ਝਾਤ ਮਾਰਨ ਅਤੇ ਇਸ ਨੂੰ ਮੁੜ ਮਜਬੂਤ ਕਰਨ ਬਾਰੇ ਕੇਲਕਰ ਕਮੇਟੀ ਦੀ ਰਿਪੋਰਟ ਅਨੁਸਾਰ :

**ਹਰੇਕ ਧਿਰ ਨੇ ਜਨਤਕ ਨਿੱਜੀ ਭਾਈਵਾਲੀ ਲਈ ਸਮਰਪਿਤ ਸੰਸਥਾਨ ਦੀ ਫੌਰੀ ਲੋੜ ਉਤੇ ਜ਼ੋਰ ਦਿੱਤਾ ਹੈ, ਜਿਵੇਂ ਕਿ ਪਿਛਲੇ ਬਜਟ ਵਿੱਚ ਐਲਾਨ ਕੀਤਾ ਗਿਆ ਸੀ। ਕਮੇਟੀ ਵਲੋਂ '3 ਪੀ ਆਈ' ਦੀ ਮਜਬੂਤੀ ਨਾਲ ਵਕਾਲਤ ਕੀਤੀ ਗਈ ਹੈ, ਜੋ ਜਨਤਕ ਨਿੱਜੀ ਭਾਈਵਾਲੀ ਵਿੱਚ ਉੱਤਮਤਾ ਦੇ ਕੇਂਦਰ ਵਜੋਂ ਕੰਮ ਕਰਨ ਦੇ ਨਾਲ-ਨਾਲ ਸ਼ੋਧ, ਸਮੀਖਿਆ, ਸਮਰੱਥਾ ਵਿਕਾਸ ਸਰਗਰਮੀਆਂ ਸ਼ੁਰੂ ਕਰਨ, ਅਤੇ ਠੇਕੇਦਾਰੀ ਅਤੇ ਝਗੜੇ ਦੇ ਨਿਪਟਾਰੇ ਤੇ ਤੰਤਰ ਲਈ ਵੀ ਸਹਾਇਕ ਹੋਵੇਗੀ। ਇਕ ਗਤੀਸ਼ੀਲ 3 ਪੀ ਆਈ ਪ੍ਰਕਿਰਿਆ ਬੁਨਿਆਦੀ ਢਾਂਚੇ ਦੇ ਡਿਜ਼ਾਈਨ, ਨਿਰਮਾਣ ਅਤੇ ਭਾਰਤ ਵਿੱਚ ਸੰਚਾਲਨ ਲਈ ਸਹਾਈ ਹੋ ਸਕਦੀ ਹੈ ਜੋ ਸਾਰੇ ਨਾਗਰਿਕਾਂ ਲਈ ਭਰੋਸੇਮੰਦ ਬੁਨਿਆਦੀ ਢਾਂਚੇ ਦੇ ਵਾਅਦੇ ਨੂੰ ਪੁਗਾਉਣ ਵਿੱਚ ਮਦਦ ਕਰੇਗੀ।**

ਵੱਖ-ਵੱਖ ਬੁਨਿਆਦੀ ਢਾਂਚਾ ਪ੍ਰਾਜੈਕਟਾਂ ਦੇ ਅਧਿਐਨ ਮੁਤਾਬਕ ਜਿਹੜੇ ਮੁੱਦਿਆਂ ਬਾਰੇ ਸ਼ੋਧ ਕਰਨ ਦੀ ਲੋੜ ਹੈ, ਉਨ੍ਹਾਂ ਵਿੱਚ ਪ੍ਰਾਜੈਕਟ ਰਚਨਾ, ਜੋਖ਼ਮ ਦੀ ਸਮੀਖਿਆ ਅਤੇ ਪ੍ਰਬੰਧ, ਸਮਾਜਕ ਲਾਗਤ ਲਾਭ ਦਾ ਮੁਲਾਂਕਣ, ਵਿੱਤੀ ਵਿਹਾਰਕਤਾ ਦੀ ਸਮੀਖਿਆ, ਬੋਲੀ ਦੇ ਦਸਤਾਵੇਜ਼ਾਂ ਦੀ ਤਿਆਰੀ, ਟੈਂਡਰ ਅਤੇ ਬੋਲੀ ਦੀਆਂ ਪ੍ਰਕਿਰਿਆਵਾਂ, ਰਿਆਇਤ ਦੇ ਸਮਝੌਤੇ, ਵਿੱਤੀ ਇੰਜੀਨੀਅਰਿੰਗ, ਨਿਰਧਾਰਕ ਮੁੱਦੇ ਅਤੇ ਸ਼ਮੂਲੀਅਤ ਤੇ ਅਧਿਗ੍ਰਹਿਣ ਆਦਿ ਸ਼ਾਮਲ ਹਨ।

## ਨੀਤੀਆਂ

ਪੈਸੇ ਦੀ ਸਹੀ ਕੀਮਤ ਪਾਉਣ ਦੇ ਉਦੇਸ਼ ਨਾਲ ਇਹ ਅਹਿਮ ਹੈ ਕਿ ਚੰਗੀਆਂ ਨੀਤੀਆਂ ਬਣਾਈਆਂ ਜਾਣ ਜੋ ਬਜਟ ਵਿੱਚ ਸਹਾਈ ਹੋਣ ਅਤੇ ਚੁਨੌਤੀਆਂ ਦਾ ਹੱਲ ਕਰਨ ਦੇ ਕਾਬਲ ਹੋਣ। ਜਿਵੇਂ ਕਿ ਪਹਿਲਾਂ ਜ਼ਿਕਰ ਕੀਤਾ ਗਿਆ ਹੈ, ਸਰਕਾਰ ਵੱਖ-ਵੱਖ ਤਰਜੀਹਾਂ ਬਾਰੇ ਸਪੱਸ਼ਟ ਹੈ। ਪਰ, ਅਸਲ ਵਿੱਚ ਸੌਖੀਆਂ ਤੇ ਜ਼ਿਆਦਾ ਦਿਖਾਈ ਦੇਣ ਵਾਲੀਆਂ ਸਰਗਰਮੀਆਂ ਜਲਦੀ ਹੋ ਜਾਂਦੀਆਂ ਹਨ। ਮਿਸਾਲ ਦੇ ਤੌਰ ਤੇ, ਰਾਸ਼ਟਰੀ ਰਾਜ ਮਾਰਗਾਂ ਉਤੇ ਧਿਆਨ, ਜਿਸ ਵਿੱਚ ਰਾਸ਼ਟਰੀ ਰਾਜ ਮਾਰਗਾਂ ਦੀ ਵਰਤਮਾਨ 96000 ਕਿਲੋਮੀਟਰ ਲੰਬਾਈ ਨੂੰ 200,000 ਕਿਲੋਮੀਟਰ ਤੱਕ ਵਧਾਉਣ,

ਕੁੱਲ ਸੜਕ ਲੰਬਾਈ ਦੇ ਮੌਜੂਦਾ 2 ਪ੍ਰਤਿਸ਼ਤ ਤੋਂ 4 ਪ੍ਰਤਿਸ਼ਤ ਕਰਨਾ ਸ਼ਾਮਲ ਹੈ, ਸਵਾਗਤਯੋਗ ਹੈ। ਦੂਜੇ ਪਾਸੇ, ਅੰਦਰੂਨੀ ਜਲ-ਮਾਰਗਾਂ ਅਤੇ ਤਟੀ ਜਹਾਜ਼ਰਾਨੀ ਬਾਰੇ ਏਕੀਕ੍ਰਿਤ ਨੀਤੀ ਉਤੇ ਧਿਆਨ ਦੇਣ ਲਈ ਲੋੜੀਂਦੀ ਇੱਛਾ-ਸ਼ਕਤੀ ਦੀ ਹਲੇ ਕਮੀ ਨਜ਼ਰ ਆ ਰਹੀ ਹੈ। ਏਕੀਕ੍ਰਿਤ ਨੀਤੀ ਦੇ ਅਹਿਮ ਤੱਤ ਹਨ – ਬਹੁ-ਪੱਖੀ ਨਿਯਮਾਂ ਨੂੰ ਸਰਲ ਕਰਨ ਅਤੇ ਆਬਕਾਰੀ ਕਰ ਨੂੰ ਘੱਟ ਕਰਨ ਉਤੇ ਧਿਆਨ ਦੇਣ ਅਤੇ ਸਰਗਰਮੀਆਂ ਅਰੰਭ ਕਰਨ ਲਈ ਪ੍ਰਦਰਸ਼ਨ ਅਧਾਰਿਤ ਛੂਟ। ਸੜਕ ਖਰਚਿਆਂ ਜਿਵੇਂ ਸੇਤੂ ਭਾਰਤਮ ਜਿਸ ਅਧੀਨ ਰਾਸ਼ਟਰੀ ਰਾਜਮਾਰਗਾਂ ਤੇ ਸਾਰੇ ਰੇਲਵੇ ਫਾਟਕ ਹਟਾਉਣ ਦਾ ਪ੍ਰਸਤਾਵ ਹੈ, ਲਈ ਧਿਆਨ ਕੇਂਦਰਿਤ ਪਹੁੰਚ ਇਕ ਵਧੀਆ ਰਣਨੀਤੀ ਹੈ।

ਰੇਲਵੇ ਦੇ ਮਾਮਲੇ ਵਿੱਚ, ਜਨਤਕ ਨਿੱਜੀ ਭਾਈਵਾਲੀ ਰਾਹੀਂ ਸਟੇਸ਼ਨਾਂ ਦੇ ਪੁਨਰ ਵਿਕਾਸ ਉਤੇ ਧਿਆਨ ਕੇਂਦਰਿਤ ਕਰਨਾ ਵਧੀਆ ਕਦਮ ਹੈ। ਸਮੱਸਿਆ ਹਲੇ ਵੀ ਬੋਲੀ ਪ੍ਰਕਿਰਿਆ ਅਤੇ ਸਮਝੌਤਿਆਂ ਦੀ ਹੈ। ਹੁਣ ਤੱਕ ਭਾਰਤੀ ਰੇਲਵੇ ਸਟੇਸ਼ਨ ਵਿਕਾਸ ਕਾਰਪੋਰੇਸ਼ਨ ਦੀ ਵੈੱਬਸਾਈਟ ਉਤੇ ਸੱਤ ਸਟੇਸ਼ਨ ਦਰਜ ਹੋ ਚੁੱਕੇ ਹਨ ਜਿਨ੍ਹਾਂ ਵਿੱਚੋਂ ਤਿੰਨ ਦਾ ਕੁੱਝ ਕੁ ਦਸਤਾਵੇਜ਼ੀਕਰਨ ਹੋ ਚੁੱਕਾ ਹੈ। 400 ਤੋਂ ਵੱਧ ਸਟੇਸ਼ਨਾਂ ਦੇ ਪੁਨਰ ਵਿਕਾਸ ਲਈ ਸਵਿੱਸ ਚੁਨੌਤੀ ਰਾਹ ਰਾਹੀਂ ਕੋਸ਼ਿਸ਼ ਕਰਨ ਦੀ ਤਜਵੀਜ਼ ਹੈ ਜਿਸ ਵਿੱਚ ਕੋਈ ਵੀ ਆਪਣੇ ਵਿਰੋਧੀ ਦੁਆਰਾ ਤਜਵੀਜ਼ਸ਼ੁਦਾ ਪ੍ਰਾਜੈਕਟ ਵਿੱਚ ਸੁਧਾਰ ਲਈ ਬੋਲੀ ਲਗਾ ਸਕਦਾ ਹੈ। ਇਸ ਤੰਤਰ ਦੇ ਵੀ ਕੁੱਝ ਤੌਖਲੇ ਹਨ ਜਿਨ੍ਹਾਂ ਨੂੰ ਕੇਲਕਰ ਕਮੇਟੀ ਰਿਪੋਰਟ ਵਲੋਂ ਉਠਾਇਆ ਗਿਆ ਸੀ। ਇਸ ਰਿਪੋਰਟ ਵਿੱਚ ਸਫ਼ਾਰਿਸ਼ ਕੀਤੀ ਗਈ ਸੀ ਕਿ ਸਵਿੱਸ ਚੁਨੌਤੀ ਵਾਲਾ ਤਰੀਕਾ ਵਾਜਬ ਨਹੀਂ ਹੈ। ਰੇਲ ਵਿਕਾਸ ਅਥਾਰਟੀ ਸਥਾਪਤ ਕਰਨ ਉਤੇ ਜ਼ੋਰ ਦਿੱਤਾ ਜਾ ਰਿਹਾ ਹੈ ਜੋ ਫੌਰੀ ਤੌਰ ਤੇ ਲੋੜੀਂਦਾ ਖੁਦਮੁਖਤਿਆਰ ਨਿਰਧਾਰਕ ਹੋਵੇਗਾ। ਇਸ ਨਾਲ ਨੀਤੀ ਬਣਾਉਣ ਅਤੇ ਨਿਯਮਨ ਨੂੰ ਵੱਖ ਕਰਨ ਵਿੱਚ ਮਦਦ ਮਿਲੇਗੀ। ਇਸ ਦੀਆਂ ਸੰਭਾਵਨਾਵਾਂ, ਸ਼ਕਤੀਆਂ ਅਤੇ ਆਜ਼ਾਦੀ ਬਾਰੇ ਸਾਨੂੰ ਉਡੀਕਣਾ ਪਵੇਗਾ ਅਤੇ ਵੇਖਣਾ ਹੋਵੇਗਾ ਕਿ ਇਹ ਬਿੱਲ ਤਿਆਰ ਹੋ ਕੇ ਸੰਸਦ ਵਲੋਂ ਕਦੋਂ ਪਾਸ ਕੀਤਾ ਜਾਂਦਾ ਹੈ। ਨੀਤੀ ਨਿਰਮਾਣ ਅਤੇ ਸੰਚਾਲਨ ਨੂੰ ਵੱਖਰੇ ਕਰਨ ਲਈ ਵੀ ਧਿਆਨ ਕੇਂਦਰਿਤ ਕਰਨਾ ਪਵੇਗਾ।

100 ਪ੍ਰਤਿਸ਼ਤ ਦਿਹਾਤੀ ਬਿਜਲੀਕਰਨ (ਬਾਕੀ ਰਹਿੰਦੇ 13010 ਪਿੰਡਾਂ ਵਿੱਚ 1 ਮਈ 2018 ਤੱਕ) ਅਤੇ ਸੜਕ ਸੰਚਾਰ (ਬਾਕੀ 65000 ਪਿੰਡਾਂ ਲਈ 2021 ਦੀ ਬਜਾਇ 2019 ਵਿੱਚ) ਬਾਰੇ ਨੀਤੀ ਵਿੱਚ ਸਪੱਸ਼ਟਤਾ ਨੇ ਇਸ ਬਜਟ ਵਿੱਚ ਸਰੋਤਾਂ ਦੀ ਵੰਡ ਨੂੰ ਠੀਕ ਦਿਸ਼ਾ ਦਿੱਤੀ ਹੈ। ਅਜਿਹਾ ਹੀ ਕੁੱਝ ਮਕਾਨ ਉਸਾਰੀ ਖੇਤਰ ਲਈ ਕੀਤਾ ਗਿਆ ਹੈ।

ਮੈਂ ਸਵੱਛ ਭਾਰਤ ਅਭਿਆਨ, ਸਮਾਰਟ ਸ਼ਹਿਰ ਅਤੇ ਹਵਾਈ ਅੱਡਿਆਂ ਦੇ ਪੁਨਰ ਜਾਗਰਣ ਵਾਸਤੇ ਆਵੰਟਨ ਲਈ ਪੂਰਾ ਯਕੀਨ ਨਾਲ ਨਹੀਂ ਕਹਿ ਸਕਦਾ ਕਿਉਂਕਿ ਪ੍ਰਭਾਵੀ ਅਮਲ ਲਈ ਨੀਤੀਆਂ ਵਿੱਚ ਹਾਲੇ ਵੀ ਸਟੀਕਤਾ ਦੀ ਕਮੀ ਹੈ। ਸਵੱਛ ਭਾਰਤ ਅਭਿਆਨ ਦੇ ਸੰਦਰਭ ਵਿੱਚ ਵਿਵਹਾਰਕ ਤਬਦੀਲੀ ਲਿਆਉਣਾ ਅਹਿਮ ਹੋਵੇਗਾ। ਸਮਾਰਟ ਸ਼ਹਿਰਾਂ ਦੇ ਸੰਕਲਪ ਅਤੇ ਉਦੇਸ਼ਾਂ ਦੀ ਉਤਪਤੀ ਹੋਣੀ ਬਾਕੀ ਹੈ। ਇਹ ਸਪੱਸ਼ਟ ਨਹੀਂ ਹੈ ਕਿ ਅਸੀਂ ਇੰਨੇ ਹਵਾਈ ਅੱਡਿਆਂ ਨੂੰ ਕਿਉਂ ਪੁਨਰ ਜਾਗਰਿਤ ਕਰਨਾ ਚਾਹੁੰਦੇ ਹਾਂ, ਖ਼ਾਸ ਕਰਕੇ ਉਦੋਂ ਜਦੋਂ ਮੌਜੂਦਾ ਹਵਾਈ ਅੱਡਿਆਂ ਵਿੱਚੋਂ ਬਹੁਤ ਸਾਰਿਆਂ ਦੀ ਪੂਰੀ ਵਰਤੋਂ ਨਹੀਂ ਹੋ ਰਹੀ ਅਤੇ ਜੋ ਘਾਟੇ ਵਿੱਚ ਚੱਲ ਰਹੇ ਹਨ।

ਯਾਤਰੀ ਆਵਾਜਾਈ ਬਾਰੇ ਇੱਕ ਦਿਲਚਸਪ ਨੀਤੀਗਤ ਐਲਾਨ ਕੀਤਾ ਗਿਆ : ਪਰਮਿਟ ਰਾਜ ਨੂੰ ਖਤਮ ਕਰਨਾ ਸਾਡਾ ਮੱਧ ਸਮੇਂ ਦਾ ਟੀਚਾ ਹੋਵੇਗਾ। ਸਰਕਾਰ ਮੋਟਰ ਵਹੀਕਲ ਐਕਟ ਵਿੱਚ ਜ਼ਰੂਰੀ ਸੋਧਾਂ ਕਰੇਗੀ ਅਤੇ ਯਾਤਰੀ ਭਾਗ ਲਈ ਸੜਕੀ ਟਰਾਂਸਪੋਰਟ ਖੇਤਰ ਨੂੰ ਖੋਲ੍ਹ ਦਿੱਤਾ ਜਾਵੇਗਾ। ਰਾਜਾਂ ਲਈ ਇੱਕ ਸਹਾਇਕ ਵਾਤਾਵਰਨ ਪ੍ਰਣਾਲੀ ਮੁਹੱਈਆ ਕਰਵਾਈ ਜਾਵੇਗੀ ਜਿਸ ਕੋਲ ਨਵਾਂ ਕਾਨੂੰਨੀ ਢਾਂਚਾ ਅਪਨਾਉਣ ਦੀ ਅਜ਼ਾਦੀ ਜਾਂ ਵਿਕਲਪ ਹੋਵੇਗਾ। ਉੱਦਮੀ ਵੱਖ-ਵੱਖ ਮਾਰਗਾਂ ਉਤੇ ਬੱਸਾਂ ਚਲਾ ਸਕਣਗੇ ਜਿਸ ਲਈ ਉਨ੍ਹਾਂ ਨੂੰ ਕੁੱਝ ਖ਼ਾਸ ਕੁਸ਼ਲਤਾ ਅਤੇ ਸੁਰੱਖਿਆ ਨੇਮਾਂ ਦੀ ਪਾਲਣਾ ਕਰਨੀ ਪਵੇਗੀ। ਇਸ ਪਰਿਵਰਤਨਕਾਰੀ ਵੱਡੇ ਕਦਮ ਦੇ ਮੁੱਖ ਲਾਭ ਇਹ ਹੋਣਗੇ – ਜ਼ਿਆਦਾ ਕੁਸ਼ਲ ਜਨਤਕ ਆਵਾਜਾਈ ਸਹੂਲਤਾਂ ਦੀ ਵਿਵਸਥਾ, ਵਧੇਰੇ ਜਨਤਕ ਅਰਾਮਦੇਹੀ, ਇਸ ਮਰਨ ਕਿਨਾਰੇ ਖੜ੍ਹੇ ਖੇਤਰ ਵਿੱਚ ਨਵਾਂ ਨਿਵੇਸ਼, ਨੌਜਵਾਨਾਂ ਲਈ ਨਵੀਆਂ ਨੌਕਰੀਆਂ, ਨਵੇਂ ਸ਼ੁਰੂ ਹੋਣ ਵਾਲੇ ਉੱਦਮਾਂ ਦਾ ਵਿਕਾਸ ਅਤੇ ਹੋਰ ਗੁਣਾਂਕ ਪ੍ਰਭਾਵ। ਇਹ ਕਦਮ ਸਾਨੂੰ ਵਧੇਰੇ ਤੇਜ਼ੀ ਨਾਲ ਵਿਕਾਸ ਦੇ ਮਾਰਗ ਉਤੇ ਲੈ ਜਾਣਗੇ।

ਭਾਵੇਂ ਕਿ ਇਹ ਨੀਤੀ ਇਸ ਨੂੰ ਮਾਨਤਾ ਦਿੰਦੀ ਹੈ ਕਿ ਮਰਜ਼ੀ ਰਾਜਾਂ ਦੀ ਹੋਵੇਗੀ, ਹੋ ਸਕਦਾ ਹੈ ਕਿ ਇਹ ਜੋ ਚੱਲ ਰਿਹਾ ਹੈ ਉਸ ਤੋਂ ਵੱਧ ਕੁੱਝ ਨਾਂ ਹੋਵੇ ਕਿਉਂਕਿ ਇਹ ਰਾਜਾਂ ਦਾ ਵਿਸ਼ਾ ਹੈ। ਪਹਿਲਾਂ ਵੀ ਬਿਨਾਂ ਸੋਚ ਵਿਚਾਰ ਦੇ ਨੀਤੀਆਂ ਬਣਦੀਆਂ ਰਹੀਆਂ ਹਨ। ਦੋ ਮਿਸਾਲਾਂ – ਪਹਿਲਾਂ ਆਉ ਪਹਿਲਾਂ ਪਾਉ ਦੇ ਅਧਾਰ ਉਤੇ 2ਜੀ ਸਪੈਕਟ੍ਰਮ ਦਿੱਤਾ ਜਾਣਾ ਜਿਸ ਨਾਲ ਘਪਲਾ ਹੋਇਆ ਅਤੇ ਬੰਦਰਗਾਹ ਨਿਰਮਾਣ ਲਈ ਜਨਤਕ ਨਿੱਜੀ ਭਾਈਵਾਲੀ ਲਈ ਬੋਲੀ ਦੀ ਯੋਗਤਾ ਨਿਰਧਾਰਤ ਕਰਨ ਵਾਸਤੇ ਕ੍ਰਮਕਤਾ ਨੀਤੀ, ਜਿਸ ਦੇ ਨਤੀਜੇ ਵਜੋਂ ਅਦਾਲਤੀ ਪ੍ਰਕਿਰਿਆਵਾਂ ਕਾਰਨ ਬਹੁਤ ਦੇਰੀ ਹੋ ਗਈ।

## ਸਮੀਖਿਆ

ਕੁੱਲ ਮਿਲਾ ਕੇ, ਭਾਵੇਂ ਆਰਥਿਕ ਸਰਵੇਖਣ ਸਲਾਨਾ ਅਧਾਰ ਉਤੇ ਆਰਥਿਕਤਾ ਦੀ ਹਾਲਤ ਨੂੰ ਦਰਸਾਉਂਦਾ ਹੈ, ਪਿਛਲੇ ਬਜਟਾਂ ਦੀ ਸਮੀਖਿਆ ਦਾ ਕਦੇ-ਕਦਾਈਂ ਹੀ ਮੁਲਾਂਕਣ ਕਰਕੇ ਪੇਸ਼ ਕੀਤਾ ਜਾਂਦਾ ਹੈ ਭਾਵੇਂ ਕਿ ਸੂਖਮ ਪੱਧਰ ਉਤੇ ਸੋਧੇ ਹੋਏ ਅਨੁਮਾਨਾਂ ਅਤੇ ਅਸਲ ਬਨਾਮ ਬਜਟ ਵਿੱਚ ਦਿੱਤੇ ਅੰਕੜਿਆਂ ਉਤੇ ਧਿਆਨ ਕੇਂਦਰਿਤ ਕੀਤਾ ਜਾਂਦਾ ਹੈ, ਇਸ ਨਾਲ ਜਾਣਨ ਵਿੱਚ ਮਦਦ ਮਿਲੇਗੀ ਕਿ ਕਿਸ ਵਿਸ਼ੇਸ਼ ਸਰਗਰਮੀ ਮਦ ਲਈ ਆਵੰਟਨ ਕੀਤਾ ਗਿਆ, ਸਹਾਇਕ ਨੀਤੀ ਕਿਹੜੀ ਸੀ ਅਤੇ ਅਸਲ ਖਰਚਾ ਕਿੰਨਾ ਸੀ। ਉਦਾਹਰਣ ਲਈ, ਪਹਿਲਾਂ ਵਾਲੇ ਇਕ ਬਜਟ ਵਿੱਚ ਅੰਤਰ-ਦੇਸੀ ਜਲ-ਮਾਰਗਾਂ ਲਈ ਕਾਫੀ ਜ਼ਿਆਦਾ ਆਵੰਟਨ ਕੀਤਾ ਗਿਆ ਸੀ। ਇਹ ਸਪੱਸ਼ਟ ਨਹੀਂ ਕਿ ਅਸਲ ਖਰਚਾ ਕਿੰਨਾ ਹੋਇਆ।

ਹੋਰ ਅੱਗੇ ਜਾਂਦਿਆਂ, ਹਾਸਲ ਨਤੀਜਿਆਂ ਦੀ ਲਗਾਤਾਰ ਸਮੀਖਿਆ ਕਰਨ ਦੀ ਲੋੜ ਹੈ ਤਾਂ ਕਿ ਬੁਨਿਆਦੀ ਢਾਂਚੇ ਉਤੇ ਨਿਰਦੇਸ਼ਿਤ ਖਰਚਾ ਕੀਤਾ ਜਾ ਸਕੇ।

*(ਲੇਖਕ 1985 ਤੋਂ ਆਈ ਆਈ ਐੱਮ ਵਿਖੇ ਅਧਿਆਪਕ ਹਨ)*

*e-mail :graghu@iimahd.ernet.in*

# ਬਜਟ 2016-17 : ਆਮ ਆਦਮੀ, ਕਾਰੋਬਾਰੀ ਖੇਤਰ ਅਤੇ ਰਾਜਾਂ ਲਈ ਟੈਕਸ ਦਾ ਗਣਿਤ

ਜੈਯੰਤ ਰੌਏ ਚੌਧਰੀ

2016-17 ਦੇ ਕੇਂਦਰੀ ਬਜਟ ਨੂੰ ਕਰ ਪ੍ਰਣਾਲੀ ਸਬੰਧੀ ਦਲੇਰ ਫੈਸਲੇ ਲੈਣ ਦਾ ਇੱਕ ਗਵਾਇਆ ਗਿਆ ਮੌਕਾ ਕਿਹਾ ਜਾ ਸਕਦਾ ਹੈ। ਇਹ ਅਜਿਹਾ ਸਮਾਂ ਸੀ ਜਦੋਂ ਕੱਚੇ ਤੇਲ ਦੀ ਕੀਮਤ ਸਭ ਤੋਂ ਹੇਠਲੇ ਪੱਧਰ ਉਤੇ ਹੈ; ਇਸ ਦਾ ਫ਼ਾਇਦਾ ਚੁੱਕਿਆ ਜਾ ਸਕਦਾ ਸੀ।

ਕਾਰੋਬਾਰੀ ਤੇ ਨਿੱਜੀ, ਦੋਹਾਂ ਤਰ੍ਹਾਂ ਦੇ ਕਰ ਨੂੰ ਘੱਟ ਕਰਨਾ, ਭਾਰਤ ਵਿੱਚ ਪਿਛਲੇ ਕੁੱਝ ਸਾਲਾਂ ਤੋਂ ਤੇਜੀ ਨਾਲ ਵਧ ਰਹੀ ਮਹਿੰਗਾਈ ਦਰ ਦੇ ਚਲਦਿਆਂ ਆਮਦਨ ਕਰ ਸਲੈਬ ਵਿੱਚ ਵਾਧਾ ਕਰਨਾ - ਇਸ ਨਾਲ ਨਾ ਕੇਵਲ ਬਜ਼ਾਰ ਦੇ ਮਤਦਾਤਾਵਾਂ ਅਤੇ ਮਾਹਰਾਂ ਦੀ ਵਾਹ-ਵਾਹੀ ਮਿਲਣੀ ਸੀ ਸਗੋਂ ਸਿੱਧਾ ਕਰ ਆਮਦਨ ਉਤੇ ਲਾਫਰ ਵਕਰ ਦਾ ਪ੍ਰਭਾਵ ਵੀ ਪੈਣਾ ਸੀ, ਜਦ ਕਿ ਦਰਾਂ ਵੀ ਘਟ ਗਈਆਂ ਹਨ।

ਇਹ ਸਭ ਕਹਿਣ ਦੇ ਬਾਅਦ ਵੀ, 2016-17 ਦਾ ਬਜਟ ਇੱਕ ਅਜਿਹੀ ਕਾਰਵਾਈ ਹੈ ਜੋ ਵਿਸ਼ੇਸ਼ਤਾ ਰੱਖਦਾ ਹੈ; ਇਹ ਚਿਰਾਂ ਤੋਂ ਉਡੀਕੇ ਜਾ ਰਹੇ ਕਰਾਂ ਦੇ ਤਰਕਸੰਗਤ ਕਰਨ ਦਾ ਐਲਾਨ ਹੈ ਅਤੇ ਹੋਰ ਤਰਕਸੰਗਤ ਦਾ ਲਾਲਚ ਵੀ ਦਿੰਦਾ ਹੈ, ਜਿਸ ਨਾਲ ਆਉਣ ਵਾਲੇ ਸਾਲਾਂ ਵਿੱਚ ਛੋਟਾਂ ਖਤਮ ਕਰਕੇ ਕਰ ਹੋਰ ਵੀ ਘੱਟ ਹੋ ਸਕਦੀਆਂ ਹਨ।

## ਨਿੱਜੀ ਕਰਦਾਤਾਵਾਂ ਲਈ ਰਾਹਤ

ਇਸ ਬਜਟ ਵਿੱਚ ਕਿਰਾਏ ਦੇ ਘਰ ਵਿੱਚ ਰਹਿਣ ਵਾਲੇ ਛੋਟੇ ਕਰਦਾਤਾ (ਜੋ ਮਕਾਨ ਭੱਤਾ ਨਾ ਲੈ ਰਿਹਾ ਹੋਵੇ) ਲਈ ਛੋਟ ਦੀ ਹੱਦ ਨਿਗੂਣੀ ਜਿਹੀ 2000 ਤੋਂ ਵਧਾ ਕੇ 5000 ਕਰ ਕੇ ਉਨ੍ਹਾਂ ਨੂੰ ਮਾਮੂਲੀ ਰਾਹਤ ਪ੍ਰਦਾਨ ਕਰਦੀ ਹੈ। ਇਹ ਛੋਟ ਉਨ੍ਹਾਂ ਨਾਗਰਿਕਾਂ ਨੂੰ ਮਿਲੇਗੀ ਜਿਨ੍ਹਾਂ ਦੀ ਆਮਦਨ ਸਲਾਨਾ 5 ਲੱਖ ਤੋਂ ਜ਼ਿਆਦਾ ਨਹੀਂ

2016-17 ਦੇ ਬਜਟ ਵਿੱਚ ਪਹਿਲੀ ਵਾਰ ਘਰ ਖਰੀਦਣ ਵਾਲਿਆਂ ਲਈ ਘਰ ਵਾਸਤੇ ਲਏ ਗਏ ਕਰਜ਼ੇ ਦੇ ਵਿਆਜ ਉਤੇ ਵਾਧੂ 50,000 ਰੁਪਏ ਦੀ ਛੋਟ ਦਾ ਵੀ ਪ੍ਰਸਤਾਵ ਪੇਸ਼ ਕੀਤਾ ਗਿਆ ਹੈ। ਜ਼ਮੀਨ ਜਾਇਦਾਦ ਖੇਤਰ ਦੀ ਨਾਜ਼ਕ ਹਾਲਤ ਨੂੰ ਦੇਖਦੇ ਹੋਏ ਇਸ ਛੋਟ ਨਾਲ ਨਾ ਸਿਰਫ਼ ਨਵਾਂ ਘਰ ਖਰੀਦਣ ਵਾਲਿਆਂ ਨੂੰ ਫ਼ਾਇਦਾ ਹੋਵੇਗਾ ਸਗੋਂ ਰੀਅਲ ਐਸਟੇਟ ਖੇਤਰ ਨੂੰ ਵੀ ਲਾਭ ਪੁੱਜੇਗਾ। ਇਸ ਪਹਿਲਕਦਮੀ ਦੀਆਂ ਸ਼ਰਤਾਂ ਹਨ ਕਿ ਘਰ ਦੀ ਕੀਮਤ 50 ਲੱਖ ਤੋਂ ਵੱਧ ਨਹੀਂ ਹੋਣੀ ਚਾਹੀਦੀ ਅਤੇ ਘਰ ਖਰੀਦਣ ਲਈ ਲਿਆ ਗਿਆ ਕਰਜ਼ਾ 35 ਲੱਖ ਤੋਂ ਵੱਧ ਨਹੀਂ ਹੋਣਾ ਚਾਹੀਦਾ।

ਉਸਾਰੀ ਮੁਕੰਮਲ ਕਰਨ ਜਾਂ ਆਪਣੇ ਰਹਿਣ ਲਈ ਮਕਾਨ/ਜਾਇਦਾਦ ਦੀ ਸਮਾਂ ਸੀਮਾ, ਜਿਸ ਅਧੀਨ ਗਿਰਵੀ ਵਿਆਜ 'ਤੇ ਛੋਟ ਲਈ ਜਾ ਸਕਦੀ ਹੈ, ਨੂੰ ਵੀ ਮੌਜੂਦਾ 3 ਸਾਲ ਤੋਂ ਵਧਾ ਕੇ 5 ਸਾਲ ਕਰ ਦਿੱਤਾ ਗਿਆ ਹੈ।

## ਅਤੀ ਅਮੀਰ ਕਰ

ਇਸ ਸਾਲ ਦੇ ਬਜਟ ਵਿੱਚ 1 ਕਰੋੜ ਤੋਂ ਵੱਧ ਕਮਾਈ ਕਰਨ ਵਾਲਿਆਂ ਉਤੇ ਲਗਾਏ ਜਾਣ ਵਾਲੇ ਸਰਚਾਰਜ ਨੂੰ 12 ਪ੍ਰਤਿਸ਼ਤ ਤੋਂ ਵਧਾ ਕੇ 15 ਪ੍ਰਤਿਸ਼ਤ ਕਰ ਦਿੱਤਾ ਗਿਆ ਹੈ ਤਾਂ ਕਿ ਕਰ-ਉਪਚਾਰ ਵਿੱਚ ਜ਼ਿਆਦਾ ਬਰਾਬਰੀ ਲਿਆਂਦੀ ਜਾ ਸਕੇ। 'ਸੁਪਰ ਰਿੱਚ' ਨਾਮ ਦਾ ਕਰ, ਵਿਸ਼ਵ ਪ੍ਰਣਾਲੀ ਦੇ ਅਨੁਸਾਰ ਹੀ ਹੈ ਜਿਸ ਅਧੀਨ ਜ਼ਿਆਦਾ ਕਮਾਈ ਕਰਨ ਵਾਲਿਆਂ ਉਤੇ ਕਰ ਲਾਇਆ ਜਾਂਦਾ ਹੈ ਕਿਉਂਕਿ ਇਹ ਤਬਕਾ ਅਕਸਰ ਹੀ ਉਨ੍ਹਾਂ ਕਰਾਂ ਤੋਂ ਸੁਰੱਖਿਆ ਚਾਹੁੰਦਾ ਹੈ ਜੋ ਮੱਧ ਵਰਗੀ ਨਾਗਰਿਕਾਂ ਦਾ ਪਿੱਛਾ ਕਰਦੇ ਹਨ ਅਤੇ ਆਰਥਿਕ ਮੰਦੀ ਦੇ ਦੌਰ ਵਿੱਚ ਕਰ ਪ੍ਰਣਾਲੀ ਦੇ ਨਵੇਂ ਤਰੀਕੇ ਲੱਭਣ ਲਈ ਹੱਥ-ਪੈਰ ਮਾਰਦੀ ਰਹਿੰਦੇ ਹਨ।

ਇੱਕ ਦੂਸਰੇ ਕਦਮ ਵਿੱਚ, ਜਿਸ ਨੂੰ ਅਮੀਰ ਵਿਰੋਧੀ ਕਦਮ ਦੇ ਤੌਰ ਤੇ ਵੇਖਿਆ ਜਾ ਸਕਦਾ ਹੈ, ਭਾਵੇਂ ਕਿ ਗਰੀਬ ਪੱਖੀ ਵੀ ਨਹੀਂ ਕਿਹਾ ਜਾ ਸਕਦਾ, ਉਹ ਹੈ ਨਿੱਜੀ ਵਿਅਕਤੀਆਂ, ਅਣਵੰਡੇ ਹਿੰਦੂ ਪਰਿਵਾਰਾਂ ਅਤੇ ਇਕਾਈਆਂ ਨੂੰ ਮਿਲਣ ਵਾਲੇ ਲਾਭਾਂਸ਼ ਉੱਤੇ 10 ਪ੍ਰਤਿਸ਼ਤ ਦੀ ਦਰ ਨਾਲ ਕਰ ਲਾਉਣਾ, ਜੋ ਸਲਾਨਾ 10 ਲੱਖ ਤੋਂ ਵੱਧ ਲਾਭਾਂਸ਼ ਕਮਾਉਂਦੇ ਹਨ।

ਇਸੇ ਤਰ੍ਹਾਂ ਹੀ, ਭਾਰਤੀਆਂ ਦੀ ਕਾਰਾਂ ਵਾਸਤੇ ਦਿਵਾਨਗੀ ਦਾ ਲਾਭ ਲੈਣ ਲਈ, ਜੋ ਪੁਨਰ ਸੁਰਜੀਤੀ ਦਾ ਇੱਕ ਸੰਕੇਤ ਹੈ, 10 ਲੱਖ ਤੋਂ ਵੱਧ ਕੀਮਤ ਵਾਲੀਆਂ ਕਾਰਾਂ, 2 ਲੱਖ ਤੋਂ ਵੱਧ ਦੀਆਂ ਵਸਤਾਂ ਅਤੇ ਸੇਵਾਵਾਂ ਦੀ ਖਰੀਦ ਉਤੇ 1 ਪ੍ਰਤਿਸ਼ਤ ਸਰੋਤ ਉਤੇ ਕਰ ਲਾਉਣ ਦਾ ਪ੍ਰਸਤਾਵ ਵੀ ਲਿਆਂਦਾ ਗਿਆ ਹੈ। ਭਾਵੇਂ ਕਿ ਬਹੁਤੇ ਵਿੱਤੀ ਮਾਹਰ ਇਹ ਗੱਲ ਆਖਣਗੇ ਕਿ 10-15 ਲੱਖ ਕੀਮਤ ਵਾਲੀਆਂ ਕਾਰਾਂ ਨੂੰ 'ਲਗਜ਼ਰੀ' ਕਾਰਾਂ ਨਹੀਂ ਕਿਹਾ ਜਾ ਸਕਦਾ। ਪਰ ਸਾਡੇ ਦੇਸ਼, ਜਿਸ ਦੀ ਜਨਸੰਖਿਆ ਦਾ ਇੱਕ ਵੱਡਾ ਹਿੱਸਾ ਦੋ ਵੇਲੇ ਦੀ ਰੋਟੀ ਕਮਾਉਣ ਦੇ ਵੀ ਸਮਰੱਥ ਨਹੀਂ, ਇਥੇ ਇਹ ਦਲੀਲ ਦਿੱਤੀ ਜਾ ਸਕਦੀ ਹੈ ਕਿ ਕਾਰ ਖਰੀਦਣ ਉਤੇ 10 ਲੱਖ ਦਾ ਖਰਚ ਜਾਂ ਚੀਜ਼ਾਂ ਵਾਸਤੇ ਖਰੀਦਣ ਉਤੇ ਇਕੱਠਾ 2 ਲੱਖ ਦਾ ਖਰਚ ਧਿਆਨ ਤਾਂ ਖਿੱਚੇਗਾ ਹੀ।

## ਕਾਲਾ ਧੰਨ ਕਰ

ਕਾਲੇ ਧੰਨ ਨੂੰ ਵਾਪਸ ਆਰਥਿਕਤਾ ਵਿੱਚ ਖਿੱਚਣ ਦੀ ਆਪਣੀ ਰਾਜਨੀਤਕ ਪ੍ਰਤਿਬਧਤਾ ਨੂੰ ਦੇਖਦਿਆਂ, ਸਰਕਾਰ ਵਲੋਂ 'ਆਮਦਨ ਐਲਾਨ ਸਕੀਮ' ਘਰੇਲੂ 'ਕਾਲੇ ਧੰਨ' ਲਈ ਸ਼ੁਰੂ ਕੀਤੀ ਗਈ ਹੈ ਜਿਸ ਤਹਿਤ ਕਰਦਾਤਾਵਾਂ ਨੂੰ ਆਪਣੀ ਛੁਪੀ ਹੋਈ ਆਮਦਨ ਦਾ ਵੇਰਵਾ ਦੇਣ ਲਈ ਇੱਕ ਵਾਰੀ ਮੌਕਾ ਦਿੱਤਾ ਜਾਵੇਗਾ। ਇਸ ਸਕੀਮ ਵਿੱਚ 30 ਪ੍ਰਤਿਸ਼ਤ ਟੈਕਸ, 7.5 ਪ੍ਰਤਿਸ਼ਤ ਸਰਚਾਰਜ ਅਤੇ 7.5 ਪ੍ਰਤਿਸ਼ਤ ਜੁਰਮਾਨਾ ਦੇਣਾ ਹੋਵੇਗਾ। ਇਹ ਛੁਪੀ ਹੋਈ ਆਮਦਨ ਦਾ 45 ਪ੍ਰਤਿਸ਼ਤ ਬਣਦਾ ਹੈ। ਅਜਿਹਾ ਹੀ ਇੱਕ ਮੌਕਾ ਪਿਛਲੇ ਸਾਲ ਵਿਦੇਸ਼ਾਂ ਵਿੱਚ ਜਮ੍ਹਾਂ ਕਾਲੇ ਧੰਨ ਲਈ ਵੀ ਦਿੱਤਾ ਗਿਆ ਸੀ।

## ਈ ਪੀ ਐੱਫ ਓ ਫੰਡ

ਵਿੱਤ ਮੰਤਰਾਲੇ ਵਲੋਂ ਕਰਮਚਾਰੀ ਭਵਿੱਖ ਪੂੰਜੀ ਵਿੱਚ ਨਿਵੇਸ਼ਕਾਂ ਵਲੋਂ ਭਵਿੱਖੀ ਪੂੰਜੀ ਬਚਤਾਂ ਦੇ ਇੱਕ ਹਿੱਸੇ ਉਤੇ, 1 ਅਪ੍ਰੈਲ 2016 ਤੋਂ ਬਾਅਦ ਟੈਕਸ ਲਾਉਣ ਦੀ ਯੋਜਨਾ ਹੈ। ਇਸ ਬਜਟ ਵਿੱਚ ਐਲਾਨ ਕੀਤਾ ਗਿਆ ਹੈ ਕਿ 2016-17 ਦੇ ਵਿੱਤੀ ਸਾਲ ਤੋਂ, ਕਰਮਚਾਰੀ ਭਵਿੱਖ ਪੂੰਜੀ ਦੀਆਂ 60 ਬੱਚਤਾਂ ਕਢਵਾਉਣ ਉਤੇ ਟੈਕਸ ਲੱਗੇਗਾ, ਜਦ ਤੱਕ ਇਹ ਪੈਸਾ ਕਿਸੇ ਸਲਾਨਾ ਸਕੀਮ ਵਿੱਚ ਦੁਬਾਰਾ ਨਿਵੇਸ਼ ਨਹੀਂ ਕਰ ਦਿੱਤਾ ਜਾਂਦਾ ਜੋ ਨਾਗਰਿਕਾਂ ਨੂੰ ਪੈਨਸ਼ਨ ਦਿੰਦਾ ਹੈ। ਇਥੇ ਦੱਸਣਾ ਵਾਜਬ ਹੋਵੇਗਾ ਕਿ ਕਰਮਚਾਰੀ ਭਵਿੱਖੀ ਪੂੰਜੀ ਫੰਡ ਦੇਸ਼ ਦਾ ਸਭ ਤੋਂ ਵੱਡਾ ਬਚਤ ਫੰਡ ਹੈ ਜਿਸ ਦਾ ਕੋਸ਼ 6.5 ਲੱਖ ਕਰੋੜ ਰੁਪਏ ਹੈ। ਅਪ੍ਰੈਲ 2016 ਤੋਂ ਪਹਿਲਾਂ ਈ ਪੀ ਐੱਫ ਉਤੇ ਮਿਲੇ ਵਿਆਜ ਨੂੰ ਕਢਵਾਉਣ ਸਮੇਂ ਬੇਸ਼ੱਕ ਕੋਈ ਟੈਕਸ ਨਹੀਂ ਲੱਗੇਗਾ।

ਬਾਅਦ ਵਿੱਚ ਵਿੱਤ ਮੰਤਰਾਲੇ ਵਲੋਂ ਇਹ ਸਪੱਸ਼ਟ ਕੀਤਾ ਗਿਆ ਕਿ ਉਹ ਮੂਲ ਨਿਵੇਸ਼ ਕੀਤੀ ਰਕਮ ਉਤੇ ਟੈਕਸ ਨਾ ਲਾਉਣ ਦਾ ਵਿਚਾਰ ਕਰ ਰਿਹਾ ਹੈ, ਸਿਰਫ ਵਿਆਜ ਉਤੇ ਹੀ ਟੈਕਸ ਲਾਇਆ ਜਾਵੇਗਾ। ਇਹ ਲਿਖਣ ਵੇਲੇ ਤੱਕ, ਨਾਰਥ ਬਲਾਕ ਦੇ ਗਲਿਆਰਿਆਂ ਵਿੱਚ, ਜਿੱਥੇ ਵਿੱਤ ਮੰਤਰਾਲਾ ਸਥਿਤ ਹੈ, ਤਨਖ਼ਾਹਦਾਰ ਮੁਲਾਜ਼ਮਾਂ ਅਤੇ ਯੂਨੀਅਨਾਂ ਵਲੋਂ ਮਿਲੀਆਂ ਅਰਜ਼ੀਆਂ ਦੇ ਮੱਦੇਨਜ਼ਰ ਇਸ ਉਤੇ ਪੁਨਰ ਵਿਚਾਰ ਚੱਲ ਰਿਹਾ ਹੈ। ਇਹ ਕਦਮ ਵੱਖ-ਵੱਖ ਪੈਨਸ਼ਨ ਫੰਡ ਵਿਚਾਲੇ ਬਰਾਬਰੀ ਲਿਆਉਣ ਅਤੇ ਪੈਸਾ ਕੱਢਣ ਦੀ ਬਜਾਇ ਨਿਵੇਸ਼ ਕਰਕੇ ਰੱਖਣ ਲਈ ਲੋਕਾਂ ਨੂੰ ਪ੍ਰੇਰਨਾ ਵਾਸਤੇ ਚੁੱਕਿਆ ਗਿਆ ਸੀ। ਇਹ ਕਿਸ ਕਰਵਟ ਬਹਿੰਦਾ ਹੈ, ਇਹ ਦੇਖਣਾ ਹਲੇ ਬਾਕੀ ਹੈ।

ਪਰ, ਸਰਕਾਰ ਵਲੋਂ ਇਹ ਸਾਫ਼ ਕੀਤਾ ਗਿਆ ਹੈ ਕਿ ਬਹੁ-ਗਿਣਤੀ ਲੋਕ, ਜਿਨ੍ਹਾਂ ਵਾਸਤੇ ਈ ਪੀ ਐੱਫ ਸਕੀਮ ਬਣਾਈ ਗਈ ਸੀ, ਉਹ 15,000 ਰੁਪਏ ਕਨੂੰਨੀ ਉਜਰਤ ਸੀਮਾ ਦੇ ਬਰਾਬਰ ਜਾਂ ਘੱਟ ਕਮਾਉਂਦੇ ਹਨ, ਅਤੇ ਉਨ੍ਹਾਂ ਨੂੰ ਬਿਨਾਂ ਕਿਸੇ ਟੈਕਸ ਦੇ ਈ ਪੀ ਐੱਫ ਬੱਚਤ ਕਢਵਾਉਣ ਦੀ ਆਗਿਆ ਦਿੱਤੀ ਜਾਵੇਗੀ। ਈ ਪੀ ਐੱਫ ਓ ਵਿੱਚ ਯੋਗਦਾਨ ਦੇਣ ਵਾਲੇ 3.7 ਕਰੋੜ ਮੈਂਬਰਾਂ ਵਿੱਚੋਂ ਲਗਭਗ 3 ਕਰੋੜ ਗਾਹਕ ਇਸ ਸ਼੍ਰੇਣੀ ਵਿੱਚ ਆਉਂਦੇ ਹਨ। ਇਸ ਵਰਗ ਦੇ ਲੋਕਾਂ ਲਈ ਨਵੀਂ ਵਿਵਸਥਾ ਵਿੱਚ ਕੋਈ ਤਬਦੀਲੀ ਨਹੀਂ ਕੀਤੀ ਜਾਵੇਗੀ।

## ਕਾਰਪੋਰੇਟ ਟੈਕਸ ਦਾ ਗਣਿਤ

ਵਿਸ਼ਵ ਨੇਮਾਂ ਮੁਤਾਬਕ ਕਾਰੋਬਾਰੀ ਖੇਤਰ ਲਈ ਟੈਕਸ ਦਰ ਘੱਟ ਕਰਨ ਦੇ ਆਪਣੇ ਵਾਅਦੇ ਨੂੰ ਕਾਇਮ ਰੱਖਦਿਆਂ, ਟੈਕਸ ਦੀਆਂ ਦਰਾਂ ਘੱਟ ਕਰਕੇ ਇੱਕ ਸ਼ੁਰੂਆਤ ਕੀਤੀ ਗਈ ਹੈ। 29 ਪ੍ਰਤਿਸ਼ਤ ਹੈੱਡ ਲਾਈਨ ਟੈਕਸ ਦਰ ਉਨ੍ਹਾਂ ਕੰਪਨੀਆਂ ਲਈ ਪ੍ਰਸਤਾਵਿਤ ਕੀਤੀ ਗਈ ਹੈ ਜਿਨ੍ਹਾਂ ਦਾ ਕੁੱਲ ਸਲਾਨਾ ਕਾਰੋਬਾਰ 2014-15 ਵਿੱਚ 5 ਕਰੋੜ ਰੁਪਏ ਤੋਂ ਘੱਟ ਸੀ। ਨਵੇਂ ਉੱਦਮਾਂ ਵਾਸਤੇ ਰਸਤਾ ਸਾਫ਼ ਕਰਨ ਲਈ, ਨਵੀਆਂ ਇਕਾਈਆਂ ਵਾਸਤੇ 25 ਪ੍ਰਤਿਸ਼ਤ ਟੈਕਸ ਦਰ ਦਾ ਪ੍ਰਸਤਾਵ ਕੀਤਾ ਗਿਆ ਹੈ।

ਅਪ੍ਰੈਲ 2016 ਤੋਂ 2019 ਦਰਮਿਆਨ ਨਵੇਂ ਉੱਦਮਾਂ ਨੂੰ ਤਿੰਨ ਸਾਲ ਲਈ ਟੈਕਸ ਤੋਂ ਛੋਟ ਦੇਣ ਦਾ ਐਲਾਨ ਕੀਤਾ ਗਿਆ ਹੈ, ਬਸ਼ਰਤੇ ਉਹ ਕਿਸੇ ਵੀ ਪ੍ਰਕਾਰ ਦੇ ਨਿਵੇਸ਼ ਜਾਂ ਸੁਰੱਖਿਆ ਆਦਿ ਉਤੇ ਕੋਈ ਟੈਕਸ ਛੋਟ ਪ੍ਰਾਪਤ ਨਾ ਕਰਨ। ਨਿੱਜੀ ਵਿਅਕਤੀਆਂ ਅਤੇ ਅਣਵੰਡੇ ਹਿੰਦੂ ਪਰਿਵਾਰਾਂ ਨੂੰ ਨਵੀਆਂ ਕੰਪਨੀਆਂ ਸ਼ੁਰੂ ਕਰਨ ਵਾਸਤੇ ਉਤਸ਼ਾਹਿਤ ਕਰਨ ਲਈ ਬਜਟ ਵਿੱਚ ਪ੍ਰਸਤਾਵ ਪੇਸ਼ ਕੀਤਾ ਗਿਆ ਹੈ ਕਿ ਰਹਾਇਸ਼ੀ ਘਰੇਲੂ ਜਾਇਦਾਦ ਤਬਦੀਲ ਕਰਨ ਤੋਂ ਮਿਲਣ ਵਾਲੀ ਚਿਰਸਥਾਈ ਪੂੰਜੀ ਪ੍ਰਾਪਤੀ ਨੂੰ ਛੋਟ ਦਿੱਤੀ ਜਾਵੇਗੀ, ਬਸ਼ਰਤੇ ਅਜਿਹੀਆਂ ਪੂੰਜੀਗਤ ਪ੍ਰਾਪਤੀਆਂ ਨੂੰ ਨਵੀਂ ਸ਼ੁਰੂ ਹੋਣ ਵਾਲੀ ਕੰਪਨੀ ਦੇ ਸ਼ੇਅਰਾਂ ਵਿੱਚ ਨਿਵੇਸ਼ ਕੀਤਾ ਜਾਵੇ ਅਤੇ ਉਸ ਕੰਪਨੀ ਵਿੱਚ ਨਿੱਜੀ ਜਾਂ ਅਣਵੰਡੇ ਹਿੰਦੂ ਪਰਿਵਾਰ ਦਾ 50 ਪ੍ਰਤਿਸ਼ਤ ਤੋਂ ਵੱਧ ਹਿੱਸਾ ਹੋਵੇ। ਇਹ ਵੀ ਸ਼ਰਤ ਹੋਵੇਗੀ ਕਿ ਕੰਪਨੀ ਨਿਵੇਸ਼ ਕੀਤੇ ਪੈਸੇ ਨੂੰ ਨਵੇਂ ਅਸਾਸੇ ਖਰੀਣ ਲਈ ਇਸਤੇਮਾਲ ਕਰੇ।

## ਛੋਟਾਂ ਨੂੰ ਖਤਮ ਕਰਨਾ

ਸਰਕਾਰ ਵਲੋਂ ਪਹਿਲਾਂ ਹੀ ਚੇਤਾਵਨੀ ਦੇ ਦਿੱਤੀ ਗਈ ਸੀ ਕਿ ਟੈਕਸਾਂ ਦੇ ਤਰਕਸੰਗਤ ਕਰਨ ਦੇ ਨਾਲ-ਨਾਲ, ਪੜਾਅਵਾਰ ਤਰੀਕੇ ਨਾਲ ਛੋਟਾਂ ਨੂੰ ਵੀ ਖਤਮ ਕਰਨਾ ਪਵੇਗਾ ਜਿਸ ਨੇ ਆਮਦਨ ਕਰ ਐਕਟ ਨੂੰ ਨੌਸਿੱਖਿਆਂ ਲਈ ਭਿਆਨਕ ਸੁਪਨਾ ਅਤੇ ਚਾਰਟਰਡ ਅਕਾਊਂਟੈਂਟਾਂ ਲਈ ਖ਼ੁਸ਼ੀ ਬਣਾ ਕੇ ਰੱਖ ਦਿੱਤਾ ਹੈ ਜੋ ਆਪਣੇ ਗਾਹਕਾਂ ਲਈ ਟੈਕਸ ਬਚਾਉਣ ਦੇ ਤਰੀਕੇ ਲੱਭਦੇ ਰਹਿੰਦੇ ਹਨ। ਇਸ ਦੇ ਲਈ ਇੱਕ ਖਾਕੇ ਦਾ ਐਲਾਨ ਕੀਤਾ ਗਿਆ ਹੈ। ਮੌਜੂਦਾ ਸਮੇਂ ਭਾਰਤ ਸਰਕਾਰ ਖੇਤਰ ਅਤੇ ਨਿਵੇਸ਼ ਦੇ ਅਧਾਰ ਉਤੇ ਵੱਖ-ਵੱਖ ਖੇਤਰਾਂ ਨੂੰ ਟੈਕਸ ਛੋਟ ਪ੍ਰਦਾਨ ਕਰਦੀ ਹੈ ਜਿਸ ਵਿੱਚ ਬਿਜਲੀ ਉਤਪਾਦਨ, ਵੰਡ ਤੇ ਪ੍ਰਸਾਰਣ, ਵਿਸ਼ੇਸ਼ ਆਰਥਿਕ ਜ਼ੋਨ ਅਤੇ ਦੂਰ-ਸੰਚਾਰ ਅਤੇ ਨਿਰਮਾਣ ਇਕਾਈਆਂ ਸ਼ਾਮਲ ਹਨ ਜੋ ਉੱਤਰ-ਪੂਰਬ ਅਤੇ ਜੰਮੂ-ਕਸ਼ਮੀਰ ਅਤੇ ਹਿਮਾਚਲ ਪ੍ਰਦੇਸ਼ ਵਰਗੇ ਵਿਸ਼ੇਸ਼ ਦਰਜਾ ਪ੍ਰਾਪਤ ਰਾਜਾਂ ਵਿੱਚ ਸਥਾਪਤ ਕੀਤੀਆਂ ਗਈਆਂ ਹਨ।

ਯੋਜਨਾ ਮੁਕੱਦਮੇਬਾਜ਼ੀ ਘੱਟ ਕਰਨ ਅਤੇ ਕਰ ਪ੍ਰਣਾਲੀ ਨੂੰ ਤਰਕਸੰਗਤ ਕਰਨ ਦੀ ਹੈ। ਵਰਤਮਾਨ ਸਮੇਂ ਵੱਖ-ਵੱਖ ਛੋਟਾਂ ਦੇ ਚੱਲਦਿਆਂ ਪ੍ਰਭਾਵੀ ਟੈਕਸ ਦਰ 23 ਪ੍ਰਤਿਸ਼ਤ ਹੈ ਜਦ ਕਿ ਕਨੂੰਨੀ ਦਰ ਕਿਤੇ ਜ਼ਿਆਦਾ 30-33 ਪ੍ਰਤਿਸ਼ਤ ਦੀ ਹੈ। ਇਨ੍ਹਾਂ ਛੋਟਾਂ ਕਾਰਨ ਅੱਜ 62,000 ਕਰੋੜ ਰੁਪਏ ਦੇ ਮਾਲੀਏ ਦਾ ਨੁਕਸਾਨ ਹੋ ਰਿਹਾ ਹੈ।

## ਵਿਦੇਸ਼ੀ ਕੰਪਨੀਆਂ ਲਈ ਘੱਟੋ-ਘੱਟ ਬਦਲਵਾਂ ਟੈਕਸ (ਐੱਮ ਏ ਟੀ)

ਆਪਸੀ ਸਮਝੌਤੇ ਦੇ ਫਾਇਦੇ ਲੈਣ ਵਾਲੀਆਂ ਵਿਦੇਸ਼ੀ ਕੰਪਨੀਆਂ ਜਾਂ ਭਾਰਤ ਵਿੱਚ ਬਿਨਾਂ ਮੌਜੂਦਗੀ ਦੇ ਪੂੰਜੀਗਤ ਮੁਨਾਫਾ ਕਮਾਉਣ ਵਾਲੀਆਂ

ਵਿਦੇਸ਼ੀ ਕੰਪਨੀਆਂ ਦੇ ਮਾਮਲੇ ਵਿੱਚ ਘੱਟੋ-ਘੱਟ ਵਿਕਲਪਿਕ ਟੈਕਸ (ਐੱਮ ਏ ਟੀ) ਦਾ ਕੀ ਰੁਖ ਹੋਵੇਗਾ, (ਦੂਜੇ ਐੱਫ ਆਈ ਆਈ ਐੱਸ ਨੂੰ ਛੱਡ ਕੇ), ਇਸ ਵਿਵਾਦ ਨੂੰ ਹੁਣ ਖਤਮ ਕਰਨ ਦਾ ਪ੍ਰਸਤਾਵ ਪੇਸ਼ ਕੀਤਾ ਗਿਆ ਹੈ।

2016-17 ਦਾ ਬਜਟ ਉਨ੍ਹਾਂ ਵਿਦੇਸ਼ੀ ਕੰਪਨੀਆਂ ਲਈ, 1 ਅਪ੍ਰੈਲ 2001 ਦੇ ਪੂਰਵ ਪ੍ਰਭਾਵ ਤੋਂ ਐੱਮ ਏ ਟੀ ਦੇ ਪ੍ਰਾਵਧਾਨਾਂ ਨੂੰ ਖਤਮ ਕਰਨ ਦਾ ਪ੍ਰਸਤਾਵ ਕਰਦਾ ਹੈ, ਜੇ ਉਹ ਫਰਮ ਉਸ ਦੇਸ਼ ਨਾਲ ਨਾਤਾ ਰੱਖਦੀ ਹੈ ਜਿਸ ਨਾਲ ਭਾਰਤ ਦਾ ਸਮਝੌਤਾ ਨਹੀਂ ਜਾਂ ਉਹ ਫਰਮ ਭਾਰਤੀ ਕਨੂੰਨ ਮੁਤਾਬਕ ਨਿੱਜੀ ਨਿਵੇਸ਼ਕ ਨਹੀਂ ਹੈ।

## ਗੂਗਲ ਟੈਕਸ

2016-17 ਦੇ ਬਜਟ ਵਿੱਚ ਇੱਕ ਹੈਰਾਨੀ ਭਰੀ ਸ਼ਮੂਲੀਅਤ ਨਵੇਂ 'ਬਰਾਬਰੀ ਵਾਲੀ ਉਗਰਾਹੀ ਦੀ ਹੈ ਜੋ ਯੂ.ਕੇ. ਵਲੋਂ ਲਾਏ ਗੂਗਲ ਟੈਕਸ ਵਰਗਾ ਹੀ ਹੈ। ਇਹ ਭਾਰਤੀ ਨਾਗਰਿਕਾਂ ਵਲੋਂ ਵਿਦੇਸ਼ੀ ਕੰਪਨੀਆਂ ਨੂੰ ਕੀਤੇ ਜਾਂਦੇ ਆਨਲਾਈਨ ਭੁਗਤਾਨ ਉਤੇ 6 ਪ੍ਰਤਿਸ਼ਤ ਟੈਕਸ ਲਾਵੇਗਾ। ਜਿਸ ਵਿੱਚ ਈ-ਵਣਜ ਦੇ ਮੰਚ ਵੀ ਸ਼ਾਮਲ ਹਨ ਜੋ ਆਨਲਾਈਨ ਇਸ਼ਤਿਹਾਰਬਾਜ਼ੀ ਦੀਆਂ ਸੇਵਾਵਾਂ ਪ੍ਰਦਾਨ ਕਰਦੇ ਹਨ।

## ਸਜ਼ਾ

ਦਿਲਚਸਪੀ ਵਾਲੀ ਗੱਲ ਹੈ ਕਿ 1 ਅਪ੍ਰੈਲ 2016 ਤੋਂ ਘੱਟ ਆਮਦਨ ਦੱਸਣ ਵਾਲਿਆਂ ਉੱਤੇ 50 ਪ੍ਰਤਿਸ਼ਤ ਤੱਕ ਜੁਰਮਾਨਾ ਲਾਉਣ ਲਈ ਇੱਕ ਨਵੀਂ ਧਾਰਾ ਦਾ ਐਲਾਨ ਕੀਤਾ ਗਿਆ ਹੈ। ਤੱਥ ਛੁਪਾਉਣ ਲਈ ਜੁਰਮਾਨਾ 200 ਪ੍ਰਤਿਸ਼ਤ ਤੱਕ ਕੀਤਾ ਜਾ ਸਕਦਾ ਹੈ। ਵਰਤਮਾਨ ਸਮੇਂ ਜੁਰਮਾਨਾ ਆਮਦਨ ਕਰ ਅਫ਼ਸਰਾਂ ਦੇ ਵਿਵੇਕ ਉਤੇ ਨਿਰਭਰ ਕਰਦਾ ਹੈ ਜੋ ਆਮਦਨ ਘੱਟ ਦਰਸਾਉਣ ਲਈ 100 ਤੋਂ 300 ਪ੍ਰਤਿਸ਼ਤ ਹੋ ਸਕਦਾ ਹੈ।

## ਰਾਜਾਂ ਦਾ ਮਾਲੀਆ

ਵਿੱਤੀ ਸੰਘਵਾਦ ਨੂੰ ਹੁਲਾਰਾ ਦੇਣ ਲਈ ਰਾਜ ਸਰਕਾਰਾਂ ਨੂੰ ਤਬਦੀਲ ਕੀਤੇ ਜਾਣ ਵਾਲੇ ਕੁੱਲ ਸਰੋਤਾਂ ਵਿੱਚ, 2016-17 ਦੇ ਬਜਟ ਅਨੁਮਾਨਾਂ ਮੁਤਾਬਕ ਸਾਲ 2015-16 ਦੇ ਮੁਕਾਬਲੇ 12 ਪ੍ਰਤਿਸ਼ਤ ਤੱਕ ਦਾ ਸਿਹਤਮੰਦ ਵਾਧਾ ਹੋਣ ਦੀ ਆਸ ਪ੍ਰਗਟ ਕੀਤੀ ਗਈ ਹੈ।

ਪਰ, ਲਗਾਤਾਰ ਅਜਿਹੇ ਸੈੱਸ ਲਾਉਣ ਦਾ ਰੁਝਾਨ ਜਿਸ ਦਾ ਮਾਲੀਆ ਰਾਜਾਂ ਨਾਲ ਸਾਂਝਾ ਨਹੀਂ ਕੀਤਾ ਜਾਂਦਾ, ਕੁੱਲ ਮਾਲੀਏ ਦੀ ਟੇਢੀ-ਮੇਢੀ ਪ੍ਰਤਿਸ਼ਤਤਾ ਜੋ ਰਾਜਾਂ ਨੂੰ ਜਾ ਸਕਦੀ ਸੀ, ਜੋ ਰਾਜਾਂ ਵਲੋਂ ਇੱਕ ਚੁਣੌਤੀ ਵਜੋਂ ਲਈ ਜਾ ਸਕਦੀ ਸੀ

ਸੇਵਾਵਾਂ ਉਤੇ ਲੱਗਣ ਵਾਲਾ ਨਵਾਂ ਲਾਗੂ ਕੀਤਾ ਕ੍ਰਿਸ਼ੀ ਕਲਿਆਣ ਸੈੱਸ, ਜਿਸ ਤੋਂ 5000 ਕਰੋੜ ਰੁਪਏ ਮਿਲਣ ਦਾ ਅਨੁਮਾਨ ਹੈ, ਇਕੱਲਾ ਕੇਂਦਰ ਸਰਕਾਰ ਨੂੰ ਜਾਵੇਗਾ। ਇਸੇ ਪ੍ਰਕਾਰ ਕਾਰਾਂ ਉਤੇ ਲੱਗਣ ਵਾਲੇ ਸੈੱਸ ਤੋਂ 3000 ਕਰੋੜ ਰੁਪਏ ਮਿਲਣ ਦੀ ਆਸ ਹੈ। 2016-17 ਦੌਰਾਨ ਅਜਿਹੀਆਂ ਉਗਰਾਹੀਆਂ ਤੋਂ 1 ਲੱਖ 19 ਕਰੋੜ ਤੋਂ ਵੱਧ ਪੈਸਾ ਆਉਣ ਦੀ ਉਮੀਦ ਹੈ ਜੋ ਸਾਰੇ ਕੇਂਦਰੀ ਟੈਕਸਾਂ ਤੋਂ ਪ੍ਰਾਪਤ ਕੁੱਲ ਪੈਸੇ ਦਾ 12 ਪ੍ਰਤਿਸ਼ਤ ਅਤੇ ਕੇਂਦਰ ਵਲੋਂ ਇਨ੍ਹਾਂ ਟੈਕਸਾਂ ਵਿੱਚ ਆਪਣੇ ਯੋਗਦਾਨ ਦਾ ਪੰਜਵਾਂ ਹਿੱਸਾ ਬਣਦਾ ਹੈ।

*(ਲੇਖਕ ਦਿ ਟੈਲੀਗ੍ਰਾਫ ਵਿੱਚ ਸੀਨੀਅਰ ਐਡੀਟਰ-ਬਿਜਨਸ ਹਨ)*

*e-mail :jrchowdhury@yahoo.com*

*ਸਫ਼ਾ 5 ਦਾ ਬਾਕੀ*

ਹੋਏ ਤੇਜ਼ ਵਾਧੇ ਦੇ ਬਿਲਕੁਲ ਉਲਟ ਹੈ। ਪਿਛਲੇ ਕੁੱਝ ਸਾਲਾਂ ਵਿੱਚ ਵਿਕਾਸ ਦੀ ਮੱਠੀ ਰਫ਼ਤਾਰ ਦਾ ਕਾਰਨ ਨਿਵੇਸ਼ ਵਿੱਚ ਗਿਰਾਵਟ ਕਿਹਾ ਜਾ ਸਕਦਾ ਹੈ। ਖੇਤੀਬਾੜੀ ਵਿੱਚ ਹੋਰ ਜ਼ਿਆਦਾ ਨਿਵੇਸ਼ ਕਰਨ ਲਈ ਰਾਜਾਂ ਨੂੰ ਉਤਸ਼ਾਹਿਤ ਕਰਨ ਵਿੱਚ ਬਜਟ ਅਸਫਲ ਦਿਖਾਈ ਦੇ ਰਿਹਾ ਹੈ।

ਦੂਜਾ ਮੁੱਦਾ ਉਤੋਂ ਹੇਠਲੀ ਪਹਿਲ/ਪ੍ਰਣਾਲੀ ਦਾ ਹੈ। ਭਾਰਤ ਇਕ ਬਹੁ-ਜਾਤੀ ਦੇਸ਼ ਹੈ ਜਿਸ ਦੇ ਖੇਤੀ-ਮੌਸਮ ਹਾਲਤਾਂ ਵਿੱਚ ਵੱਡੇ ਫ਼ਰਕ ਹਨ। ਵਰਤਮਾਨ ਬਜਟ ਵਿੱਚ ਪ੍ਰਸਤਾਵਿਤ ਵਿਆਪਕ ਸਿੰਜਾਈ ਪ੍ਰੋਗਰਾਮ, ਫ਼ਸਲ ਬੀਮਾ ਯੋਜਨਾ ਜਾਂ ਹੋਰ ਕਿਸੇ ਵੀ ਪ੍ਰਸਤਾਵਿਤ ਪ੍ਰੋਗਰਾਮ ਨੂੰ ਸਫਲ ਬਣਾਉਣ ਲਈ ਸਥਾਨਕ ਹਾਲਤਾਂ ਮੁਤਾਬਕ ਬਣਾਉਣਾ ਪਵੇਗਾ। ਇਨ੍ਹਾਂ ਪ੍ਰੋਗਰਾਮਾਂ ਲਈ ਅਪਣਾਈ ਜਾਂਦੀ ਵਿਸ਼ੇਸ਼ ਉੱਤੋਂ ਹੇਠਲੀ ਪਹੁੰਚ ਇਸ ਖੇਤਰ ਦੇ ਵਿਕਾਸ ਲਈ ਹੋ ਸਕਦਾ ਹੈ ਲਾਹੇਵੰਦ ਨਾ ਹੋਵੇ। ਵੱਖ-ਵੱਖ ਰਾਜਾਂ ਦੁਆਰਾ ਆਰ ਕੇ ਵੀ ਵਾਈ ਅਧੀਨ ਤਿਆਰ ਕੀਤੀਆਂ ਜ਼ਿਲ੍ਹਾ ਖੇਤੀਬਾੜੀ ਯੋਜਨਾਵਾਂ ਵਿੱਚ ਮੌਜੂਦਾ ਖੇਤਰ ਵਿਸ਼ੇਸ਼ ਸੁਝਾਵਾਂ ਨੂੰ ਇਸ ਵਾਸਤੇ ਇਸਤੇਮਾਲ ਕੀਤਾ ਜਾ ਸਕਦਾ ਹੈ (ਸੇਨ, 2016)।

ਇਕ ਹੋਰ ਮਹੱਤਵਪੂਰਨ ਮੁੱਦਾ, ਜਿਸ ਦਾ ਕਰਜ਼ੇ, ਸਿੱਧੀ ਬੈਂਕ ਵਿੱਚ ਤਬਦੀਲੀ ਜਾਂ ਬੀਮੇ ਦੀ ਸਫਲਤਾ ਉਤੇ ਅਸਰ ਪਵੇਗਾ, ਉਹ ਹੈ ਕਾਸ਼ਤਕਾਰੀ ਸੁਧਾਰ ਅਤੇ ਜ਼ਮੀਨ ਦੇ ਰਿਕਾਰਡ ਦਾ ਆਧੁਨਿਕੀਕਰਨ। ਇਨ੍ਹਾਂ ਪ੍ਰਸਤਾਵਿਤ ਪਹਿਲਕਦਮੀਆਂ ਦੀ ਸਫਲਤਾ ਲਾਭਪਾਤਰਾਂ ਦੀ ਸਹੀ ਪਛਾਣ ਉਤੇ ਟਿਕੀ ਹੋਈ ਹੈ। ਜ਼ਮੀਨ ਦੇ ਰਿਕਾਰਡ ਦਾ ਆਧੁਨਿਕੀਕਰਨ, ਸੁਰੱਖਿਅਤ ਜਾਇਦਾਦ ਹੱਕਾਂ ਦੀ ਸਥਾਪਤੀ ਅਤੇ ਕਾਸ਼ਤਕਾਰੀ ਸੁਧਾਰ ਪ੍ਰਸਤਾਵਿਤ ਅਨੇਕ ਪਹਿਲਕਦਮੀਆਂ ਦੀ ਸਫਲਤਾ ਲਈ ਪਹਿਲੀ ਤੇ ਜ਼ਰੂਰੀ ਸ਼ਰਤ ਹਨ। ਕਾਸ਼ਤਕਾਰੀ ਕਾਨੂੰਨਾਂ ਵਿੱਚ ਸੁਧਾਰ ਫੌਰੀ ਲੋੜੀਂਦਾ ਹੈ ਤਾਂ ਕਿ ਕਾਸ਼ਤਕਾਰੀ ਸਮਝੌਤੇ ਨੂੰ ਰਸਮੀ ਬਣਾਇਆ ਜਾ ਸਕੇ। ਇਸ ਨਾਲ ਅਸਲ ਵਾਹੀਵਾਨ ਲਈ ਕਰਜ਼ਾ ਲੈਣਾ ਸੁਖਾਲਾ ਹੋ ਜਾਵੇਗਾ। ਕਾਸ਼ਤਕਾਰੀ ਸੁਧਾਰਾਂ ਨਾਲ ਫ਼ਸਲ ਬੀਮਾ ਅਤੇ ਸਿੱਧੇ ਬੈਂਕ ਵਿੱਚ ਭੁਗਤਾਨ ਦੇ ਇੱਛਕ ਲਾਭਪਾਤਰਾਂ ਦੀ ਪਛਾਣ ਸੌਖੀ ਹੋ ਜਾਵੇਗੀ। ਵਰਤਮਾਨ ਸਮੇਂ ਇਹ ਲਾਭ ਅਸਲ ਵਾਹੀਕਾਰ ਦੀ ਬਜਾਇ ਕਨੂੰਨੀ ਮਾਲਕ ਨੂੰ ਮਿਲ ਰਹੇ ਹਨ। ਇਸ ਨਾਲ ਸਬੰਧਿਤ, ਪਰ ਮਹੱਤਵਪੂਰਨ ਸੁਧਾਰ ਜ਼ਮੀਨੀ ਰਿਕਾਰਡ ਦਾ ਆਧੁਨਿਕੀਕਰਨ ਹੈ ਤਾਂ ਕਿ ਜ਼ਮੀਨ ਦੇ ਹੱਕ ਠੀਕ ਤਰੀਕੇ ਨਾਲ ਸਥਾਪਤ ਕੀਤੇ ਜਾ ਸਕਣ। ਜ਼ਮੀਨ ਦੇ ਮਾਲੀਏ, ਜ਼ਮੀਨ ਦਾ ਪੰਜੀਕਰਨ ਅਤੇ ਜ਼ਮੀਨ ਸਬੰਧੀ ਮੁਕੱਦਮਿਆਂ ਨੂੰ ਰਾਜਾਂ ਵਲੋਂ ਡਿਜ਼ੀਟਲ ਤੇ ਸਮਕਾਲੀਨ ਬਣਾਉਣਾ ਫੌਰੀ ਤੌਰ ਤੇ ਜ਼ਰੂਰੀ ਹੈ (ਨੀਤੀ ਆਯੋਗ, 2015)। ਆਖਰੀ ਮੁੱਦਾ ਪਸਾਰ ਸੇਵਾਵਾਂ ਦੇ ਆਧੁਨਿਕੀਕਰਨ ਨਾਲ ਸਬੰਧਿਤ ਹੈ। ਖੇਤੀਬਾੜੀ ਦੇ ਇਸ ਅਹਿਮ ਪੱਖ ਉਤੇ ਜ਼ਿਆਦਾਤਰ ਪਿਛਲੇ ਅਤੇ ਵਰਤਮਾਨ ਬਜਟਾਂ ਵਿੱਚ ਬਹੁਤ ਘੱਟ ਧਿਆਨ ਦਿੱਤਾ ਗਿਆ ਹੈ। ਤਕਨੀਕ ਨੂੰ ਨਾ ਅਪਣਾਉਣਾ, ਸਰਕਾਰੀ ਸਕੀਮਾਂ ਦੀ ਵਰਤੋਂ ਨਾ ਕਰਨ ਆਦਿ ਦਾ ਵੱਡਾ ਕਾਰਨ ਮਾੜੇ ਪਸਾਰ ਕਾਰਨ ਕਿਸਾਨਾਂ ਵਿੱਚ ਜਾਗਰੂਕਤਾ ਦੀ ਕਮੀ ਨੂੰ ਹੀ ਗਰਦਾਨਿਆ ਜਾ ਸਕਦਾ ਹੈ। ਜ਼ਰੂਰੀ ਹੈ ਕਿ ਪਸਾਰ ਸੇਵਾਵਾਂ ਵਿੱਚ ਵੱਡੇ ਸੁਧਾਰ ਕੀਤੇ ਜਾਣ ਤਾਂ ਕਿ ਖੇਤੀਬਾੜੀ ਨੂੰ ਮਜਬੂਤੀ ਨਾਲ ਉੱਚ ਵਿਕਾਸ ਦੇ ਰਸਤੇ ਉਤੇ ਪਾਇਆ ਜਾ ਸਕੇ।

*(ਲੇਖਕ ਇੰਸਟੀਚਿਊਟ ਆਫ ਇਕਨਾਮਿਕ ਗਰੋਥ, ਦਿੱਲੀ ਯੂਨੀਵਰਸਟੀ ਵਿਖੇ ਐਸੋਸੀਏਟ ਪ੍ਰੋਫੈਸਰ ਹਨ)*

*e-mail :csekhar@iegindia.org*

# ਕੇਂਦਰੀ ਬਜਟ 2016–17 : ਕੀ ਆਰਥਿਕ ਮਜਬੂਤੀ ਰਾਹ ਉੱਤੇ ਹੈ?

ਬੀ.ਵੀ ਮਧੂਸੂਦਨ ਰਾਓ

### ਬਜਟ ਘਾਟਾ : ਇੱਕ ਪਿਛੋਕੜ

ਬਜਟ ਘਾਟਾ ਕਿਸੇ ਵੀ ਸਰਕਾਰ ਦੀ ਕੁੱਲ ਆਮਦਨ ਅਤੇ ਕੁੱਲ ਖਰਚੇ ਵਿੱਚ ਫਰਕ ਨੂੰ ਦਰਸਾਉਂਦਾ ਹੈ ਜਿਥੇ ਖਰਚਾ ਮਾਲੀ ਸਾਲ ਵਿੱਚ ਆਮਦਨ ਨਾਲੋਂ ਵਾਧੂ ਹੋਵੇ। ਜਦੋਂ ਇਹ ਅਗਲੇ ਸਾਲ ਲਈ ਹੋਵੇ ਤਾਂ ਇਸ ਨੂੰ ਅੰਦਾਜ਼ਨ ਘਾਟਾ ਕਿਹਾ ਜਾਂਦਾ ਹੈ। ਵਿੱਤੀ ਘਾਟਾ ਕੁੱਲ ਖਰਚੇ ਅਤੇ ਕਰਜ਼ੇ ਵਾਪਸੀ ਨੂੰ ਛੱਡ ਕੇ ਬਾਕੀ ਕੁੱਲ ਆਮਦਨ ਵਿੱਚ ਫਰਕ ਨੂੰ ਕਿਹਾ ਜਾਂਦਾ ਹੈ। ਫਰਕ ਨੂੰ ਮਾਲੀਆ ਘਾਟਾ ਕਿਹਾ ਜਾਂਦਾ ਹੈ ਜਿਥੇ ਮਾਲੀਆ ਖਰਚਾ ਮਾਲੀਆ ਆਮਦਨ ਨਾਲੋਂ ਵਾਧੂ ਹੋਵੇ। ਕੁੱਲ ਵਿੱਤੀ ਘਾਟਾ ਉਹ ਘਾਟਾ ਹੈ ਜੋ ਭਾਰਤ ਸਰਕਾਰ ਅਤੇ ਸਭ ਰਾਜਾਂ ਦਾ ਮਿਲ ਕੇ ਹੁੰਦਾ ਹੈ।

ਘਾਟੇ ਦੀ ਵਿੱਤੀ ਵਿਵਸਥਾ ਜਾਂ ਘਾਟੇ ਦੇ ਬਜਟ ਦੀ ਧਾਰਨਾ ਮਸ਼ਹੂਰ ਅੰਗਰੇਜ਼ ਅਰਥਸ਼ਾਸਤਰੀ ਜੌਨ ਮੇਨਾਰਡ ਕੀਨਜ਼ ਨੇ ਦਿੱਤੀ ਜਿਨ੍ਹਾਂ ਮੰਦੀ ਦੇ ਦਿਨਾਂ ਵਿੱਚ ਘਾਟੇ ਦੀ ਵਿੱਤ ਵਿਵਸਥਾ ਦੀ ਵਕਾਲਤ ਕੀਤੀ। ਕੀਨਜ਼ ਨੇ ਆਪਣੇ 1936 ਵਿੱਚ ਛਪੇ ਦਸਤਾਵੇਜ਼ 'ਰੁਜ਼ਗਾਰ, ਵਿਆਜ ਅਤੇ ਪੂੰਜੀ ਦਾ ਆਮ ਸਿਧਾਂਤ' ਵਿੱਚ ਵਿਕਾਸ ਅਤੇ ਰੁਜ਼ਗਾਰ ਵਧਾਉਣ ਲਈ ਘਾਟੇ ਦੀ ਵਿੱਤ ਵਿਵਸਥਾ ਦੀ ਲੋੜ ਦੀ ਵਕਾਲਤ ਕੀਤੀ। ਇਹ ਉਸ ਸਮੇਂ ਤੱਕ ਦੇ ਵਿਚਾਰਾਂ ਨਾਲੋਂ ਬਿਲਕੁਲ ਅਲਗ ਸੀ ਜਿਨ੍ਹਾਂ ਵਿੱਚ ਖ਼ਿਆਲ ਕੀਤਾ ਜਾਂਦਾ ਸੀ ਕਿ ਅਰਥਵਿਵਸਥਾ ਇਕ ਸਾਂਵੇਪਨ ਵਿੱਚ ਹੀ ਬਣੀ ਰਹਿ ਸਕਦੀ ਹੈ ਜਿਸ ਵਿੱਚ ਉਪਭੋਗਤਾ ਲੋੜਾਂ ਹਮੇਸ਼ਾ ਹੀ ਮਾਲ ਅਤੇ ਸੇਵਾਵਾਂ ਉਤਪਾਦਨ ਕਰਨ ਦੀ ਸਮਰੱਥਾ ਨਾਲੋਂ ਵਾਧੂ ਰਹਿਣ ਅਤੇ ਸਭ ਉਤਪਾਦਤ ਉਪਭੋਗਤਾ ਵਸਤਾਂ ਅਤੇ ਸੇਵਾਵਾਂ ਇੱਕ ਢੁਕਵੀਂ ਕੀਮਤ ਤਹਿ ਹੋ ਜਾਣ 'ਤੇ ਵਰਤੋਂ ਵਿੱਚ ਆ ਜਾਂਦੀਆਂ ਹਨ। ਕੀਨਜ਼ ਦਾ ਤਰਕ ਸੀ ਕਿ ਚਾਲੂ ਬੇਰੁਜ਼ਗਾਰੀ ਅਜਿਹੇ ਹਲਾਤ ਕਾਰਨ ਸੀ ਜਿਸ ਵਿੱਚ ਸਭ ਉਤਪਾਦਤ ਵਸਤਾਂ ਜਾਂ ਸੇਵਾਵਾਂ ਵਰਤੋਂ ਵਿੱਚ ਨਾਂ ਆ ਸਕੀਆਂ ਹੋਣ, ਜਿਸ ਦਾ ਸਿੱਟਾ ਇਹ ਹੋਇਆ ਕਿ ਅਰਥਵਿਵਸਥਾ ਨੂੰ ਸੁਕੜਨਾ ਪਿਆ। ਉਨ੍ਹਾਂ ਦਾ ਇਹ ਵੀ ਤਰਕ ਸੀ ਕਿ ਵਿਅਕਤੀਗਤ ਬੱਚਤਾਂ, ਜੋ ਵਸਤਾਂ ਅਤੇ ਸੇਵਾਵਾਂ ਵਿੱਚ ਨਿਵੇਸ਼ ਨਹੀਂ ਕੀਤੀਆਂ ਗਈਆਂ, ਕਾਰਨ ਅਰਥਵਿਵਸਥਾ ਆਪਣੀ ਸਮਰਥਾ ਨਾਲੋਂ ਘੱਟ ਪੱਧਰ ਉਤੇ ਗਤੀਮਾਨ ਰਹਿੰਦੀ ਹੈ। ਕੀਨਜ਼ ਦਾ ਕਹਿਣਾ ਸੀ ਕਿ ਸਰਕਾਰੀ ਖਰਚਾ ਕੁੱਲ ਮੰਗ ਵਿੱਚ ਵਾਧਾ ਕਰ ਸਕਦਾ ਹੈ ਅਤੇ ਬੇਰੁਜ਼ਗਾਰੀ ਘੱਟ ਕਰ ਸਕਦਾ ਹੈ। ਵਿਆਜ ਦਰ ਘੱਟ ਕਰਨਾ (ਮਾਲੀ ਨੀਤੀ) ਅਤੇ ਸਰਕਾਰੀ ਖਰਚਾ ਵਧਾਉਣਾ (ਵਿੱਤੀ ਨੀਤੀ) ਅਰਥਵਿਵਸਥਾ ਵਿੱਚ ਮਜ਼ਬੂਤੀ ਲਿਆਉਣ ਦੇ ਹਥਿਆਰ ਬਣ ਗਏ। ਇਸ ਨੂੰ ਅਮਰੀਕਾ ਨੇ 1937 ਵਿੱਚ ਐਫ ਡੀ ਰੂਜ਼ਵੈਲਟ ਦੀ ਪ੍ਰਧਾਨਗੀ ਹੇਠ ਅਤੇ ਬਾਕੀ ਦੇਸ਼ਾਂ ਨੇ ਬਾਅਦ ਵਿੱਚ ਅਪਨਾ ਲਿਆ ।

### ਕੀ ਘਾਟਾ ਚੰਗਾ ਜਾਂ ਬੁਰਾ ਹੈ?

1980 ਦੇ ਦਹਾਕੇ ਵਿੱਚ ਲਾਤੀਨੀ ਅਮਰੀਕੀ ਦੇਸ਼ਾਂ ਦੇ ਕਰਜ਼ੇ (ਅੰਤਰਰਾਸ਼ਟਰੀ ਕਰਜ਼ੇ) ਉਨ੍ਹਾਂ ਦੀ ਕਰਜ਼ਿਆਂ ਨੂੰ ਬਣਾ ਕੇ ਰਖਣ ਦੀ ਸਮਰਥਾ ਨਾਲੋਂ ਵਧ ਗਏ ਕਿਉਂਕਿ ਇਨ੍ਹਾਂ ਕਰਜ਼ਿਆਂ ਨੂੰ ਪੂੰਜੀਗਤ ਨਿਵੇਸ਼ ਦੇ ਤੌਰ ਤੇ ਵਰਤੋਂ ਵਿੱਚ ਲਿਆਉਣ ਦੀ ਬਜਾਏ ਉਪਭੋਗਤਾ ਵਰਤੋਂ ਵਿੱਚ ਲਿਆਂਦਾ ਗਿਆ। ਇਸ ਕਾਰਨ ਆਈ ਐੱਮ ਐੱਫ ਅਤੇ ਵਿਸ਼ਵ ਬੈਂਕ ਨੂੰ ਦਖਲਅੰਦਾਜ਼ੀ ਕਰਨੀ ਪਈ ਜਿਨ੍ਹਾਂ ਨੇ ਖਰਚੇ ਵਿੱਚ ਕਮੀ ਕਰਕੇ (ਸਮਾਜਕ ਖੇਤਰ ਉਪਰ ਘੱਟ ਖਰਚਾ, ਤਨਖ਼ਾਹਾਂ ਅਤੇ ਨੌਕਰੀਆਂ ਵਿੱਚ ਕਟੌਤੀ ਅਤੇ ਸਬਸਿਡੀਆਂ ਘੱਟ ਕਰਨ/ਖਤਮ ਕਰਨ), ਵਪਾਰਕ ਉਦਾਰਤਾ, ਕੀਮਤ ਨਿਯੰਤਰਨ ਖਤਮ ਕਰਨ ਅਤੇ ਘਰੇਲੂ ਅਤੇ ਵਿਦੇਸ਼ੀ ਨਿਵੇਸ਼ ਨੂੰ ਵਧਾਉਣ ਲਈ ਢਾਂਚਾਗਤ ਸਮਾਯੋਜਨ ਦੀ ਵਕਾਲਤ ਕੀਤੀ। ਇਸ ਸ਼ਰਤ ਨਾਲ ਕਨੂੰਨੀ ਢਾਂਚੇ ਵਾਲੀ ਵਿੱਤੀ ਸਮਝਦਾਰੀ ਹੋਣਾ ਲਾਜ਼ਮੀ ਹੋ ਗਿਆ।

1991 ਵਿੱਚ ਭਾਰਤ ਨੂੰ ਵਿੱਤੀ ਸੰਕਟ ਦਾ ਸਾਹਮਣਾ ਕਰਨਾ ਪਿਆ ਜਿਸ ਵਿੱਚ ਕੇਂਦਰ ਅਤੇ ਰਾਜਾਂ ਦਾ ਸੰਮਿਲਤ ਵਿੱਤੀ ਘਾਟਾ ਕੁੱਲ ਘਰੇਲੂ ਉਤਪਾਦਨ ਦਾ 11.24 ਪ੍ਰਤਿਸ਼ਤ ਤੱਕ ਹੋ ਗਿਆ ਅਤੇ ਬਕਾਏ ਭੁਗਤਾਨ ਦੀ ਸਮੱਸਿਆ ਬਹੁਤ ਗੰਭੀਰ ਹੋ ਗਈ ਸੀ। ਢਾਂਚਾਗਤ ਸਮਾਯੋਜਨ ਸੁਧਾਰ ਕੀਤੇ ਗਏ ਜਿਸ ਤੋਂ ਬਾਅਦ ਮੁੱਖ ਵਿਦੇਸ਼ੀ ਕਰੰਸੀਆਂ ਦੇ ਮੁਕਾਬਲੇ ਭਾਰਤੀ ਰੁਪਏ ਦੀ ਕੀਮਤ ਵਿੱਚ ਗਿਰਾਵਟ ਕੀਤੀ ਗਈ। ਸੰਮਿਲਤ ਵਿੱਤੀ ਘਾਟਾ 1996–97 ਵਿੱਚ ਕੁੱਲ ਘਰੇਲੂ ਉਤਪਾਦਨ ਦੀ 8.17 ਪ੍ਰਤਿਸ਼ਤ ਦਰ ਤੱਕ ਲੈ ਆਂਦਾ ਗਿਆ ਪਰ 1997 ਵਿੱਚ ਪੰਜਵੇਂ ਵਿੱਤ ਆਯੋਗ ਦੀਆਂ ਸਿਫ਼ਾਰਸ਼ਾਂ ਲਾਗੂ ਕਰਨ ਤੇ, ਵਿੱਤੀ ਘਾਟਾ ਮੁੜ ਤੋਂ ਵਧ ਕੇ 11 ਪ੍ਰਤਿਸ਼ਤ ਹੋ ਗਿਆ। ਰਾਜਾਂ ਦਾ ਮਾਲੀ ਘਾਟਾ ਜੋ 3 ਪ੍ਰਤਿਸ਼ਤ ਤੋਂ ਥੱਲੇ ਸੀ 1999–2000 ਵਿੱਚ, ਮਾਲੀ ਖਰਚੇ ਵਿੱਚ ਵਾਧੇ ਕਾਰਨ 4.6 ਪ੍ਰਤਿਸ਼ਤ ਹੋ ਗਿਆ। ਮਾਲੀ ਘਾਟਾ ਜੋ ਵਿੱਤੀ ਘਾਟੇ ਵਿੱਚ 60 ਪ੍ਰਤਿਸ਼ਤ ਤੋਂ ਵੱਧ ਸੀ, ਵਧੇਰੇ ਸਬਸਿਡੀਆਂ ਅਤੇ ਤਨਖ਼ਾਹਾਂ ਉਪਰ ਖਰਚੇ ਕਾਰਨ ਸੀ। ਇਹ ਸਪੱਸ਼ਟ ਹੋ ਗਿਆ ਸੀ ਕਿ ਬਿਨਾਂ ਕਿਸੇ ਬੰਦਸ਼ੀ ਕਨੂੰਨੀ ਢਾਂਚੇ ਦੇ, ਇਸ ਘਾਟੇ ਉਪਰ ਨਿਯੰਤ੍ਰਣ ਨਹੀਂ ਕੀਤਾ ਜਾ ਸਕਦਾ ਸੀ।

### ਮਾਸਟਰਿਚਟ ਸੰਧੀ ਤੇ ਵਿੱਤੀ ਘਾਟੇ ਦਾ ਟੀਚਾ

ਯੂਰਪੀ ਦੇਸ਼ਾਂ ਨੇ 1992 ਵਿੱਚ ਨੀਦਰਲੈਂਡ

ਵਿੱਚ ਮਾਸਟਰਿਚਟ ਦੇ ਸਥਾਨ ਉਤੇ ਯੂਰਪੀ ਸੰਘ ਬਨਾਉਣ ਲਈ ਇਕ ਸੰਧੀ ਉਪਰ ਦਸਤਖ਼ਤ ਕੀਤੇ। ਇਹ ਸਭ ਯੂਰਪੀ ਦੇਸ਼ਾਂ ਲਈ ਇਕ ਕਰੰਸੀ-ਯੂਰੋ ਬਨਾਉਣ ਲਈ ਸੀ। ਇਸ ਸਾਂਝੀ ਕਰੰਸੀ ਨਾਲ, ਹਰ ਇਕ ਦੇਸ਼ ਨੇ ਆਪਣੀ ਕਰੰਸੀ ਛਾਪਣ ਜਾਂ ਕੇਂਦਰੀ ਬੈਂਕ ਤੋਂ ਕਰੰਸੀ ਉਧਾਰ ਲੈਣ ਦੀ ਸ਼ਕਤੀ ਛੱਡਣੀ ਸੀ ਅਤੇ ਇਕੋ-ਇਕ ਰਸਤਾ ਜਿਸ ਰਾਹੀਂ ਇਸ ਮਾਲੀ ਸੰਘ ਨੇ ਵਧਣਾ-ਫੁਲਣਾ ਸੀ, ਉਹ ਸੀ ਯੂਰਪੀ ਸੰਘ ਦੇ ਮੈਂਬਰ ਦੇਸ਼ਾਂ ਦੀ ਪੱਕੀ ਵਚਨਬੱਧਤਾ। ਇਸ ਤਰ੍ਹਾਂ ਯੂਰਪੀ ਯੂਨੀਅਨ ਦੇ ਮੈਂਬਰ ਦੇਸ਼ ਮੁਦਰਾਸਫੀਤੀ ਵਿੱਤੀ ਘਾਟੇ ਅਤੇ ਕੁੱਲ ਕਰਜ਼ਿਆਂ ਉਪਰ ਕਾਬੂ ਪਾਉਣ ਅਤੇ ਇਸ ਮੰਤਵ ਲਈ ਟੀਚੇ ਮਿਥਣ ਲਈ ਸਹਿਮਤ ਹੋ ਗਏ। ਇਹ ਵੀ ਸਹਿਮਤੀ ਬਣੀ ਕਿ ਮੈਂਬਰ ਦੇਸ਼ ਮੁਦਰਾਸਫੀਤੀ ਨੂੰ ਤਿੰਨ ਸਭ ਤੋਂ ਘੱਟ ਮੁਦਰਾਸਫੀਤੀ ਵਾਲੇ ਦੇਸ਼ਾਂ ਦੀ ਔਸਤ ਮੁਦਰਾਸਫੀਤੀ ਦੇ 1.5 ਪ੍ਰਤਿਸ਼ਤ ਗੇੜ ਵਿੱਚ ਰਖਣਗੇ। ਇਹ ਵੀ ਸਭ ਨੇ ਮੰਨਿਆ ਕਿ ਮੈਂਬਰ ਦੇਸ਼ਾਂ ਦਾ ਜਨਤਕ ਕਰਜ਼ਾ ਕੁੱਲ ਘਰੇਲੂ ਉਤਪਾਦਨ ਦੇ 60 ਪ੍ਰਤਿਸ਼ਤ ਤੋਂ ਵੱਧ ਨਹੀਂ ਹੋਵੇਗਾ ਅਤੇ ਵਿੱਤੀ ਘਾਟਾ ਕੁੱਲ ਘਰੇਲੂ ਉਤਪਾਦਨ ਦੇ 3 ਪ੍ਰਤਿਸ਼ਤ ਦੇ ਅੰਦਰ ਰੱਖਿਆ ਜਾਵੇਗਾ। ਪਰ ਅਸਲੀਅਤ ਇਹ ਹੈ ਕਿ 12 ਮੈਂਬਰ ਦੇਸ਼ਾਂ ਵਿੱਚੋਂ 10 ਨੇ 1999-2011 ਦੇ 12 ਸਾਲ ਦੇ ਸਮੇਂ ਵਿੱਚ 3 ਪ੍ਰਤਿਸ਼ਤ ਦੀ ਸੀਮਾ ਤੋੜ ਦਿੱਤੀ।

ਇਹ ਆਮ ਤੌਰ ਤੇ ਕਿਹਾ ਜਾਂਦਾ ਹੈ ਕਿ ਭਾਰਤ ਨੇ ਵਿੱਤੀ ਘਾਟੇ ਅਤੇ ਕੁੱਲ ਕਰਜ਼ੇ ਦੇ ਟੀਚੇ ਦੀ ਮਾਸਟਰਿਚਟ ਸੰਧੀ ਤੋਂ ਨਕਲ ਕੀਤੀ ਹੈ। ਭਾਵੇਂ 3 ਪ੍ਰਤਿਸ਼ਤ ਵਿੱਤੀ ਘਾਟੇ ਦੇ ਟੀਚੇ ਦਾ ਕੋਈ ਸਰਕਾਰੀ ਅਧਾਰ ਨਹੀਂ ਹੈ ਪਰ ਰੰਗਾਰਾਜਨ ਅਤੇ ਸੁਬਾਰਾਓ (ਸਾਬਕਾ ਰਿਜ਼ਰਵ ਬੈਂਕ ਗਵਰਨਰ) ਨੇ ਇਸ ਦੀ ਵਿਆਖਿਆ ਇਸ ਤਰ੍ਹਾਂ ਕੀਤੀ ਹੈ ਕਿ ਭਾਰਤ ਵਿੱਚ ਅੰਦਾਜ਼ਨ ਬੱਚਤਾਂ 13 ਪ੍ਰਤਿਸ਼ਤ ਹੋਣਗੀਆਂ ਜਿਨ੍ਹਾਂ ਵਿੱਚੋਂ ਸਹਿਕਾਰੀ ਖੇਤਰ 5 ਪ੍ਰਤਿਸ਼ਤ ਅਤੇ ਜਨਤਕ ਖੇਤਰ 2 ਪ੍ਰਤਿਸ਼ਤ ਵਰਤੋਂ ਵਿੱਚ ਲਿਆਵੇਗਾ ਤੇ ਬਾਕੀ 6 ਪ੍ਰਤਿਸ਼ਤ ਬਚਣਗੀਆਂ ਜੋ ਕੇਂਦਰ ਅਤੇ ਰਾਜ ਸਰਕਾਰਾਂ ਦਾ ਸਮੁੱਚਾ ਘਾਟਾ ਹੋਵੇਗਾ (ਹਰ ਕਿਸੇ ਦਾ 3 ਪ੍ਰਤਿਸ਼ਤ)।


## ਵਿੱਤੀ ਜ਼ਿੰਮੇਵਾਰੀ ਅਤੇ ਬਜਟ ਪ੍ਰਬੰਧਨ ਕਾਨੂੰਨ 2003 ਅਤੇ ਇਸ ਤੋਂ ਬਾਅਦ


ਭਾਰਤ ਸਰਕਾਰ ਨੇ ਵਿੱਤੀ ਜ਼ਿੰਮੇਵਾਰੀ ਉਪਰ ਕਾਨੂੰਨ ਦਾ ਖਰੜਾ ਤਿਆਰ ਕਰਨ ਲਈ ਅਤੇ ਸਫ਼ਾਰਸ਼ਾਂ ਦੇਣ ਲਈ ਇਕ ਕਮੇਟੀ ਦਾ ਗਠਨ ਕੀਤਾ। ਉਸ ਦੀਆਂ ਸਫ਼ਾਰਸ਼ਾਂ ਦੇ ਅਧਾਰ ਉਤੇ ਭਾਰਤ ਸਰਕਾਰ ਨੇ ਦਸੰਬਰ 2000 ਵਿੱਚ ਵਿੱਤੀ ਜ਼ਿੰਮੇਵਾਰੀ ਅਤੇ ਬਜਟ ਪ੍ਰਬੰਧਨ ਬਿਲ ਲਿਆਂਦਾ। ਇਹ ਬਿਲ ਸੰਸਦ ਦੀ ਸਥਾਈ ਕਮੇਟੀ ਨੂੰ ਸੌਂਪ ਦਿੱਤਾ ਗਿਆ ਜਿਸ ਨੇ ਇਸ ਉਪਰ ਵਿਚਾਰ ਕੀਤਾ ਅਤੇ ਆਪਣੇ ਸੁਝਾਅ ਦਿੱਤੇ। ਉਨ੍ਹਾਂ ਸੁਝਾਵਾਂ ਉੱਤੇ ਅਧਾਰਤ ਸੋਧਿਆ ਹੋਇਆ ਬਿਲ ਲੋਕ ਸਭਾ ਵਿੱਚ ਅਪ੍ਰੈਲ 2003 ਵਿੱਚ ਅਤੇ ਰਾਜ ਸਭਾ ਵਿੱਚ ਅਗਸਤ 2003 ਵਿੱਚ ਪੇਸ਼ ਕੀਤਾ ਗਿਆ। ਵਿੱਤੀ ਜ਼ਿੰਮੇਵਾਰੀ ਅਤੇ ਬਜਟ ਪ੍ਰਬੰਧਨ ਕਾਨੂੰਨ 2003 ਰਾਸ਼ਟਰਪਤੀ ਦੀ ਮਨਜ਼ੂਰੀ ਤੋਂ ਬਾਅਦ ਹੋਂਦ ਵਿੱਚ ਆ ਗਿਆ।

ਇਸ ਕਾਨੂੰਨ ਦਾ ਉਦੇਸ਼ ਸੀ ਕਿ ਸਰਕਾਰ ਵਿੱਤੀ ਘਾਟਾ ਕੁੱਲ ਘਰੇਲੂ ਉਤਪਾਦਨ ਦੇ 3 ਪ੍ਰਤਿਸ਼ਤ ਤੱਕ ਲਿਆਉਣ ਅਤੇ ਮਾਲੀ ਘਾਟੇ ਨੂੰ 31 ਮਾਰਚ 2008 ਤੱਕ ਖਤਮ ਕਰਨ ਅਤੇ ਉਸ ਤੋਂ ਬਾਅਦ ਮਾਲੀ ਬੱਚਤ ਕਰਨ ਲਈ ਕਦਮ ਚੁੱਕੇਗੀ। ਇਸ ਵਿੱਚ ਇਹ ਵੀ ਕਿਹਾ ਗਿਆ ਸੀ ਕਿ ਘਾਟੇ ਦੀਆਂ ਮਨਚਾਹੀਆਂ ਬੰਦਸ਼ਾਂ ਹਾਸਲ ਕਰਨ ਲਈ, ਸਰਕਾਰ ਸਲਾਨਾ ਟੀਚੇ ਮਿਥੇਗੀ। ਇਸ ਕਾਨੂੰਨ ਵਿੱਚ ਇਹ ਵੀ ਕਿਹਾ ਗਿਆ ਹੈ ਕਿ ਸਰਕਾਰ ਹਰ ਵਿੱਤੀ ਸਾਲ ਵਿੱਚ ਸਲਾਨਾ ਵਿੱਤੀ ਚਿੱਠੇ ਅਤੇ ਅਨੁਦਾਨ ਮੰਗਾਂ ਦੇ ਨਾਲ-ਨਾਲ ਸੰਸਦ ਦੇ ਦੋਹਾਂ ਸਦਨਾਂ ਸਾਹਮਣੇ ਤਿੰਨ ਦਸਤਾਵੇਜ਼ ਰਖੇਗੀ। ਇਹ ਤਿੰਨ ਦਸਤਾਵੇਜ਼ ਹਨ : 1) ਮੱਧ ਦੀ ਮਿਆਦੀ ਵਿੱਤੀ ਨੀਤੀ ਘੋਸ਼ਣਾ ਪੱਧਰ, 2) ਵਿੱਤੀ ਨੀਤੀ ਯੋਜਨਾਬੰਦੀ ਘੋਸ਼ਣਾ ਪੱਤਰ ਅਤੇ 3) ਦੀਰਘ ਆਰਥਿਕ ਢਾਂਚਾ ਘੋਸ਼ਣਾ ਪੱਤਰ। ਕਾਨੂੰਨ ਅਧੀਨ ਵਿੱਤ ਮੰਤਰੀ ਹਰ ਤਿਮਾਹੀ ਬਜਟ ਦੇ ਸੰਦਰਭ ਵਿੱਚ ਸਰਕਾਰ ਦੇ ਆਮਦਨ ਅਤੇ ਖਰਚੇ ਉਪਰ ਵਿਚਾਰ ਕਰੇਗਾ ਅਤੇ ਸੰਸਦ ਦੇ ਦੋਹਾਂ ਸਦਨਾਂ ਸਾਹਮਣੇ ਪੇਸ਼ ਕਰੇਗਾ। ਸਭ ਰਾਜਾਂ ਨੇ ਵੀ ਆਪਣੇ ਮਾਲੀ ਅਤੇ ਵਿੱਤੀ ਘਾਟੇ ਨੂੰ ਕਾਬੂ ਹੇਠ ਰਖਣ ਲਈ ਇਸੇ ਤਰ੍ਹਾਂ ਦੇ ਕਾਨੂੰਨ ਪਾਸ ਕੀਤੇ।

ਵਿੱਤੀ ਜ਼ਿੰਮੇਵਾਰੀ ਅਤੇ ਬਜਟ ਪ੍ਰਬੰਧਾਂ ਕਾਨੂੰਨ ਅਤੇ ਇਸ ਦੇ ਅਸਰ ਦੀ ਪੜਤਾਲ ਤੋਂ ਸੰਕੇਤ ਮਿਲਦਾ ਹੈ ਕਿ ਰਾਜਾਂ ਨੇ ਵਿੱਤੀ ਜ਼ਿੰਮੇਵਾਰੀ ਅਤੇ ਬਜਟ ਪ੍ਰਬੰਧਨ ਦੀ ਪਾਲਣਾ ਕੀਤੀ ਹੈ ਅਤੇ ਆਪਣੀਆਂ ਵਿਧਾਨ ਸਭਾਵਾਂ ਵਿੱਚ ਇਸ ਕਾਨੂੰਨ ਨੂੰ ਪਾਸ ਕਰਨ ਤੋਂ ਬਾਅਦ ਮਾਲੀ ਵਾਧਾ ਹਾਸਲ ਕੀਤਾ ਹੈ, ਸਿਵਾਏ 2009-10 ਦੇ ਜਿਸ ਵਿੱਚ ਵਿਸ਼ਵੀ ਮੰਦੀ ਦੇ ਚਲਦੇ ਢਿੱਲ ਦਿੱਤੀ ਗਈ ਸੀ। ਇਸੇ ਤਰ੍ਹਾਂ, ਭਾਰਤੀ ਰਾਜਾਂ ਵਲੋਂ 3 ਪ੍ਰਤਿਸ਼ਤ ਵਿੱਤੀ ਘਾਟੇ ਦੇ ਟੀਚੇ ਦੀ ਵੀ ਪਾਲਣਾ ਕੀਤੀ ਜਾ ਰਹੀ ਹੈ।


ਰਾਜ ਪੱਧਰ ਉਤੇ ਵਿੱਤੀ ਸੰਯੋਜਨ ਕੋਸ਼ਿਸ਼ਾਂ ਕਈ ਪੱਖੀ ਸਨ ਅਤੇ ਭਾਰਤ ਸਰਕਾਰ ਅਤੇ ਵਿੱਤ ਕਮਿਸ਼ਨ ਵਲੋਂ ਵੀ ਮਦਦ ਕੀਤੀ ਜਾ ਰਹੀ ਸੀ। ਇਸ ਕਾਨੂੰਨ ਦੇ ਪਾਸ ਹੋਣ ਤੋਂ ਬਾਅਦ ਕਰਜ਼ਾ ਵਟਾਂਦਰਾ ਸਕੀਮ ਲਿਆਂਦੀ ਗਈ ਸੀ ਜਿਸ ਅਧੀਨ ਰਾਜ ਸਰਕਾਰਾਂ ਮਾਰਕੀਟ ਵਿੱਚ ਘੱਟ ਵਿਆਜ ਦਰ ਉਤੇ ਕਰਜ਼ਾ ਲੈ ਕੇ ਭਾਰਤ ਸਰਕਾਰ ਦੇ ਕਰਜ਼ੇ ਨੂੰ ਵਾਪਸ ਕਰ ਸਕਦੀਆਂ ਸਨ ਜੋ 13 ਪ੍ਰਤਿਸ਼ਤ ਦਰ ਉਤੇ ਸੀ। ਰਾਜਾਂ ਨੇ 2002-03 ਤੋਂ 2004-05 ਦੇ ਸਮੇਂ ਵਿਚਕਾਰ 1.03 ਲੱਖ







*ਸਰੋਤ : ਭਾਰਤੀ ਰਿਜ਼ਰਵ ਬੈਂਕ – ਰਾਜਾਂ ਦੀ ਵਿੱਤ ਵਿਵਸਥਾ ਦਾ ਅਧਿਐਨ*

ਇਸੇ ਤਰ੍ਹਾਂ ਭਾਰਤ ਸਰਕਾਰ ਦੀ ਵਿੱਤ ਵਿਵਸਥਾ ਦੀ ਪੜਚੋਲ ਤੋਂ ਪਤਾ ਲਗਦਾ ਹੈ ਕਿ ਉਸ ਨੇ ਪਾਲਣਾ ਕਰਨ ਦੀ ਬਜਾਏ ਉਲੰਘਣਾ ਵਧੇਰੇ ਕੀਤੀ ਹੈ।




*ਸਰੋਤ : ਕੇਂਦਰ ਸਰਕਾਰ ਦੇ 2015-16 ਦੇ ਵਿੱਤ ਵਿਵਸਥਾ ਸੰਕੇਤਕ – ਭਾਰਤੀ ਰਿਜ਼ਰਵ ਬੈਂਕ*

ਕਰੋੜ ਰੁਪਏ ਦਾ ਕਰਜ਼ਾ ਅਦਾ ਕਰ ਦਿੱਤਾ। ਇਸੇ ਤਰ੍ਹਾਂ 12ਵੇਂ ਵਿੱਤ ਆਯੋਗ ਨੇ ਕਰਜ਼ਾ ਸੰਯੋਜਨ ਅਤੇ ਰਾਹਤ ਸਹੂਲਤ ਦੀ ਸਫ਼ਾਰਸ਼ ਕੀਤੀ ਜੋ ਕਰਜ਼ਿਆਂ ਦੀਆਂ 20 ਬਰਾਬਰ ਕਿਸ਼ਤਾਂ ਕਰਨ ਲਈ ਅਤੇ 7.5 ਪ੍ਰਤਿਸ਼ਤ ਵਿਆਜ ਦਰ ਲਈ ਸੀ। ਕਈ ਰਾਜਾਂ ਨੇ ਸੰਯੋਜਤ ਡੁੱਬਦਾ ਫੰਡ ਅਤੇ ਜ਼ਾਮਨੀ ਮੁਕਤੀ ਫੰਡ ਸ਼ੁਰੂ ਕੀਤੇ ਜੋ ਕਰਜ਼ਿਆਂ ਦੀ ਅਸਾਨ ਅਦਾਇਗੀ ਅਤੇ ਅਚਾਨਕੀ ਜ਼ਿੰਮੇਵਾਰੀ ਨਿਭਾਉਣ ਲਈ ਸਨ। ਕੁੱਝ ਹੋਰ ਕਦਮ ਜਿਵੇਂ ਕਿ ਬਿਜਲੀ ਸਹੂਲਤਾਂ ਨੂੰ ਮੁੜ ਤੋਂ ਢਾਂਚਾਗਤ ਕਰਨਾ, ਨਵੀ ਪੈਨਸ਼ਨ ਯੋਜਨਾ ਲਾਗੂ ਕਰਨ ਅਤੇ ਕਰ ਕੋਸ਼ਿਸ਼ਾਂ ਵਿੱਚ ਸੁਧਾਰ, ਜਿਨ੍ਹਾਂ ਨਾਲ ਰਾਜ ਪੱਧਰ ਉਤੇ ਵਿੱਤੀ ਸੰਯੋਜਨ ਵਿੱਚ ਮਦਦ ਮਿਲੀ।

## ਕੇਂਦਰ ਸਰਕਾਰ ਦੇ ਪੱਧਰ ਉਤੇ ਵਿੱਤੀ ਸੰਯੋਜਨ ਦੀ ਕੋਸ਼ਿਸ਼ 2016-17

2016-17 ਦੇ ਬਜਟ ਤੋਂ ਇਹ ਪ੍ਰਤੱਖ ਹੈ ਕਿ ਭਾਰਤ ਸਰਕਾਰ ਵਿੱਤੀ ਸੰਯੋਜਨ ਵੱਲ ਵਧ ਰਹੀ ਹੈ। ਹਾਲਾਂਕਿ ਇਹ ਇਕ ਸੰਚਾਰਿਤ ਤਰੀਕੇ ਨਹੀਂ ਹੋ ਰਿਹਾ। 2015-16 ਲਈ ਵਿੱਤੀ ਘਾਟੇ ਦਾ ਕੁੱਲ ਘਰੇਲੂ ਉਤਪਾਦਨ ਦਾ ਉਮੀਦ ਹੈ ਕਿ 3.9 ਪ੍ਰਤਿਸ਼ਤ ਹਾਸਲ ਹੋ ਸਕਦਾ ਹੈ ਅਤੇ 2016-17 ਲਈ ਇਹ 3.5 ਪ੍ਰਤਿਸ਼ਤ ਮਿਥਿਆ ਗਿਆ ਹੈ। ਖਰਚੇ ਦੀਆਂ ਦੋ ਮਹੱਤਵਪੂਰਨ ਮਦਾਂ, ਰੱਖਿਆ ਜਵਾਨਾਂ ਲਈ ਇਕ ਰੈਂਕ ਇਕ ਪੈਨਸ਼ਨ ਅਤੇ ਕੇਂਦਰੀ ਸਰਕਾਰ ਦੇ ਮੁਲਾਜ਼ਮਾਂ ਲਈ 7ਵੇਂ ਤਨਖ਼ਾਹ ਕਮਿਸ਼ਨ ਦੀਆਂ ਸਫ਼ਾਰਸ਼ਾਂ ਨੇ ਸਰਕਾਰ ਉਪਰ ਵਿੱਤੀ ਦਬਾਅ ਵਧਾ ਦਿੱਤਾ ਹੈ।

ਇਹ ਲਗਦਾ ਹੈ ਕਿ ਵਿੱਤੀ ਘਾਟੇ ਦੇ ਮੁੱਦੇ ਨੂੰ ਨਜਿੱਠਣ ਲਈ ਕੋਈ ਠੋਸ ਯੋਜਨਾ ਨਹੀਂ ਰੱਖੀ ਗਈ ਹੈ। ਇਹ ਹੋਰ ਵੀ ਚਿੰਤਾ ਦਾ ਵਿਸ਼ਾ ਬਣ ਜਾਂਦਾ ਹੈ ਕਿਉਂਕਿ ਮਾਲੀ ਘਾਟਾ ਵਿੱਤੀ ਘਾਟੇ ਦਾ 66 ਪ੍ਰਤਿਸ਼ਤ ਹੈ (ਬਜਟ ਅੰਦਾਜ਼ੇ 2016-17) ਜਿਸ ਤੋਂ ਸੰਕੇਤ ਮਿਲਦਾ ਹੈ ਕਿ ਕਰਜ਼ੇ ਦੀ ਵੱਡੀ ਰਕਮ ਨਿਵੇਸ਼ ਅਤੇ ਪੂੰਜੀਗਤ ਜਾਇਦਾਦ ਪੈਦਾ ਕਰਨ ਵਿੱਚ ਨਹੀਂ ਲਗਦੀ। ਇਹ ਇਸ ਤੱਥ ਤੋਂ ਵੀ ਸਪੱਸ਼ਟ ਹੁੰਦਾ ਹੈ ਕਿ ਵਿੱਤ ਮੰਤਰੀ ਨੇ ਵਿੱਤ ਜ਼ਿੰਮੇਵਾਰੀ ਅਤੇ ਬਜਟ ਪ੍ਰਬੰਧਨ ਦੀਆਂ ਪ੍ਰਾਪਤੀਆਂ ਉਪਰ ਧਿਆਨ ਦੇਣ ਲਈ ਇਕ ਕਮੇਟੀ ਦੇ ਗਠਨ ਕਰਨ ਅਤੇ ਇਕ ਨੰਬਰ ਦੇ ਬਜਾਏ ਇਕ ਰੇਂਜ ਸਫ਼ਾਰਸ਼ ਕਰਨ ਦਾ ਸੰਕੇਤ ਦਿੱਤਾ ਹੈ। ਜਿਥੇ ਵਿੱਤੀ ਘਾਟਾ ਕੋਈ ਬੁਰਾ ਨਹੀਂ ਹੈ ਪਰ ਮਾਲੀ ਖਰਚੇ ਲਈ ਕਰਜ਼ਾ ਲੈਣ ਨਾਲ ਆਉਣ ਵਾਲੇ ਸਾਲਾਂ ਵਿੱਚ ਵਿਆਜ ਦੇ ਭਾਰ ਕਾਰਨ ਬਹੁਤ ਮਾੜਾ ਵਿੱਤੀ ਤਣਾਅ ਬਣ ਸਕਦਾ ਹੈ। ਵਿਆਜ ਦੀ ਅਦਾਇਗੀ ਵਿੱਤੀ ਘਾਟੇ ਦੇ ਅਨੁਪਾਤ ਵਿੱਚ 2014-15 ਦੇ 79 ਪ੍ਰਤਿਸ਼ਤ ਤੋਂ ਵੱਧ ਜੋ 2014-15 ਵਿੱਚ 44.5 ਪ੍ਰਤਿਸ਼ਤ ਸੀ, 2015-16 ਵਿੱਚ 46.7 ਪ੍ਰਤਿਸ਼ਤ ਹੋ ਗਈ ਹੈ (ਮੁੜ ਵਿਚਾਰੇ ਬਜਟ ਅੰਦਾਜ਼ੇ) ਅਤੇ 2016-17 ਦੇ ਬਜਟ ਵਿੱਚ ਵੀ ਇਹੋ ਅੰਦਾਜ਼ਾ ਹੈ।

### ਭਾਰਤ ਸਰਕਾਰ ਦੀਆਂ ਕੋਸ਼ਿਸ਼ਾਂ

14ਵੇਂ ਵਿੱਤ ਆਯੋਗ ਦੀਆਂ ਸਫ਼ਾਰਸ਼ਾਂ ਦੇ ਨਤੀਜੇ ਦੇ ਤੌਰ ਤੇ ਜਿਸ ਨੇ ਵੰਡਣਯੋਗ ਟੈਕਸਾਂ ਦੇ ਪੂਲ ਵਿੱਚੋਂ ਰਾਜਾਂ ਦੇ ਹਿੱਸੇ ਨੂੰ ਵਧਾ ਦਿੱਤਾ ਹੈ, ਕੇਂਦਰ ਸਰਕਾਰ ਨੇ ਕੇਂਦਰੀ ਸਕੀਮਾਂ ਦੀ ਗਿਣਤੀ ਘਟਾ ਦਿੱਤੀ ਹੈ (ਕੇਂਦਰ ਸਰਕਾਰ ਦੀਆਂ ਸਕੀਮਾਂ ਅਤੇ ਕੇਂਦਰੀ ਸਰਪ੍ਰਸਤ ਸਕੀਮਾਂ)। ਅਧਾਰ ਨੇ ਕਾਨੂੰਨੀ ਮਾਨਤਾ ਵੀ ਇਕ ਹੋਰ ਅਜਿਹਾ ਕਦਮ ਹੈ ਜਿਸ ਨਾਲ ਸਬਸਿਡੀਆਂ ਅਤੇ ਹੋਰ ਲਾਭਾਂ ਨੂੰ ਸਿੱਧਿਆਂ ਲਾਭਪਾਤਰ ਦੇ ਖਾਤੇ ਵਿੱਚ ਜਮ੍ਹਾਂ ਹੋਣਾ ਵਧ ਜਾਵੇਗਾ। ਖਾਦ ਸਬਸਿਡੀ ਨੂੰ ਸਿੱਧਿਆਂ ਖਾਤੇ ਵਿੱਚ ਜਮ੍ਹਾਂ ਕਰਨ ਦੀ ਕੋਸ਼ਿਸ਼ ਵੀ 2016-17 ਵਿੱਚ ਕੁੱਝ ਜ਼ਿਲ੍ਹਿਆਂ ਵਿੱਚ ਕੀਤੀ ਜਾਵੇਗੀ। ਸਬਸਿਡੀ ਬਜਟ ਜੋ ਇਕ ਲੱਖ ਕਰੋੜ ਰੁਪਏ ਤੋਂ ਵੱਧ ਹੈ, ਨੂੰ ਆਉਣ ਵਾਲੇ ਸਾਲਾਂ ਵਿੱਚ ਘਟਾਉਣ ਦੀ ਵੀ ਕੋਸ਼ਿਸ਼ ਕੀਤੀ ਜਾਵੇਗੀ।

2015-16 ਵਿੱਚ ਵਿੱਤੀ ਸੰਯੋਜਨ ਉਪਰ ਅੰਤਰਰਾਸ਼ਟਰੀ ਪੱਧਰ ਉਤੇ ਤੇਲ ਦੀਆਂ ਕੀਮਤਾਂ ਡਿਗਣ ਅਤੇ 8-10 ਵਾਰ ਈਧਨ ਉਪਰ ਉਪਭੋਗਤਾ ਕਰ ਲਗਾਉਣ ਦਾ ਠੋਸ ਅਸਰ ਪਿਆ ਹੈ। ਇਹ ਰੁਝਾਨ 2016-17 ਵਿੱਚ ਵੀ ਚਾਲੂ ਰਹਿਣ ਦੀ ਉਮੀਦ ਹੈ। ਇਸੇ ਤਰ੍ਹਾਂ, 2015 ਵਿੱਚ ਸਪੈਕਟਰਮ ਦੀ ਨਿਲਾਮੀ ਤੋਂ 56,000 ਕਰੋੜ ਰੁਪਏ ਵਸੂਲੀ ਹੋਈ ਜਦਕਿ ਇਹ ਰਕਮ 42,800 ਕਰੋੜ ਰੁਪਏ ਹੀ ਸੋਚੀ ਗਈ ਸੀ। 2016-17 ਲਈ 98,995 ਕਰੋੜ ਰੁਪਏ ਦਾ ਟੀਚਾ ਮਿਥਿਆ ਗਿਆ ਹੈ।

ਵਧੇਰੇ ਆਮਦਨ ਲਈ, ਸੈੱਸ ਲਗਾਉਣ ਦਾ ਰਸਤਾ ਚੁਣਨ ਨਾਲ ਵੀ, ਜੋ ਰਾਜਾਂ ਨਾਲ ਵੰਡਣਾ ਨਹੀਂ ਹੁੰਦਾ, ਕੇਂਦਰ ਸਰਕਾਰ ਨੂੰ ਵਿੱਤੀ ਘਾਟਾ ਪ੍ਰਬੰਧ ਵਿੱਚ ਮਦਦ ਮਿਲੀ ਹੈ। ਕਾਰਾਂ ਉਪਰ 1 ਤੋਂ 4 ਪ੍ਰਤਿਸ਼ਤ ਕਰ ਬੁਨਿਆਦੀ ਢਾਂਚਾ ਸੈੱਸ, 0.5 ਪ੍ਰਤਿਸ਼ਤ ਕ੍ਰਿਸ਼ੀ ਕਲਿਆਣ ਸੈੱਸ, ਕੋਲੇ ਉਪਰ ਸਾਫ਼ ਊਰਜਾ ਸੈੱਸ ਨੂੰ ਦੁੱਗਣਾ ਕਰ ਕੇ 400 ਰੁਪਏ ਪ੍ਰਤਿ ਟਨ ਕਰਨਾ (ਜਿਸ ਦਾ ਬਹੁਤ ਭੈੜਾ ਅਸਰ ਪੈ ਸਕਦਾ ਹੈ ਅਤੇ ਇਹ ਸਭ ਕਿਸਮ ਦੇ ਬਿਜਲੀ ਉਪਭੋਗਤਾਵਾਂ ਲਈ ਬਿਜਲੀ ਦਰਾਂ ਵਿੱਚ ਵਾਧਾ ਕਰ ਸਕਦੀ ਹੈ) ਅਤੇ ਸਵੱਛ ਭਾਰਤ ਸੈੱਸ ਮਿਲਾ ਕੇ 35,000 ਕਰੋੜ ਰੁਪਏ ਇਕੱਠੇ ਹੋ ਜਾਣ ਦੀ ਸੰਭਾਵਨਾ ਹੈ।

ਅਜਿਹਾ ਲਗਦਾ ਹੈ ਕਿ ਭਾਰਤ ਸਰਕਾਰ, ਸਬਸਿਡੀਆਂ ਨੂੰ ਸੁਧਾਰ ਕਰਨ ਤੋਂ ਇਲਾਵਾ ਕੋਈ ਠੋਸ ਕਦਮ ਨਾ ਉਠਾ ਕੇ, ਵਿੱਤੀ ਸਮਝਦਾਰੀ ਦੀ ਆਸ ਰੱਖਦੀ ਹੈ। ਭਾਜਕ ਗੁਣਨਖੰਡ, (ਕੁੱਲ ਘਰੇਲੂ ਉਤਪਾਦਨ) ਵਿੱਚ ਬਦਲਾਅ ਆ ਸਕਦਾ ਹੈ (ਉਮੀਦ ਤੋਂ ਵੀ ਵੱਧ ਘਟਣਾ) ਅਤੇ ਅਜਿਹੀ ਹਾਲਤ ਵਿੱਚ, ਇਹ ਘਾਟੇ ਦੇ ਟੀਚਿਆਂ ਨੂੰ ਕਾਬੂ ਹੇਠ ਰੱਖਣਾ ਬਹੁਤ ਚੁਨੌਤੀਪੂਰਨ ਹੋ ਸਕਦਾ ਹੈ ਜਿਸ ਵੱਲ ਹਲੇ ਤੱਕ ਕੋਈ ਤਿਆਰੀ ਦਿਖਾਈ ਨਹੀਂ ਦੇ ਰਹੀ।

*(ਲੇਖਕ ਬਜਟ ਅਤੇ ਨੀਤੀ ਅਧਿਐਨ ਕੇਂਦਰ ਬੰਗਲੂਰੂ ਵਿਖੇ ਸ਼ੋਧ ਸਲਾਹਕਾਰ ਹਨ)*

*e-mail :madhusudhan@cbps.in*

## ਕੀ ਤੁਸੀਂ ਜਾਣਦੇ ਹੋ?

***ਕੀਮਤਾਂ ਦੀ ਸਥਿਰਤਾ ਲਈ ਫੰਡ :*** ਕੀਮਤ ਸਥਿਰਤਾ ਫੰਡ ਉਤਪਾਦਕਾਂ ਨੂੰ ਵਿੱਤੀ ਰਾਹਤ ਦੇਣ ਲਈ ਸਥਾਪਤ ਕੀਤਾ ਗਿਆ ਸੀ ਜਦੋਂ ਵਸਤਾਂ ਦੀਆਂ ਕੀਮਤਾਂ ਇੱਕ ਨਿਸ਼ਚਿਤ ਪੱਧਰ ਤੋਂ ਹੇਠਾਂ ਡਿੱਗ ਪੈਣ ਤਾਂ ਕਿ ਘੱਟ ਕੀਮਤਾਂ ਕਰਕੇ ਉਤਪਾਦਕਾਂ ਦੀਆਂ ਦੁਸ਼ਵਾਰੀਆਂ ਘੱਟ ਕੀਤੀਆਂ ਜਾ ਸਕਣ ਅਤੇ ਉਨ੍ਹਾਂ ਦੇ ਹਿੱਤ ਸੁਰੱਖਿਅਤ ਰਹਿ ਸਕਣ। ਇਸ ਕੋਸ਼ ਦਾ ਮੰਤਵ ਸੰਕਟ ਸਮੇਂ ਉਤਪਾਦਕਾਂ ਨੂੰ ਚਿਰ-ਸਥਾਈ, ਦੀਰਘਕਾਲੀ ਸਹਾਇਤਾ ਪ੍ਰਦਾਨ ਕਰਨਾ ਵੀ ਹੈ, ਬਜਾਇ ਕਿ ਕੰਮ ਚਲਾਊ ਦਖ਼ਲਾਂ ਦੇ ਕਿਉਂਕਿ ਜ਼ਰੂਰੀ ਵਸਤਾਂ ਦੀਆਂ ਕੀਮਤਾਂ ਦੀ ਨਿਗਰਾਨੀ ਸ਼ਾਸਨ ਦਾ ਇਕ ਅਹਿਮ ਅੰਗ ਹੈ।

ਕਿਉਂਕਿ ਚਾਹ, ਕੌਫ਼ੀ, ਰਬੜ ਅਤੇ ਤੰਬਾਕੂ ਦੀਆਂ ਵਿਸ਼ਵੀ ਤੇ ਘਰੇਲੂ ਕੀਮਤਾਂ ਵਿੱਚ ਪਿਛਲੇ ਕੁੱਝ ਸਾਲਾਂ ਦੌਰਾਨ ਗਿਰਾਵਟ ਆਈ ਹੈ, ਜਿਸ ਕਰਕੇ ਮੁੱਖ ਉਤਪਾਦਨਕਰਤਾ ਸੰਕਟ ਵਿੱਚ ਆ ਗਿਆ। ਇਸ ਕਰਕੇ ਵਣਜ ਵਿਭਾਗ ਨੇ ਕੀਮਤ ਸਥਿਰਤਾ ਕੋਸ਼ ਸਥਾਪਤ ਕਰਨ ਦਾ ਫ਼ੈਸਲਾ ਲਿਆ ਜਿਸ ਨੂੰ ਜੂਨ 2002 ਵਿੱਚ ਸੀ ਸੀ ਈ ਏ ਵਲੋਂ ਸਿਧਾਂਤਕ ਮਨਜ਼ੂਰੀ ਦੇ ਦਿੱਤੀ ਗਈ। ਬਾਅਦ ਵਿੱਚ ਫ਼ਰਵਰੀ 2003 ਵਿੱਚ ਇਸ ਨੂੰ ਮਨਜ਼ੂਰੀ ਮਿਲ ਗਈ ਅਤੇ ਕੀਮਤ ਸਥਿਰਤਾ ਕੋਸ਼ ਸਕੀਮ ਅਪ੍ਰੈਲ 2003 ਵਿੱਚ ਜਾਰੀ ਹੋ ਗਈ। ਇਹ ਸਕੀਮ ਭਾਗੀਦਾਰੀ ਦੇ ਸਿਧਾਂਤ ਉਤੇ ਅਧਾਰਤ ਹੈ। ਇੱਕ ਸਾਲ ਵਿੱਚ ਠੀਕ ਉਤਪਾਦਨ, ਵੱਧ ਉਤਪਾਦਨ ਜਾਂ ਫ਼ਸਲ ਖਰਾਬ ਹੋਣ ਦੀ ਸੂਰਤ ਵਿੱਚ ਸਰਕਾਰ ਤੇ ਉਤਪਾਦਕ ਦੋਵੇਂ ਇਸ ਕੋਸ਼ ਵਿੱਚ ਹਿੱਸਾ ਪਾਉਂਦੇ ਹਨ। ਇਕ ਆਮ ਸਾਲ ਵਿੱਚ ਸਰਕਾਰ ਅਤੇ ਹਰੇਕ ਉਤਪਾਦਕ 500-500 ਰੁਪਏ ਇਸ ਕੋਸ਼ ਵਿੱਚ ਜਮ੍ਹਾਂ ਕਰਵਾਉਂਦੇ ਹਨ। ਪਰ ਪੈਸਾ ਕਢਵਾਉਣ ਦੀ ਆਗਿਆ ਨਹੀਂ ਹੁੰਦੀ।

ਵੱਧ ਪੈਦਾਵਾਰ ਵਾਲੇ ਸਾਲ ਵਿੱਚ ਉਤਪਾਦਕ 1000 ਰੁਪਏ ਜਮ੍ਹਾਂ ਕਰਵਾਉਂਦਾ ਹੈ। ਪਰ ਪੈਸਾ ਫਿਰ ਵੀ ਕਢਵਾਇਆ ਨਹੀਂ ਜਾ ਸਕਦਾ। ਪਰ ਫ਼ਸਲ ਖਰਾਬ ਹੋਣ ਵਾਲੇ ਸਾਲ ਵਿੱਚ ਸਰਕਾਰ ਪ੍ਰਤਿ ਉਤਪਾਦਕ 1000 ਰੁਪਏ ਜਮ੍ਹਾਂ ਕਰਵਾਉਂਦੀ ਹੈ ਅਤੇ ਉਤਪਾਦਕ 1000 ਰੁਪਏ ਕਢਵਾ ਸਕਦਾ ਹੈ। ਹਰੇਕ ਉਤਪਾਦਕ ਕਿਸੇ ਵੀ ਬੈਂਕ ਵਿੱਚ ਕੀਮਤ ਸਥਿਰਤਾ ਕੋਸ਼ ਬਚਤ ਖਾਤਾ ਖੁੱਲ੍ਹਵਾਉਂਦਾ ਹੈ। 500 ਰੁਪਏ ਦੀ ਛੋਟੀ ਜਮ੍ਹਾਂ ਰਾਸ਼ੀ ਅਦਾ ਕਰਕੇ ਇੱਕ ਛੋਟਾ ਉਤਪਾਦਕ ਵੀ ਇਸ ਸਕੀਮ ਵਿੱਚ ਸ਼ਾਮਲ ਹੋ ਸਕਦਾ ਹੈ। ਇਹ ਸਕੀਮ 1 ਅਪ੍ਰੈਲ 2003 ਤੋਂ 31 ਮਾਰਚ 2013 ਤੱਕ, 10 ਸਾਲਾਂ ਲਈ ਚਲਾਈ ਗਈ। ਇਸ ਨੂੰ ਪੰਜ ਸਾਲ ਬਾਅਦ ਫਿਰ ਤੋਂ ਨਵਿਆਉਣਾ ਪੈਂਦਾ ਹੈ। ਸ਼ੁਰੂ ਵਿੱਚ ਕੁੱਲ 12.77 ਲੱਖ ਉਤਪਾਦਕਾਂ ਵਿੱਚ 3.42 ਲੱਖ ਉਤਪਾਦਕਾਂ ਨੂੰ ਇਸ ਦੇ ਦਾਇਰੇ ਹੇਠ ਲਿਆਂਦਾ ਗਿਆ, ਖ਼ਾਸ ਕਰਕੇ ਜਿਨ੍ਹਾਂ ਕੋਲ ਜ਼ਮੀਨ 4 ਏਕੜ ਜਾਂ ਇਸ ਤੋਂ ਘੱਟ ਸੀ। ਕੀਮਤ ਸਥਿਰਤਾ ਕੋਸ਼ ਦੇ ਪੈਸੇ ਨੂੰ ਭਾਰਤ ਸਰਕਾਰ ਦੇ ਜਨਤਕ ਖਾਤੇ ਵਿੱਚ ਜਮ੍ਹਾਂ ਕਰਵਾਇਆ ਜਾਂਦਾ ਹੈ। ਪਰ ਇਸ ਪੈਸੇ ਦੀ ਵਰਤੋਂ ਨਹੀਂ ਕੀਤੀ ਜਾਂਦੀ। ਸਿਰਫ਼ ਇਸ ਪੈਸੇ ਦਾ ਵਿਆਜ ਹੀ ਕੀਮਤ ਸਥਿਰਤਾ ਕੋਸ਼ ਸਕੀਮ ਲਈ ਵਰਤਿਆ ਜਾਂਦਾ ਹੈ।

2016-17 ਕੇਂਦਰੀ ਬਜਟ ਵਿੱਚ ਕੀਮਤ ਸਥਿਰਤਾ ਕੋਸ਼ ਲਈ 900 ਕਰੋੜ ਰੁਪਏ ਮੁਹੱਈਆ ਕਰਵਾਏ ਗਏ ਹਨ। ਕੀਮਤ ਸਥਿਰਤਾ ਕੋਸ਼ ਦੁਆਰਾ ਘੱਟੋ-ਘੱਟ ਖਰੀਦ ਕੀਮਤ ਅਤੇ ਬਜ਼ਾਰ ਕੀਮਤ ਉਤੇ ਖਰੀਦ ਕਰਕੇ ਦਾਲਾਂ ਦਾ ਵਾਧੂ ਭੰਡਾਰ ਜਮ੍ਹਾਂ ਕੀਤਾ ਜਾਵੇਗਾ।

***- ਵਾਟਿਕਾ ਚੰਦਰਾ, ਉੱਪ ਸੰਪਾਦਕ***

# ਇੱਕ ਰੂੜ੍ਹੀਵਾਦੀ ਵਾਧੇ ਦਾ ਅਨੁਮਾਨ ਕਿਉਂ?

ਡੀ ਐੱਚ ਪਾਈ ਪਨੰਦੀਕਰ

ਆਰਥਿਕ ਸਰਵੇਖਣ ਉਸ ਪਿੱਠਭੂਮੀ ਦੀ ਗੱਲ ਕਰਦਾ ਹੈ ਜਿਸ ਨੂੰ ਧਿਆਨ ਵਿੱਚ ਰੱਖਦਿਆਂ ਬਜਟ ਬਣਾਇਆ ਗਿਆ ਹੈ। ਸਰਵੇਖਣ ਜ਼ਿਆਦਾ ਸੰਖੇਪ ਹੈ ਅਤੇ ਮੌਜੂਦਾ ਆਰਥਿਕ ਹਾਲਾਤ ਦੀ ਸਮੀਖਿਆ ਕਰਦਾ ਹੈ। ਇਸ ਵਿੱਚ ਉਨ੍ਹਾਂ ਮੁੱਖ ਨੀਤੀਆਂ ਦਾ ਵੀ ਜ਼ਿਕਰ ਹੈ ਜੋ ਆਰਥਿਕਤਾ ਨੂੰ ਮਜਬੂਤੀ ਪ੍ਰਦਾਨ ਕਰ ਸਕਦੀਆਂ ਹਨ। ਬਜਟ ਅਰਥਸ਼ਾਸਤਰ ਤੋਂ ਥੋੜ੍ਹਾ ਅੱਗੇ ਜਾ ਕੇ ਰਾਜਨੀਤਕ ਵਿਚਾਰਾਂ, ਖਰਚਿਆਂ ਦੀ ਤਰਜੀਹ ਬਣਾਉਣ ਅਤੇ ਸਰੋਤ ਇਕੱਠੇ ਕਰਨ ਤੋਂ ਪ੍ਰਭਾਵਿਤ ਹੈ। ਸਰਵੇਖਣ ਅਤੇ ਬਜਟ ਵੱਖ-ਵੱਖ ਵਿਭਾਗਾਂ ਬਾਰੇ ਵਿੱਤ ਮੰਤਰਾਲੇ ਦੇ ਵਿਚਾਰਾਂ ਨੂੰ ਦਰਜ ਕਰਦੇ ਹਨ।

ਮੌਜੂਦ ਸਾਲ ਲਈ ਉਮੀਦਾਂ ਜ਼ਿਆਦਾ ਹੀ ਅਭਿਲਾਸ਼ੀ ਰਹਿਣ ਕਰਕੇ ਸਾਲ 2016-17 ਲਈ ਸਰਵੇਖਣ ਵਿੱਚ ਵਾਧੇ ਦਾ ਟੀਚਾ 7-7.5 ਪ੍ਰਤਿਸ਼ਤ ਨਿਰਧਾਰਤ ਕੀਤਾ ਗਿਆ ਹੈ। ਸ਼ਾਇਦ ਵਰਤਮਾਨ ਗੰਭੀਰ ਵਿਸ਼ਵ ਆਰਥਿਕ ਸਥਿਤੀ ਦਾ ਕਿਆਸ ਨਹੀਂ ਸੀ ਕੀਤਾ ਗਿਆ ਜੋ ਅਗਲੇ ਸਾਲ ਕਿਸੇ ਵੀ ਦਿਸ਼ਾ ਵਿੱਚ ਜਾ ਸਕਦੀ ਹੈ। ਅਨਿਸ਼ਚਿਤਤਾ ਦੇ ਇਸ ਦੌਰ ਵਿੱਚ ਵੀ ਭਾਰਤ 'ਸਥਿਰਤਾ ਦਾ ਆਸਰਾ' ਬਣ ਕੇ ਉੱਭਰਿਆ ਹੈ ਜਿਸ ਦੀ ਵਿਕਾਸ ਦਰ ਉੱਚੀ ਤੇ ਸਥਿਰ ਹੈ। ਲੰਬੇ ਸਮੇਂ ਦੀ ਸੰਭਾਵਨਾ ਦਾ ਅਨੁਮਾਨ 8-10 ਪ੍ਰਤਿਸ਼ਤ ਲਗਾਇਆ ਗਿਆ। ਬਾਕੀ ਥਾਵਾਂ ਉਤੇ ਹਲਾਤ ਬਹੁਤੇ ਵਧੀਆ ਨਹੀਂ। ਜਪਾਨ ਅਤੇ ਯੂਰਪ ਮੰਦੀ ਦੀ ਹੱਦ ਉਤੇ ਖੜ੍ਹੇ ਹਨ। ਅਮਰੀਕਾ ਦੀ ਵਿਕਾਸ ਦਰ 2015 ਦੀ ਆਖਰੀ ਤਿਮਾਹੀ ਵਿੱਚ ਘਟ ਗਈ। ਇਥੋਂ ਤੱਕ ਕਿ ਬ੍ਰਿਕਸ ਦੇਸ਼ਾਂ ਨੂੰ ਵੀ ਸਮੱਸਿਆਵਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਬ੍ਰਾਜ਼ੀਲ ਅਤੇ ਰੂਸ ਵਿੱਚ ਵਿਕਾਸ ਦਰ ਘਟ ਕੇ ਮਨਫ਼ੀ 4 ਪ੍ਰਤਿਸ਼ਤ ਉਤੇ ਆ ਗਈ। ਦੱਖਣੀ ਅਫ਼ਰੀਕਾ ਵਿੱਚ ਵੀ ਹਾਲਤ ਖ਼ਰਾਬ ਹੈ। ਚੀਨ ਵੀ ਆਪਣੀ ਪਹਿਲੀ 10 ਪ੍ਰਤਿਸ਼ਤ ਵਾਧਾ ਦਰ ਤੋਂ 6.5 ਪ੍ਰਤਿਸ਼ਤ ਉਤੇ ਆ ਗਿਆ ਹੈ।

ਕੋਈ ਵੀ ਦੇਸ਼ ਬਾਕੀ ਦੁਨੀਆਂ ਨੂੰ ਲੱਗਣ ਵਾਲੇ ਸੇਕ ਤੋਂ ਬਚਿਆ ਨਹੀਂ ਰਹਿ ਸਕਦਾ। ਸਾਰੇ ਦੇਸ਼ ਵਪਾਰ ਅਤੇ ਨਿਵੇਸ਼ ਰਾਹੀਂ ਇਕ ਦੂਜੇ ਨਾਲ ਗਹਿਰੇ ਜੁੜੇ ਹੋਏ ਹਨ। ਜਿਨ੍ਹਾਂ ਦੇਸ਼ਾਂ ਨੇ ਵਿਕਾਸ ਦਰ ਨੂੰ ਹੁਲਾਰਾ ਦੇਣ ਲਈ ਨਿਰਯਾਤ ਦਾ ਰਸਤਾ ਚੁਣਿਆ, ਉਹ ਇਸ ਦੌੜ ਵਿੱਚੋਂ ਬਾਹਰ ਹੋਣ ਵਿੱਚ ਵੀ ਮੋਹਰੀ ਹਨ। ਭਾਰਤ ਦੀ ਸ਼ੁਰੂਆਤੀ ਵਿਕਾਸ ਰਣਨੀਤੀ ਆਯਾਤ ਵਿਕਲਪ ਦੇ ਉਤੇ ਆਧਾਰਤ ਸੀ, ਜਿਸ ਨੂੰ 1999 ਦੇ ਸੁਧਾਰਾਂ ਤੋਂ ਬਾਅਦ ਦੇ ਬਿਹਤਰੀਨ ਯਤਨਾਂ ਦੇ ਬਾਵਜੂਦ ਵੀ, ਪ੍ਰਭਾਵਸ਼ਾਲੀ ਤੌਰ ਤੇ ਨਿਰਯਾਤ ਨੂੰ ਉਤਸ਼ਾਹ ਦੇਣ ਵਿੱਚ ਨਾਂ ਬਦਲਿਆ ਜਾ ਸਕਿਆ। ਇਸ ਨੇ ਹੁਣ 'ਮੇਕ ਇਨ ਇੰਡੀਆ' ਦਾ ਜ਼ਿਆਦਾ ਭਿੰਨਤਾ ਵਾਲਾ ਰੂਪ ਪ੍ਰਾਪਤ ਕਰ ਲਿਆ ਹੈ। ਘਰੇਲੂ ਕਾਰਕਾਂ 'ਤੇ ਨਿਰਭਰਤਾ ਕਾਰਨ ਬਾਕੀ ਵਿਸ਼ਵ ਨਾਲ ਸਾਡਾ ਸਬੰਧ ਥੋੜ੍ਹਾ ਜਿਹਾ ਹਲਕਾ ਹੈ। ਸਰਵੇਖਣ ਇਸ ਵੱਲ ਇਸ਼ਾਰਾ ਕਰਦਾ ਹੈ ਕਿ ਵਿਸ਼ਵ ਆਰਥਿਕ ਵਾਧੇ ਵਿੱਚ ਇਕ ਪ੍ਰਤਿਸ਼ਤ ਬਿੰਦੂ ਦੀ ਗਿਰਾਵਟ ਭਾਰਤ ਦੀ ਵਿਕਾਸ ਦਰ ਨੂੰ 0.2 ਪ੍ਰਤਿਸ਼ਤ ਬਿੰਦੂ ਘੱਟ ਕਰ ਦਿੰਦੀ ਹੈ। ਪਰ 2008-09 ਦੇ ਅੰਤ ਦੇ ਸੰਕਟ ਵਰਗੀਆਂ ਘਟਨਾਵਾਂ ਖ਼ਤਰਨਾਕ ਹੋ ਸਕਦੀਆਂ ਹਨ।

ਅਜਿਹਾ ਕੀ ਹੈ ਜਿਸ ਨੇ ਨਿਰਾਸ਼ਾ ਭਰੇ ਵਿਸ਼ਵ ਵਾਤਾਵਰਨ ਵਿੱਚ ਵੀ ਭਾਰਤ ਦੇ ਵਾਧੇ ਨੂੰ ਬਣਾਈ ਰੱਖਿਆ ਹੈ? ਸਰਵੇਖਣ ਬਹੁਤ ਸਾਰੇ ਨਿੱਕੇ ਪਰ ਅਗਾਂਹਵਧੂ ਕਾਰਕਾਂ ਬਾਰੇ ਗੱਲ ਕਰਦਾ ਹੈ ਜਿਵੇਂ ਕੇਂਦਰ ਵਿੱਚ ਭ੍ਰਿਸ਼ਟਾਚਾਰ ਦਾ ਲਗਭਗ ਖਾਤਮਾ, ਹੋਰ ਜ਼ਿਆਦਾ ਖੇਤਰਾਂ ਨੂੰ ਸਿੱਧੇ ਵਿਦੇਸ਼ੀ ਨਿਵੇਸ਼ ਲਈ ਖੋਲ੍ਹਣਾ, ਕਾਰੋਬਾਰ ਕਰਨ ਦੀ ਲਾਗਤ ਨੂੰ ਘੱਟ ਕਰਨਾ, ਜਨ ਧੰਨ ਯੋਜਨਾ ਅਤੇ ਦੂਜੀਆਂ ਸਮਾਜਕ ਮਹੱਤਵ ਵਾਲੀਆਂ ਯੋਜਨਾਵਾਂ। ਪਰ ਇਨ੍ਹਾਂ ਯਤਨਾਂ ਦੇ ਬਾਵਜੂਦ ਨਿਵੇਸ਼ ਵਿੱਚ ਕੋਈ ਖ਼ਾਸ ਵਾਧਾ ਨਹੀਂ ਹੋਇਆ।

ਉਦਯੋਗ ਖੜੋਤ ਦਾ ਸ਼ਿਕਾਰ ਹਨ। ਕੁੱਲ ਘਰੇਲੂ ਉਤਪਾਦ ਵਿੱਚ ਇਸ ਦੀ ਹਿੱਸੇਦਾਰੀ 15-16 ਪ੍ਰਤਿਸ਼ਤ ਉਤੇ ਅਟਕੀ ਹੋਈ ਹੈ। ਕਾਰੋਬਾਰ ਖੇਤਰ ਕਿਸੇ ਨਾ ਕਿਸੇ ਤਰ੍ਹਾਂ ਆਪਣੀ ਕਾਰਗੁਜ਼ਾਰੀ ਨੂੰ ਤਾਂ ਬਣਾ ਕੇ ਰੱਖਣ ਵਿੱਚ ਕਾਮਯਾਬ ਰਿਹਾ, ਪਰ ਚਾਲੂ ਸਾਲ ਵਿੱਚ ਇਸ ਦਾ ਮੁਨਾਫ਼ਾ ਨਹੀਂ ਹੋਇਆ। ਮੰਗ ਦੀ ਕਮੀ ਕਾਰਨ ਇਹ ਖੇਤਰ ਵਾਧੂ ਸਮਰੱਥਾ ਦੀ ਜਕੜ ਵਿੱਚ ਹੈ। ਕਾਰੋਬਾਰ ਜਗਤ ਅਤੇ ਆਖਰ ਇਸ ਨੂੰ ਪੈਸਾ ਉਧਾਰ ਦੇਣ ਵਾਲੇ ਬੈਂਕ ਵੀ ਅਸਾਸਿਆਂ ਦੀ ਕਮੀ ਨਾਲ ਜੂਝ ਰਹੇ ਹਨ।

ਕੁੱਝ ਖੇਤਰਾਂ ਨੇ ਬੇਸ਼ੱਕ ਵਧੇਰੇ ਉਤਸ਼ਾਹ ਦਿਖਾਇਆ ਹੈ। ਸੇਵਾਵਾਂ ਦਾ ਖੇਤਰ ਆਰਥਿਕਤਾ ਨੂੰ ਤੇਜ ਕਰਦਾ ਰਿਹਾ ਹੈ ਅਤੇ ਵਿੱਤ ਅਤੇ ਵੰਡ ਵਿੱਚ ਭਰਪੂਰ ਉਤਸ਼ਾਹ ਦੇਖਣ ਨੂੰ ਮਿਲਿਆ ਹੈ। ਸ਼ੁਰੂਆਤੀ ਕਾਰੋਬਾਰ ਵਾਲਿਆਂ ਨੂੰ ਭਾਰਤ ਵਿੱਚ ਇਕ ਨਵਾਂ ਅਧਾਰ ਮਿਲਿਆ ਹੈ। ਸਿੱਧੇ ਵਿਦੇਸ਼ੀ ਨਿਵੇਸ਼ ਦੀ ਰਫ਼ਤਾਰ ਬਣੀ ਹੋਈ ਹੈ ਭਾਵੇਂ ਕਿ ਵਾਧਾ ਜ਼ਿਆਦਾ ਨਹੀਂ ਹੈ। ਜਿਸ ਚੀਜ਼ ਨੇ ਆਰਥਿਕਤਾ ਨੂੰ ਪਟੜੀ ਉਤੇ ਬਣਾਈ ਰੱਖਿਆ, ਸੰਭਵ ਤੌਰ ਤੇ ਉਹ ਸ਼ੁਰੂਆਤੀ ਸਾਲਾਂ ਦੌਰਾਨ ਉੱਚ ਨਿਵੇਸ਼ ਦਾ ਗੁਣਾਂਕ ਪ੍ਰਭਾਵ ਸੀ।

ਆਰਥਿਕਤਾ ਨੂੰ ਇਕ ਵਾਰ ਮੁੜ ਤੋਂ ਤੇਜੀ ਦੇ ਰਾਹ ਉਤੇ ਲਿਆਉਣ ਲਈ ਜ਼ਰੂਰੀ ਹੈ ਕਿ ਮੰਗ ਪੈਦਾ ਕਰਨ ਵਾਲੇ ਕਦਮ ਚੁੱਕੇ ਜਾਣ। ਜਨਤਕ ਖੇਤਰ ਲਈ ਇਕ ਪ੍ਰਭਾਵੀ ਤਰੀਕਾ ਬੁਨਿਆਦੀ ਢਾਂਚੇ ਵਿੱਚ ਨਿਵੇਸ਼ ਕਰਨਾ ਹੈ ਜਿਸ ਦੀਆਂ ਅਸੀਮ ਸੰਭਾਵਨਾਵਾਂ ਹਨ ਅਤੇ ਜਿਸ ਦਾ

ਗੁਣਾਂਕ ਪ੍ਰਭਾਵ ਬਹੁਤ ਮਜਬੂਤ ਹੈ। ਨਿੱਜੀ ਖੇਤਰ ਨਿਵੇਸ਼ ਵਿੱਚ ਘਾਟੇ ਦਾ ਇਕ ਕਾਰਨ ਉੱਚ ਵਿਆਜ ਦਰ ਹੈ। ਰਿਜ਼ਰਵ ਬੈਂਕ ਨੇ ਪਹਿਲਾਂ ਉੱਚ ਮਹਿੰਗਾਈ ਦਰ ਦੇ ਚਲਦਿਆਂ ਵਿਆਜ ਦਰ ਵਧਾ ਦਿੱਤੀ ਸੀ ਜਿਸ ਨੇ 2010-11 ਤੋਂ ਬਾਅਦ ਦੇ ਚਾਰ ਸਾਲਾਂ ਵਿੱਚ ਆਰਥਿਕਤਾ ਨੂੰ ਆਪਣੀ ਲਪੇਟ ਵਿੱਚ ਲੈ ਲਿਆ ਸੀ। ਇਸ ਸਮੇਂ ਦੌਰਾਨ ਨਿਵੇਸ਼ ਵੀ ਕਾਫ਼ੀ ਹੋਇਆ ਭਾਵੇਂ ਕਿ ਆਰਥਿਕਤਾ ਵਿੱਚ ਕੋਈ ਉਬਾਲ ਨਹੀਂ ਆਇਆ। ਮਹਿੰਗਾਈ ਦਰ ਵਿੱਚ ਵਾਧੇ ਦਾ ਮੁੱਖ ਕਾਰਨ ਖੇਤੀ ਵਸਤਾਂ, ਖ਼ਾਸ ਕਰਕੇ ਬਾਗ਼ਬਾਨੀ ਵਸਤਾਂ ਦੀ ਨਾਕਾਫ਼ੀ ਪੂਰਤੀ ਸੀ।

ਪਿਛਲੇ ਦੋ ਸਾਲਾਂ ਦੌਰਾਨ ਮਹਿੰਗਾਈ ਦਰ ਕੁੱਝ ਨਰਮ ਪਈ ਹੈ। ਥੋਕ ਪੱਧਰ 'ਤੇ ਇਹ ਸਿਫ਼ਰ ਹੈ ਅਤੇ ਪ੍ਰਚੂਨ ਪੱਧਰ ਉਤੇ ਇਹ 6 ਪ੍ਰਤਿਸ਼ਤ ਤੋਂ ਘੱਟ ਹੋ ਗਈ ਹੈ। ਸਿੱਟੇ ਵਜੋਂ ਰਿਜ਼ਰਵ ਬੈਂਕ ਨੇ ਰੈਪੋ ਦਰ ਘੱਟ ਕਰਕੇ 6.75 ਪ੍ਰਤਿਸ਼ਤ ਕਰ ਦਿੱਤਾ ਭਾਵੇਂ ਕਿ ਵਪਾਰਕ ਬੈਂਕਾਂ ਵਲੋਂ ਇਸ ਕਟੌਤੀ ਦਾ ਲੋੜੀਂਦਾ ਫ਼ਾਇਦਾ ਉਧਾਰ ਲੈਣ ਵਾਲਿਆਂ ਨੂੰ ਨਹੀਂ ਦਿੱਤਾ ਗਿਆ। ਸਰਵੇਖਣ ਮਜਬੂਤ ਵਾਧੇ ਲਈ ਨੀਤੀ ਦਰ ਘਟਾਉਣ ਅਤੇ ਨਕਦੀ ਦੀਆਂ ਹਾਲਤਾਂ ਅਸਾਨ ਬਨਾਉਣ ਦਾ ਸੁਝਾਅ ਦਿੰਦਾ ਹੈ।

ਭਾਵੇਂ ਕਿ ਭਾਰਤ ਨੇ ਨਿਰਯਾਤ ਨੂੰ ਕਾਰਕ ਵਜੋਂ ਨਹੀਂ ਵਰਤਿਆ ਜਾਂ ਵਰਤ ਨਹੀਂ ਸਕਿਆ, ਨਿਰਯਾਤ ਹਲੇ ਵੀ ਅਹਿਮ ਹੈ ਕਿਉਂਕਿ ਉਦਯੋਗ ਵਿੱਚ ਇਹ ਵਿਕਰੀ ਦਾ ਔਸਤਨ 12 ਪ੍ਰਤਿਸ਼ਤ ਬਣਦਾ ਹੈ। ਪਿਛਲੇ 14 ਮਹੀਨਿਆਂ ਦੌਰਾਨ ਦੁਨੀਆਂ ਦੀ ਆਮਦਨ ਵਿੱਚ ਕਮੀ ਕਰਕੇ ਨਿਰਯਾਤ ਵਿੱਚ ਕਾਫੀ ਕਮੀ ਆਈ ਹੈ। ਨਾਲ ਹੀ, ਅਮਰੀਕੀ ਫੈਡਰਲ ਰਿਜ਼ਰਵ ਵਲੋਂ ਵਿਆਜ ਦਰ ਵਿੱਚ ਵਾਧਾ ਕਰਨਾ ਅਤੇ ਇਹ ਸੰਕੇਤ ਕਿ ਇਸ ਨੂੰ ਭਵਿੱਖ ਵਿੱਚ ਹੋਰ ਵਧਾਇਆ ਜਾਵੇਗਾ, ਨੇ ਹਰੇਕ ਦੂਸਰੀ ਮੁੱਦਰਾ ਦਾ ਮੁੱਲ ਘੱਟ ਕਰ ਦਿੱਤਾ ਹੈ, ਕਈਆਂ ਦਾ ਦੂਜੀਆਂ ਨਾਲੋਂ ਕੁੱਝ ਜ਼ਿਆਦਾ। ਰੁਪਿਆ ਲੁੜਕ ਕੇ ਪਹਿਲਾਂ ਵਾਲੀ ਹਾਲਤ ਵਿੱਚ ਆ ਗਿਆ ਹੈ ਪਰ ਇਹ ਹੋਰ ਜ਼ਿਆਦਾ ਨਿਰਯਾਤ ਕਰਨ ਵਿੱਚ ਸਾਡੀ ਕੋਈ ਮਦਦ ਨਹੀਂ ਕਰ ਰਿਹਾ। ਅਜਿਹਾ ਇਸ ਲਈ ਕਿਉਂਕਿ ਅਸੀਂ ਆਪਣੇ ਮੁਕਾਬਲੇਬਾਜ਼ਾਂ ਦੁਆਰਾ ਉਨ੍ਹਾਂ ਦੀ ਮੁੱਦਰਾ ਦੀ ਘਟਾਈ ਗਈ ਦਰ ਦਾ ਕੋਈ ਲਾਹਾ ਨਹੀਂ ਲਿਆ। ਮੁਦਰਾ ਦੀ ਜੰਗ ਦਰਮਿਆਨ ਰਿਜ਼ਰਵ ਬੈਂਕ ਨੂੰ ਰੁਪਏ ਦਾ ਪ੍ਰਬੰਧਨ ਇਸ ਹੱਦ ਤੱਕ ਕਰਨਾ ਪਵੇਗਾ ਕਿ ਸਾਡੀ ਮੁਕਾਬਲੇਬਾਜ਼ੀ ਦੀ ਸਰਦਾਰੀ ਉਤੇ ਕੋਈ ਅਸਰ ਨਾ ਪਵੇ। ਸਰਵੇਖਣ ਵਿੱਚ ਅਜਿਹੇ ਆਸ ਤੋਂ ਵੱਧ ਨਿਵੇਸ਼ ਦੇ ਜੋਖ਼ਮ ਦਾ ਡਰ ਪ੍ਰਗਟਾਇਆ ਗਿਆ ਹੈ।

ਵਪਾਰਕ ਨਿਰਯਾਤ ਵਿੱਚ ਗਿਰਾਵਟ ਦੇ ਬਾਵਜੂਦ ਚਾਲੂ ਖਾਤਾ ਘਾਟਾ ਸਿਰਫ਼ 1.1 ਪ੍ਰਤਿਸ਼ਤ ਹੈ। ਅਜਿਹਾ ਇਸ ਕਰਕੇ ਹੋ ਸਕਿਆ ਕਿਉਂਕਿ ਸੇਵਾ ਨਿਰਯਾਤ (ਆਈ ਟੀ ਤੇ ਆਈ ਟੀ ਸਬੰਧਿਤ ਸੇਵਾਵਾਂ) ਵਲੋਂ ਕੁੱਝ ਮਦਦ ਮਿਲ ਗਈ ਅਤੇ ਅੰਤਰਰਾਸ਼ਟਰੀ ਕੱਚੇ ਤੇਲ ਦੀਆਂ ਕੀਮਤਾਂ ਵਿੱਚ ਗਿਰਾਵਟ ਕਾਰਨ ਆਯਾਤ ਵਿੱਚ ਵੀ ਘੱਟ ਖਰਚ ਹੋਇਆ। ਸਰਵੇਖਣ ਵਿੱਚ ਆਸ ਪ੍ਰਗਟ ਕੀਤੀ ਗਈ ਹੈ ਕਿ 2016-17 ਵਿੱਚ ਭਾਰਤ ਲਈ ਤੇਲ ਦੀ ਕੀਮਤ 35 ਡਾਲਰ ਪ੍ਰਤਿ ਬੈਰਲ ਹੋਵੇਗੀ ਜੋ ਚਾਲੂ ਸਾਲ ਵਿੱਚ 45 ਡਾਲਰ ਹੈ।

ਬੁਨਿਆਦੀ ਸਵਾਲ ਹੈ ਕਿ ਵਿਕਾਸ ਨੂੰ ਬਣਾਈ ਰੱਖਣ ਤੇ ਰਫ਼ਤਾਰ ਦੇਣ ਲਈ ਕਿਹੜੀਆਂ ਨੀਤੀਗਤ ਪਹਿਲਕਦਮੀਆਂ ਦੀ ਜ਼ਰੂਰਤ ਹੈ। ਇਹ ਮੰਨ ਕੇ ਨਹੀਂ ਚੱਲਿਆ ਜਾ ਸਕਦਾ ਕਿ ਵਿਕਾਸ ਜਾਰੀ ਰਹੇਗਾ। ਕਿਉਂਕਿ ਬਹੁਤ ਸੰਭਾਵਨਾ ਹੈ ਕਿ ਗੁਣਾਂਕ ਦਾ ਪ੍ਰਭਾਵ ਘੱਟ ਹੋ ਜਾਵੇਗਾ ਅਤੇ ਨਿਵੇਸ਼ ਵਿੱਚ ਗਿਰਾਵਟ ਆਵੇਗੀ। ਖ਼ਜ਼ਾਨਾ ਮੰਤਰੀ ਵਲੋਂ ਬਜਟ ਨੂੰ ਮਜਬੂਤ ਕਰਨ ਅਤੇ ਬਜਟ ਘਾਟਾ ਘੱਟ ਕਰਨ ਦੀ ਸਪੱਸ਼ਟ ਚੋਣ ਕੀਤੀ ਗਈ ਹੈ ਜਿਸ ਨੂੰ ਕੁੱਲ ਘਰੇਲੂ ਉਤਪਾਦ ਦਾ 3.5 ਪ੍ਰਤਿਸ਼ਤ ਕਰਨ ਦੀ ਯੋਜਨਾਬੰਦੀ ਕੀਤੀ ਗਈ ਹੈ। ਪਰ ਸਮੇਂ ਦੀ ਮੰਗ ਜਨਤਕ ਖਰਚੇ ਅਤੇ ਹਮਲਾਵਰ ਸੁਧਾਰਕ ਏਜੰਡੇ ਰਾਹੀਂ ਮੰਗ ਪੈਦਾ ਕਰਨ ਦੀ ਹੈ। 2016-17 ਦੇ ਬਜਟ ਵਿੱਚ 'ਵਨ ਰੈਂਕ ਵਨ ਪੈਨਸ਼ਨ' ਅਤੇ ਸੱਤਵੇਂ ਤਨਖ਼ਾਹ ਆਯੋਗ ਵਲੋਂ ਉਜਰਤਾਂ ਅਤੇ ਤਨਖ਼ਾਹਾਂ ਦੀ ਅਦਾਇਗੀ ਲਈ ਵੀ ਪ੍ਰਬੰਧ ਕੀਤਾ ਜਾਣਾ ਸੀ। ਪਰ ਖਰਚ ਦੀ ਗੁਣਵੱਤਾ ਹੀ ਵਿਕਾਸ ਲਈ ਅਹਿਮ ਹੁੰਦੀ ਹੈ। ਸਰਵੇਖਣ ਵਿੱਚ ਤਿੰਨ ਖੇਤਰਾਂ ਦੀ ਪਛਾਣ ਕੀਤੀ ਗਈ ਹੈ ਜਿਥੇ ਖਰਚ ਵਧਾਉਣਾ ਪਿਆ ਅਤੇ ਜਿਸ ਦਾ ਬਜਟ ਵਿੱਚ ਪ੍ਰਬੰਧ ਵੀ ਕੀਤਾ ਗਿਆ ਹੈ।

ਪਹਿਲਾ ਖੇਤਰ ਹੈ ਸਿੱਖਿਆ। ਸਿੱਖਿਆ ਬਿਨਾਂ ਕਰਮਚਾਰੀ ਜਿਹੜੇ ਕੰਮ ਕਰਨਗੇ ਉਹ ਘੱਟ ਉਤਪਾਦਕ ਹੋਣਗੇ ਅਤੇ ਨਤੀਜੇ ਵਜੋਂ ਘੱਟ ਤਨਖ਼ਾਹ ਦੇਣ ਵਾਲੇ ਹੋਣਗੇ।

ਦੂਜਾ ਹੈ ਸਿਹਤ। ਸਿਹਤਮੰਦ ਵਿਅਕਤੀ ਵੱਧ ਉਤਪਾਦਕ ਹੁੰਦਾ ਹੈ, ਉਸ ਨੂੰ ਦਵਾਈ ਵਗੈਰਾ 'ਤੇ ਘੱਟ ਖਰਚ ਕਰਨਾ ਪੈਂਦਾ ਹੈ ਅਤੇ ਇਸ ਤਰ੍ਹਾਂ ਉਸ ਦੀ ਖਰਚ ਕਰਨ ਦੀ ਸ਼ਕਤੀ ਜ਼ਿਆਦਾ ਹੋਵੇਗੀ।

ਸਿੱਖਿਆ ਅਤੇ ਸਿਹਤ ਦੋਵੇਂ ਵਿਕਾਸ ਦਾ ਅਧਾਰ ਹਨ, ਅਤੇ ਜਿਸ ਤਰ੍ਹਾਂ ਸਰਵੇਖਣ ਵਿੱਚ ਸੰਕੇਤ ਦਿੱਤਾ ਗਿਆ ਹੈ, ਇਹ ਵਿਕਾਸ ਦੀਆਂ ਪੂਰਵ ਸ਼ਰਤਾਂ ਹਨ। ਜ਼ਿਆਦਾਤਰ ਦੇਸ਼ਾਂ ਦਾ ਇਹੀ ਤਜ਼ਰਬਾ ਰਿਹਾ ਹੈ।

ਤੀਜਾ ਖੇਤਰ ਖੇਤੀਬਾੜੀ ਹੈ। ਸਰਵੇਖਣ ਵਿੱਚ ਜੈਨੇਟਿਕ ਤੌਰ ਤੇ ਸੁਧਰੀਆਂ ਫ਼ਸਲਾਂ ਦੇ ਨਾਲ ਸੁਧਰੀ ਹੋਈ ਸਿੰਚਾਈ ਪ੍ਰਨਾਲੀ, ਖੇਤੀ ਮਸ਼ੀਨੀਕਰਨ, ਬਾਜ਼ਾਰ ਅਤੇ ਲਾਗਤ ਦੀ ਵੀ ਸਫ਼ਾਰਿਸ਼ ਕੀਤੀ ਗਈ ਹੈ ਤਾਂ ਜੋ ਉਤਪਾਦਕਤਾ ਅਤੇ ਅੰਨ ਸੁਰੱਖਿਆ ਵਿੱਚ ਵਾਧਾ ਕੀਤਾ ਜਾ ਸਕੇ।

ਬਜਟ ਵਿੱਚ ਗ਼ੈਰ-ਉਤਪਾਦਕ ਜਾਂ ਘੱਟ ਉਤਪਾਦਕ ਖਰਚਿਆਂ, ਖ਼ਾਸ ਕਰਕੇ ਸਬਸਿਡੀ ਨੂੰ ਨੱਥ ਪਾਉਣ ਬਾਰੇ ਕੋਈ ਯਤਨ ਨਹੀਂ ਕੀਤਾ ਗਿਆ। ਸਰਵੇਖਣ ਵਿੱਚ ਇਸ ਮੁੱਦੇ ਨੂੰ ਛੋਹਿਆ ਗਿਆ ਹੈ ਅਤੇ ਉਨ੍ਹਾਂ ਸਬਸਿਡੀਆਂ ਨੂੰ ਖਤਮ ਕਰਨ ਦਾ ਸੁਝਾਅ ਦਿੱਤਾ ਗਿਆ ਹੈ ਜੋ ਜ਼ਰੂਰਤਮੰਦ ਕਮਜ਼ੋਰ ਵਰਗਾਂ ਨੂੰ ਲਾਭ ਨਹੀਂ ਦਿੰਦੀਆਂ।

ਸਰਵੇਖਣ ਵਿੱਚ ਦੋ ਮਹੱਤਵਪੂਰਨ ਸੁਝਾਅ ਦਿੱਤੇ ਗਏ ਹਨ। ਪਹਿਲਾ, ਅਮੀਰ ਵਰਗ ਨੂੰ ਫ਼ਾਇਦਾ ਦੇਣ ਵਾਲੀਆਂ ਸਬਸਿਡੀਆਂ ਵਾਪਸ ਲੈ ਲਈਆਂ ਜਾਣ। ਇਹ ਸਬਸਿਡੀਆਂ ਛੋਟੀਆਂ ਬਚਤ ਯੋਜਨਾਵਾਂ, ਰਸੋਈ ਗੈਸ ਸਬਸਿਡੀ, ਰੇਲਵੇ, ਬਿਜਲੀ, ਹਵਾਈ ਤੇਲ, ਸੋਨਾ ਅਤੇ ਮਿੱਟੀ ਦੇ ਤੇਲ 'ਤੇ ਪ੍ਰਦਾਨ ਕੀਤੀਆਂ ਜਾਂਦੀਆਂ ਹਨ ਜਿਨ੍ਹਾਂ ਦੀ ਕੁੱਲ ਰਕਮ 1 ਲੱਖ ਕਰੋੜ ਰੁਪਏ ਦੇ ਲਗਭਗ ਬਣਦੀ ਹੈ।

ਦੂਜਾ ਹੈ ਅਮੀਰ ਕਿਸਾਨਾਂ ਦੀ ਆਮਦਨ ਉਤੇ ਟੈਕਸ ਲਾਉਣਾ ਅਤੇ ਖਾਦ ਸਬਸਿਡੀ ਨੂੰ ਤਰਕਸੰਗਤ ਬਣਾਉਣਾ।

ਜ਼ਾਹਰ ਤੌਰ ਤੇ ਇਹ ਸੁਝਾਅ ਖ਼ਜ਼ਾਨਾ

*ਬਾਕੀ ਸਫ਼ਾ 38 ਉੱਤੇ*

# ਕੀ ਕੇਂਦਰੀ ਬਜਟ ਬੈਂਕਿੰਗ ਖੇਤਰ ਨੂੰ ਪੁਨਰ ਜਾਗਰਿਤ ਕਰ ਸਕਦਾ ਹੈ?


ਐੱਨ ਆਰ ਭਾਨੂਮੂਰਤੀ ਅਤੇ ਮਨੀਸ਼ ਪ੍ਰਸਾਦ

ਆਰਥਿਕ ਸਰਵੇਖਣ ਵਿੱਚ ਭਾਰਤ ਨੂੰ ਪੇਸ਼ ਦੋਹਰੇ ਜੋਖ਼ਮ ਨੂੰ ਉਜਾਗਰ ਕੀਤਾ ਗਿਆ ਹੈ। ਪਹਿਲਾ ਜੋਖ਼ਮ ਹੈ ਬੈਂਕਾਂ ਦੇ ਖੇਤਰ ਦੀ ਕਮਜ਼ੋਰ ਬੈਲੈਂਸ ਸ਼ੀਟ, ਖ਼ਾਸ ਕਰਕੇ ਜਨਤਕ ਖੇਤਰ ਦੇ ਬੈਂਕਾਂ ਦੀ ਅਤੇ ਦੂਜਾ ਹੈ ਕਾਰੋਬਾਰੀ ਖੇਤਰ। ਭਾਵੇਂ ਕਿ ਦੋਵੇਂ ਕਿਸੇ ਹੱਦ ਤੱਕ ਇਕ ਦੂਜੇ ਨਾਲ ਜੁੜੇ ਹੋਏ ਹਨ, ਤਾਂ ਵੀ ਇਨ੍ਹਾਂ ਜੋਖ਼ਮਾਂ ਦੇ ਹੱਲ ਲਈ ਆਸ ਕੀਤੀ ਗਈ ਸੀ ਕਿ 2016-17 ਦਾ ਕੇਂਦਰੀ ਬਜਟ ਜਨਤਕ ਖੇਤਰ ਦੇ ਬੈਂਕਾਂ 'ਚ ਇਨ੍ਹਾਂ ਸਮੱਸਿਆਵਾਂ ਦਾ ਹੱਲ ਕਰੇਗਾ। ਸਿੱਟੇ ਵਜੋਂ, ਬਜਟ ਨੇ ਵੱਖ-ਵੱਖ ਕਦਮਾਂ ਦੁਆਰਾ ਬੈਂਕਿੰਗ ਖੇਤਰ ਨੂੰ ਪੁਨਰ ਜਾਗਰਿਤ ਕਰਨ ਦੀ ਕੋਸ਼ਿਸ਼ ਜ਼ਰੂਰ ਕੀਤੀ - ਕੁੱਝ ਸਿੱਧੇ ਕਦਮ ਸਨ ਅਤੇ ਕੁੱਝ ਅਸਿੱਧੇ ਨੀਤੀਗਤ ਕਦਮ ਸਨ। ਇਸ ਉਤੇ ਚਰਚਾ ਕਰਨ ਤੋਂ ਪਹਿਲਾਂ ਜ਼ਰੂਰੀ ਹੈ ਕਿ ਸਮੱਸਿਆ ਦੀ ਜੜ੍ਹ ਫੜੀ ਜਾਵੇ।

## ਸਮੱਸਿਆ

ਦੂਜੇ ਬਹੁਤ ਸਾਰੇ ਦੇਸ਼ਾਂ ਵਾਂਗ, ਵਿਸ਼ਵ ਵਿੱਤੀ ਸੰਕਟ ਤੋਂ ਬਾਅਦ ਭਾਰਤ ਵਲੋਂ ਵੀ ਵਿਆਪਕ ਪ੍ਰੋਤਸਾਹਨ ਵਾਲੇ ਕਦਮ ਚੁੱਕੇ ਗਏ ਹਨ, ਖ਼ਾਸ ਕਰਕੇ ਵਿੱਤ ਪੱਖੋਂ। ਭਾਵੇਂ ਕਿ ਇਨ੍ਹਾਂ ਕਦਮਾਂ ਨਾਲ ਆਰਥਿਕਤਾ ਮੁੜ ਪੈਰਾਂ ਸਿਰ ਹੋ ਗਈ, ਪਰ ਕੁੱਝ ਗਲਤ ਵਿੱਤੀ ਕਦਮਾਂ ਕਰਕੇ ਭਾਰਤ ਦਾ ਵਿੱਤੀ ਘਾਟਾ ਬਹੁਤ ਵਧ ਗਿਆ। ਸੰਗਠਿਤ ਵਿੱਤੀ ਘਾਟਾ ਦੋ ਅੰਕਾਂ ਵਿੱਚ ਚਲਾ ਗਿਆ ਜੋ 2008-09 ਵਿੱਚ ਐੱਫ ਆਰ ਬੀ ਐੱਮ ਟੀਚੇ ਹਾਸਲ ਕਰਨ ਦੇ ਨੇੜੇ-ਤੇੜੇ ਸੀ। ਵੱਡੇ ਵਿੱਤੀ ਘਾਟੇ ਦੇ ਚਲਦਿਆਂ ਅਤੇ ਦੂਜੇ ਸੂਖਮ ਪਰਿਵਰਤਨਸ਼ੀਲ ਪੱਖਾਂ ਉਤੇ ਇਸ ਦੇ ਗਤੀਸ਼ੀਲ ਪ੍ਰਭਾਵ ਕਾਰਨ ਭਾਰਤ ਦੇ ਕੁੱਲ ਘਰੇਲੂ ਉਤਪਾਦ ਵਿੱਚ ਗਿਰਾਵਟ ਆਈ, ਮਹਿੰਗਾਈ ਦਰ ਵਧੀ ਅਤੇ ਚਾਲੂ ਖਾਤਾ ਘਾਟੇ ਵਿੱਚ ਤਿੱਖਾ ਵਾਧਾ ਹੋ ਗਿਆ। ਇਸ ਨਾਲ ਲੰਮੇ ਸਮੇਂ ਲਈ ਵਿਆਜ ਦਰਾਂ ਵਿੱਚ ਵਾਧੇ ਦੀ ਸੰਕੁਚਿਤ ਵਿੱਤੀ ਨੀਤੀ ਦਾ ਜਨਮ ਹੋਇਆ। ਇਨ੍ਹਾਂ ਸਾਰੇ ਕਾਰਨਾਂ ਕਰਕੇ ਦੇਸ਼ ਵਿੱਚ ਆਰਥਿਕਤਾ ਦੀ ਅਸਥਿਰਤਾ ਵਿੱਚ ਵਾਧਾ ਹੋਇਆ ਜਿਸ ਨੇ ਭਵਿੱਖੀ ਵਿਕਾਸ ਲਈ ਖ਼ਤਰਾ ਉਤਪੰਨ ਕਰ ਦਿੱਤਾ।

ਇਹ ਦੇਖਦਿਆਂ ਕਿ ਬੈਂਕਿੰਗ ਖੇਤਰ ਵਿੱਤੀ ਖੇਤਰ ਦਾ ਇੱਕ ਅਹਿਮ ਥੰਮ੍ਹ ਹੈ ਜੋ ਵਿੱਤੀ ਖੇਤਰ ਨੂੰ ਜ਼ਮੀਨ ਜਾਇਦਾਦ ਦੇ ਖੇਤਰ ਨਾਲ ਜੋੜਦਾ ਹੈ, ਇਸ ਕਰਕੇ ਜ਼ਮੀਨ-ਜਾਇਦਾਦ ਦੇ ਖੇਤਰ ਵਿੱਚ ਅਸਥਿਰਤਾ ਦਾ ਬੈਂਕਿੰਗ ਖੇਤਰ ਉਤੇ ਵੀ ਪ੍ਰਤਿਕੂਲ ਪ੍ਰਭਾਵ ਪੈਂਦਾ ਹੈ। ਅਜਿਹਾ ਦੋ ਪ੍ਰਣਾਲੀਆਂ ਰਾਹੀਂ ਵਾਪਰਿਆ ਜਾਪਦਾ ਹੈ : ਪਹਿਲਾ, ਸਰਕਾਰ ਵਲੋਂ ਵੱਡੇ ਪੱਧਰ ਉਤੇ ਉਧਾਰ ਲੈਣਾ ਜਿਸ ਦੇ ਸਿੱਟੇ ਵਜੋਂ ਵੱਡਾ ਵਿੱਤੀ ਘਾਟਾ ਪੈਦਾ ਹੋਇਆ ਅਤੇ ਦੂਜਾ ਸੀ ਸਹਿਕਾਰੀ ਖੇਤਰ ਦੇ ਮੁਨਾਫ਼ੇ ਵਿੱਚ ਘਾਟਾ ਜਿਸ ਨਾਲ ਵਿਆਜ ਦਰਾਂ ਵਧ ਗਈਆਂ। ਇਸ ਨਾਲ ਭਾਰਤ ਦੇ ਜਨਤਕ ਖੇਤਰ ਦੇ ਬੈਂਕਾਂ ਦੀ ਕਰਜ਼ਾ ਦੇਣ ਦੇ ਅਨੁਪਾਤ ਵਿੱਚ ਵੱਡੀ ਗਿਰਾਵਟ ਦਰਜ ਕੀਤੀ ਗਈ ਹੈ। ਰਿਜ਼ਰਵ ਬੈਂਕ ਵਲੋਂ 4.5 ਪ੍ਰਤਿਸ਼ਤ ਦੇ ਅਨੁਪਾਤ ਦਾ ਸੰਕੇਤ ਦਿੱਤਾ ਗਿਆ ਸੀ ਜਦ ਕਿ ਬੇਸਲ-3 ਨਿਯਮ ਅਧੀਨ ਇਸ ਨੂੰ 3 ਪ੍ਰਤਿਸ਼ਤ ਤੱਕ ਸੀਮਤ ਕਰਨ ਦੀ ਗੱਲ ਕਹੀ ਗਈ ਸੀ। ਪਰ ਬਹੁਤ ਸਾਰੇ ਬੈਂਕ, ਰਿਜ਼ਰਵ ਬੈਂਕ ਦੀ ਤੈਅ ਸੀਮਾ ਤੋਂ ਵੀ ਹੇਠਾਂ ਚਾਲੇ ਗਏ ਹਨ। ਆਸ ਮੁਤਾਬਕ ਇਨ੍ਹਾਂ ਨੇਮਾਂ ਦੀ ਉਲੰਘਣਾ ਦਾ ਪ੍ਰਭਾਵ ਬੈਂਕਾਂ ਦੇ ਗ਼ੈਰ-ਕਾਰਗੁਜ਼ਾਰੀ ਵਾਲੇ ਅਸਾਸਿਆਂ (ਐੱਨ ਪੀ ਏਜ਼) ਦੇ ਰੂਪ ਵਿੱਚ ਸਾਹਮਣੇ ਆ ਰਿਹਾ ਹੈ। ਹੇਠਾਂ ਦਿੱਤੇ ਗ੍ਰਾਫ ਵਿੱਚ ਨੋਟ ਕੀਤਾ ਜਾਣਾ ਚਾਹੀਦਾ ਹੈ ਕਿ ਜਨਤਕ ਤੇ ਨਿੱਜੀ ਖੇਤਰ ਦੇ ਕੁੱਲ ਐੱਨ ਪੀ ਏਜ਼ ਦਾ ਰੁਝਾਨ ਸੰਕਟ ਸਮੇਂ ਤੋਂ ਪਹਿਲਾਂ ਤੋਂ ਲੈ ਕੇ ਹਾਲੀਆ ਸਮੇਂ ਤੱਕ ਦਿਖਾਇਆ ਗਿਆ ਹੈ। ਉੱਚ ਵਿਕਾਸ ਦੇ ਸਮੇਂ ਦੌਰਾਨ, ਦੋਵਾਂ ਤਰ੍ਹਾਂ ਦੇ ਬੈਂਕ ਸਮੂਹਾਂ ਦੇ ਐੱਨ ਪੀ ਏਜ਼ 3 ਪ੍ਰਤਿਸ਼ਤ ਤੋਂ ਥੱਲੇ ਸਨ, ਜਦ ਕਿ ਜਨਤਕ ਖੇਤਰ ਦੇ ਬੈਂਕਾਂ ਦਾ ਅੰਕੜਾ ਨਿੱਜੀ ਖੇਤਰ ਦੇ ਬੈਂਕਾਂ ਨਾਲੋਂ ਇੱਕ ਪ੍ਰਤਿਸ਼ਤ ਬਿੰਦੂ ਘੱਟ ਹੀ ਸੀ। ਇਸ ਦਾ ਕਾਰਨ ਨਿਮਨ ਵਿੱਤੀ ਘਾਟਾ ਅਤੇ ਸੰਕਟ ਸਮੇਂ ਤੋਂ ਪਹਿਲਾਂ ਸਰਕਾਰ ਦੀਆਂ ਹਾਂ ਪੱਖੀ ਬੱਚਤਾਂ ਹੋ



ਸਕਦੇ ਹਨ। ਪਰ, ਸੰਕਟ ਦੇ ਸਮੇਂ ਤੋਂ ਬਾਅਦ ਵਿੱਚ ਜਨਤਕ ਖੇਤਰ ਦੇ ਬੈਂਕਾਂ ਦੇ ਐੱਨ ਪੀ ਏਜ਼ ਵਿੱਚ ਵੱਡਾ ਵਾਧਾ ਹੋਇਆ ਹੈ ਜਦ ਕਿ ਨਿੱਜੀ ਖੇਤਰ ਦੇ ਬੈਂਕ ਆਪਣੀਆਂ ਸੀਮਾਵਾਂ ਬਣਾਈ ਰੱਖਣ ਵਿੱਚ ਕਾਮਯਾਬ ਲਗਦੇ ਹਨ। ਇਹ ਸਾਫ਼ ਤੌਰ ਤੇ ਮਜਬੂਤ ਵਿੱਤ - ਵਿੱਤੀ ਸਬੰਧ ਵੱਲ ਇਸ਼ਾਰਾ ਕਰਦਾ ਹੈ, ਜੋ ਸੁਝਾਉਂਦਾ ਹੈ ਕਿ ਵਿੱਤੀ ਸੰਕੇਤਾਂ 'ਚ ਗੜਬੜ, ਇਸ ਦੇ ਗਤੀਸ਼ੀਲ ਪ੍ਰਭਾਵ ਰਾਹੀਂ ਵਿੱਤੀ ਬਾਜ਼ਾਰਾਂ ਤੱਕ ਜ਼ਰੂਰ ਪੁੱਜੇਗੀ। ਮੌਜੂਦਾ ਸਮੇਂ ਜਨਤਕ ਖੇਤਰ ਦੇ ਬੈਂਕਾਂ ਦੇ ਐੱਨ ਪੀ ਏਜ਼ 6 ਪ੍ਰਤਿਸ਼ਤ ਤੋਂ ਕੁੱਝ ਵੱਧ ਹਨ ਜੋ ਬਹੁਤ ਫਿਕਰ ਵਾਲੀ ਗੱਲ ਹੈ। ਇਸ ਦਾ ਬੈਂਕਾਂ ਦੇ ਮੁਨਾਫ਼ੇ ਉਤੇ ਵੀ ਅਸਰ ਪਵੇਗਾ। 2016-17 ਦੀ ਤੀਜੀ ਤਿਮਾਹੀ ਲਈ, ਜਨਤਕ ਖੇਤਰ ਦੇ 11 ਬੈਂਕਾਂ ਨੇ ਨੁਕਸਾਨ ਹੋਣ ਦਾ ਐਲਾਨ ਕੀਤਾ ਹੈ। ਅਜਿਹਾ ਨਾਂਹ ਮੁਖੀ ਰੁਝਾਨ ਨਿਵੇਸ਼ ਨੂੰ ਰੋਕਦਾ ਜਾਪਦਾ ਹੈ। ਜਿਸ ਦਾ ਦੇਸ਼ ਵਿੱਚ ਵਿਕਾਸ ਦੇ ਲੀਹ ਉਤੇ ਆਉਣ ਉਤੇ ਅਸਰ ਪਵੇਗਾ।

ਅਜਿਹੇ ਹੀ ਰੁਝਾਨ ਸ਼ੁਧ ਐੱਨ ਪੀ ਏਜ਼, ਪੁਨਰਗਠਿਤ ਅਸਾਸਿਆਂ ਅਤੇ ਮੁਆਫ਼ ਕੀਤੇ ਕਰਜ਼ਿਆਂ ਵਿੱਚ ਵੀ ਦੇਖੇ ਜਾ ਸਕਦੇ ਹਨ। ਜਨਤਕ ਖੇਤਰ ਦੇ ਬੈਂਕਾਂ ਵਿੱਚ ਕੁੱਲ ਐੱਨ ਪੀ ਏਜ਼, ਪਹਿਲਾਂ ਹੀ ਪੁਨਰਗਠਿਤ ਅਸਾਸਿਆਂ ਅਤੇ ਮੁਆਫ਼ ਕੀਤੇ ਕਰਜ਼ਿਆਂ ਦੀ ਰਕਮ ਕਾਫੀ ਵਧ ਕੇ ਕੁੱਲ ਪੇਸ਼ਗੀ ਦੇ 17 ਪ੍ਰਤਿਸ਼ਤ ਤੱਕ ਪੁੱਜ ਚੁੱਕੀ ਹੈ, ਜੋ ਨਿੱਜੀ ਖੇਤਰ ਦੇ ਬੈਂਕਾਂ ਵਿੱਚ 6.7 ਪ੍ਰਤਿਸ਼ਤ ਹੈ (ਵੇਖੋ ਸੂਚੀ-1)।

ਇਹ ਸਮਝਣਾ ਵੀ ਜ਼ਰੂਰੀ ਹੈ ਕਿ ਕਿਹੜੇ ਖੇਤਰਾਂ ਕਰਕੇ ਐੱਨ ਪੀ ਏਜ਼ ਵਿੱਚ ਏਨਾ ਵੱਡਾ ਵਾਧਾ ਹੋਇਆ। ਸੂਚੀ-2 ਵਿੱਚ ਇਹ ਨੋਟ ਕੀਤਾ ਜਾ ਸਕਦਾ ਹੈ ਕਿ ਉਮੀਦ ਦੇ ਉਲਟ ਐੱਨ ਪੀ ਏਜ਼ ਵਿੱਚ ਖੇਤੀ ਖੇਤਰ ਦਾ ਯੋਗਦਾਨ ਸਭ ਤੋਂ ਘੱਟ ਹੈ ਜੋ ਸੁਸਤ ਵਿਕਾਸ ਦਰ ਦੇ ਸਮੇਂ ਵੀ ਘੱਟ ਰਿਹਾ ਹੈ। ਪਰ, 2015-16 ਵਿੱਚ ਖੇਤੀ ਕਰਜ਼ਿਆਂ ਵਿੱਚ ਵੀ ਵਾਧਾ ਨਜ਼ਰ ਆ ਰਿਹਾ ਹੈ। ਪਰ ਉਦਯੋਗਿਕ ਖੇਤਰ ਵਿੱਚ, ਖ਼ਾਸ ਕਰਕੇ ਐੱਮ ਐੱਸ ਐੱਮ ਈ ਖੇਤਰ ਵਿੱਚ ਐੱਨ ਪੀ ਏਜ਼ ਤੇਜ਼ੀ ਨਾਲ ਵਧੇ ਹਨ। ਉਦਯੋਗਿਕ ਖੇਤਰ ਵਿੱਚ ਲਗਾਤਾਰ ਮੰਦੀ ਨੇ ਸ਼ਾਇਦ ਇਸ ਖੇਤਰ ਵਿੱਚ ਐੱਨ ਪੀ ਏਜ਼ ਦੇ ਵਾਧੇ ਵਿੱਚ ਯੋਗਦਾਨ ਪਾਇਆ ਹੈ।

**ਸੂਚੀ-1 : ਜਨਤਕ ਤੇ ਨਿੱਜੀ ਖੇਤਰ ਦੇ ਬੈਂਕਾਂ ਵਿੱਚ ਅਸਾਸਿਆਂ ਦੀ ਗੁਣਤਾ ਦੇ ਰੁਝਾਨ**

| | ਜਨਤਕ ਖੇਤਰ ਦੇ ਬੈਂਕ | | | | ਨਿੱਜੀ ਖੇਤਰ ਦੇ ਬੈਂਕ | | | |
|---|---|---|---|---|---|---|---|---|
| | ਮਾਰਚ 2013 | ਮਾਰਚ 2014 | ਮਾਰਚ 2015 | ਸਤੰਬਰ 2015 | ਮਾਰਚ 2013 | ਮਾਰਚ 2014 | ਮਾਰਚ 2015 | ਸਤੰਬਰ 2015 |
| ਸ਼ੁੱਧ ਐੱਨ ਪੀ ਏ (%) | 2.0 | 2.7 | 3.2 | 3.6 | 0.5 | 0.7 | 0.9 | 0.9 |
| ਪੁਨਰਗਠਿਤ ਅਸਾਸੇ(%) | 7.2 | 7.2 | 8.1 | 7.9 | 1.9 | 2.3 | 2.4 | 2.4 |
| ਕੁੱਲ+ਪੁਨਰਗਠਿਤ ਅਸਾਸੇ(%) | 11.0 | 11.9 | 13.5 | 14.0 | 3.8 | 4.2 | 4.6 | 4.6 |
| ਕੁੱਲ+ਪੁਨਰਗਠਿਤ+ਮੁਆਫ਼ ਕੀਤੇ ਅਸਾਸੇ (%) | 13.4 | 14.1 | 16.1 | 17.0 | 5.4 | 6.4 | 6.7 | 6.7 |

*ਸਰੋਤ : ਰਿਜ਼ਰਵ ਬੈਂਕ ਆਫ਼ ਇੰਡੀਆ ਵੈੱਬਸਾਈਟ*

**ਸੂਚੀ-2 : ਮਾੜੇ ਅਸਾਸਿਆਂ ਦਾ ਖੇਤਰੀ ਯੋਗਦਾਨ**

| | ਸਾਰੇ ਬੈਂਕ (ਕੁੱਲ+ਪੁਨਰਗਠਿਤ+ਮੁਆਫ਼ ਕੀਤੇ ਅਸਾਸੇ (ਪ੍ਰਤਿਸ਼ਤ) | | | |
|---|---|---|---|---|
| | ਮਾਰਚ 13 | ਮਾਰਚ 14 | ਮਾਰਚ 15 | ਸਤੰਬਰ 15 |
| ਖੇਤੀਬਾੜੀ | 8.2 | 7.4 | 7.5 | 7.9 |
| ਉਦਯੋਗ (ਮਾਈਕ੍ਰੋ) | 10.2 | 10.0 | 10.5 | 12.3 |
| ਉਦਯੋਗ (ਸਮਾਲ) | 13.2 | 13.3 | 14.8 | 16.8 |
| ਉਦਯੋਗ (ਦਰਮਿਆਨੇ) | 20.2 | 23.6 | 27.0 | 31.5 |
| ਉਦਯੋਗ (ਵੱਡੇ) | 16.3 | 19.0 | 23.0 | 23.7 |

*ਸਰੋਤ : ਰਿਜ਼ਰਵ ਬੈਂਕ ਆਫ਼ ਇੰਡੀਆ ਵੈੱਬਸਾਈਟ*

ਸਮੁੱਚੀ ਆਰਥਿਕਤਾ ਵਿੱਚ ਐੱਨ ਪੀ ਏਜ਼ ਦਾ ਬੈਂਕਿੰਗ ਖੇਤਰ ਉਤੇ ਕੀ ਪ੍ਰਭਾਵ ਹੈ? ਇਹ ਕਰਜ਼ਾ ਪ੍ਰਣਾਲੀ ਅਤੇ ਵਿਆਜ ਦਰ ਪ੍ਰਣਾਲੀ ਰਾਹੀਂ ਦੇਖਿਆ ਜਾ ਸਕਦਾ ਹੈ। ਹਾਲ ਹੀ ਵਿੱਚ ਲਚੀਲਾ ਮਹਿੰਗਾਈ ਦਰ ਟੀਚਾ ਨਿਜ਼ਾਮ ਅਪਨਾਉਣ ਵਾਸਤੇ ਅੰਤਰਰਾਸ਼ਟਰੀ ਤੇਲ ਦੀਆਂ ਕੀਮਤਾਂ ਵਿੱਚ ਵੱਡੀ ਗਿਰਾਵਟ ਹੋਣ ਕਰਕੇ ਘਰੇਲੂ ਮਹਿੰਗਾਈ ਦਰ ਘਟ ਕੇ 5.6 ਪ੍ਰਤਿਸ਼ਤ ਉਤੇ ਆ ਗਈ ਹੈ। ਇਸ ਦੇ ਨਾਲ ਉਮੀਦ ਕੀਤੀ ਜਾ ਰਹੀ ਸੀ ਕਿ ਨੀਤੀਗਤ ਵਿਆਜ ਦਰਾਂ ਵੀ ਘੱਟ ਕੀਤੀਆਂ ਜਾਣਗੀਆਂ। ਰਿਜ਼ਰਵ ਬੈਂਕ ਨੇ ਦਸੰਬਰ 2014 ਤੋਂ ਇਕਸਾਰ ਢੰਗ ਨਾਲ ਰੈਪੋ ਦਰ ਵਿੱਚ ਤਾਂ 125 ਅਧਾਰ ਅੰਕਾਂ ਦੀ ਕਮੀ ਕਰ ਦਿੱਤੀ। ਪਰ ਬੈਂਕਾਂ ਦੁਆਰਾ ਕਰਜ਼ਾ ਦੇਣ ਦੀਆਂ ਦਰਾਂ ਵਿੱਚ ਕਮੀ ਸਿਰਫ਼ 40 ਅਧਾਰ ਅੰਕਾਂ ਦੀ ਕੀਤੀ ਗਈ (ਜਨਤਕ ਤੇ ਨਿੱਜੀ ਖੇਤਰ ਦੇ ਬੈਂਕਾਂ ਵਿੱਚ)। ਇਸ ਵਾਰੀ ਜਮ੍ਹਾਂ ਦਰਾਂ ਵਿੱਚ ਕਟੌਤੀ ਵੀ ਸੀਮਤ ਹੈ ਕਿਉਂਕਿ ਬੈਂਕ ਕਰਜ਼ਾ ਪ੍ਰਦਾਨ ਕਰਨ ਦਾ ਅਨੁਪਾਤ ਵਧਾਉਣ ਲਈ ਜ਼ਿਆਦਾ ਬੱਚਤਾਂ ਇਕੱਤਰ ਕਰਨਾ ਚਾਹੁੰਦੇ ਹਨ। ਇਸ ਤੋਂ ਪਤਾ ਲਗਦਾ ਹੈ ਕਿ ਰੈਪੋ ਤੋਂ ਨਿਵੇਸ਼ ਤੱਕ ਵਿੱਤੀ ਨੀਤੀ ਪ੍ਰਸਾਰਣ ਤੰਤਰ ਦੀਆਂ ਕੁੱਝ ਮਜਬੂਰੀਆਂ ਹਨ। ਦੂਜੇ ਸ਼ਬਦਾਂ ਵਿੱਚ ਰੈਪੋ ਰੇਟ ਵਿੱਚ ਕਟੌਤੀ ਦਾ ਨਤੀਜਾ ਨਿਵੇਸ਼ ਚੱਕਰ ਦੇ ਪੁਨਰ ਜਾਗਰਣ ਵਿੱਚ ਨਹੀਂ ਨਿਕਲਿਆ। ਬੈਂਕਾਂ ਨੂੰ ਇਸ ਸਮੇਂ ਪੂੰਜੀ ਦੀ ਬਹੁਤ ਜ਼ਰੂਰਤ ਹੈ ਤਾਂ ਕਿ ਉਹ ਆਪਣੀਆਂ ਬੈਲੈਂਸ ਸ਼ੀਟਾਂ ਠੀਕ ਕਰ ਸਕਣ। ਵਿਆਜ ਦਰਾਂ-ਨਿਵੇਸ਼ ਸਬੰਧ ਦੇ ਨਿਖੇੜੇ ਉਪਰੰਤ, ਰਿਜ਼ਰਵ ਬੈਂਕ ਵਿਆਜ ਦਰਾਂ ਹੋਰ ਘੱਟ ਕਰਨ ਵਿੱਚ ਝਿਜਕ ਦਿਖਾ ਰਹੀ ਹੈ, ਜਿਸ ਕਰਕੇ ਨਿੱਜੀ ਨਿਵੇਸ਼ ਅਤੇ ਵਿਕਾਸ ਵਿੱਚ ਰੁਕਾਵਟ ਆ ਰਹੀ ਹੈ।

ਐੱਨ ਪੀ ਏਜ਼ ਦੇ ਜੋਖ਼ਮਾਂ ਨੂੰ ਆਈ ਐੱਮ ਐੱਫ ਵਲੋਂ ਆਪਣੀ ਤਾਜ਼ਾ ਰਿਪੋਰਟ ਵਿੱਚ ਬਹੁਤ ਹੀ ਵਧੀਆ ਸਪੱਸ਼ਟ ਕੀਤਾ ਗਿਆ ਹੈ, ਜਿਸ ਵਿੱਚ ਕਿਹਾ ਗਿਆ ਹੈ ਕਿ ਭਾਰਤੀ ਵਿੱਤੀ ਪ੍ਰਣਾਲੀ ਵਿੱਚ ਅਸਥਿਰਤਾ ਵਧ ਰਹੀ ਹੈ। ਆਈ ਐੱਮ ਐੱਫ ਦੀ ਰਿਪੋਰਟ ਬਿਆਨ ਕਰਦੀ ਹੈ ਕਿ "ਭਾਰਤ ਵਿੱਚ ਭਾਵੇਂ ਬਾਹਰੀ ਅਸਥਿਰਤਾ ਘਟੀ ਹੈ ਅਤੇ ਮਹਿੰਗਾਈ ਦਰ ਉਮੀਦ ਤੋਂ ਵੱਧ ਤੇਜ਼ੀ ਨਾਲ ਹੇਠਾਂ ਆਈ ਹੈ, ਲਗਾਤਾਰ ਉੱਚ ਮਹਿੰਗਾਈ ਦਰ ਉਮੀਦਾਂ ਅਤੇ ਵੱਡੇ ਵਿੱਤੀ ਘਾਟੇ ਪ੍ਰਮੁੱਖ ਸੂਖਮ ਆਰਥਿਕਤਾ ਦੀਆਂ ਚੁਣੌਤੀਆਂ ਬਣੇ ਹੋਏ

ਹਨ। ਵਿੱਤ ਨੀਤੀ ਦਾ ਰੁਖ ਸਖਤ ਰਖਣ ਦੀ ਲੋੜ ਹੈ ਤਾਂ ਕਿ ਮਹਿੰਗਾਈ ਦਰ ਤੇ ਮਹਿੰਗਾਈ ਦਰ ਉਮੀਦਾਂ ਵਿੱਚ ਸਥਾਈ ਕਮੀ ਯਕੀਨੀ ਬਣਾਈ ਜਾ ਸਕੇ। ਵਿੱਤੀ ਮਜਬੂਤੀ ਜਾਰੀ ਰਹਿਣੀ ਚਾਹੀਦੀ ਹੈ ਜਿਸ ਨੂੰ ਵਿਆਪਕ ਕਰ ਸੁਧਾਰ ਅਤੇ ਸਬਸਿਡੀਆਂ ਵਿੱਚ ਹੋਰ ਕਮੀ ਦਾ ਠੁੰਮਣਾ ਦੇਣਾ ਪਵੇਗਾ। ਕਾਰੋਬਾਰੀ ਵਿੱਤੀ ਸਥਾਨਾਂ ਅਤੇ ਜਨਤਕ ਬੈਂਕਾਂ ਦੇ ਅਸਾਸਿਆਂ ਦੀ ਗੁਣਤਾ ਵਿੱਚ ਅਸਥਿਰਤਾ, ਵਿੱਤੀ ਸਥਿਰਤਾ ਲਈ ਖ਼ਤਰਾ ਬਣ ਸਕਦੀ ਹੈ, ਜੇ ਇਸ ਦਾ ਕੋਈ ਹੱਲ ਨਾ ਕੱਢਿਆ ਗਿਆ।" (ਇੰਟਰਨੈਸ਼ਨਲ ਮੋਨੀਟਰੀ ਫੰਡ, 2016)।

## ਕੇਂਦਰੀ ਬਜਟ ਨੇ ਕੀ ਕੀਤਾ ਹੈ?

ਕਿਉਂਕਿ ਬੈਂਕਾਂ ਨੂੰ ਪੂੰਜੀ ਦੀ ਜ਼ਰੂਰਤ ਹੈ, ਕੇਂਦਰੀ ਬਜਟ ਵਿੱਚ ਬਿਲਕੁਲ ਦਰੁਸਤ, 25000 ਕਰੋੜ ਰੁਪਏ ਪੁਨਰ-ਪੂੰਜੀਕਰਨ ਪ੍ਰਕਿਰਿਆ ਲਈ ਦਿੱਤੇ ਗਏ ਹਨ। ਇਹ ਵੀ ਸੰਕੇਤ ਹੈ ਕਿ ਕੇਂਦਰ ਸਰਕਾਰ ਲੋੜ ਪੈਣ ਉਤੇ ਹੋਰ ਪੈਸਾ ਵੀ ਦੇ ਸਕਦੀ ਹੈ। ਜਦ ਕਿ ਇਹ ਇੱਕ ਸਿੱਧਾ ਕਦਮ ਹੈ, ਕੁੱਝ ਦੂਸਰੇ ਕਦਮ ਵੀ ਉਠਾਏ ਗਏ ਹਨ ਜਿਨ੍ਹਾਂ ਦਾ ਬੈਂਕਾਂ ਉਤੇ ਅਸਿੱਧਾ ਅਸਰ ਪਵੇਗਾ। ਉਹ ਹੇਠ ਲਿਖੇ ਅਨੁਸਾਰ ਹਨ :

- ਵਿੱਤੀ ਇਕਾਈਆਂ ਦੇ ਫੈਸਲਿਆਂ ਲਈ ਵਿਆਪਕ ਕੋਡ ਪ੍ਰਣਾਲੀ ਦੀ ਸ਼ੁਰੂਆਤ।
- ਐੱਸ ਏ ਆਰ ਐੱਫ ਏ ਈ ਐੱਸ ਆਈ ਐਕਟ 2002 ਵਿੱਚ ਸੋਧਾਂ ਜੋ ਏ ਆਰ ਸੀ ਦੇ ਪ੍ਰਾਯੋਜਕ ਨੂੰ ਏ ਆਰ ਸੀ ਵਿੱਚ 100 ਪ੍ਰਤਿਸ਼ਤ ਹਿੱਸਾ ਰੱਖਣ ਦੇ ਯੋਗ ਬਨਾਉਣਗੀਆਂ ਅਤੇ ਗ਼ੈਰ-ਸੰਸਥਾਗਤ ਨਿਵੇਸ਼ਕਾਂ ਨੂੰ ਪ੍ਰਤਿਭੂਤੀਕਰਨ ਪ੍ਰਾਪਤੀਆਂ ਵਿੱਚ ਨਿਵੇਸ਼ ਕਰਨ ਦੀ ਆਗਿਆ ਦੇਣਗੀਆਂ।
- ਕਰਜ਼ਾ ਵਸੂਲੀ ਟ੍ਰਿਬਿਊਨਲ ਦੇ ਕਨੂੰਨਾਂ ਵਿੱਚ ਬਦਲਾਅ ਜਿਸ ਨਾਲ ਉਨ੍ਹਾਂ ਦਾ ਕੰਮ-ਕਾਰ ਆਨ ਲਾਈਨ ਹੋ ਜਾਵੇਗਾ।
- ਨਜਾਇਜ਼ ਤੌਰ ਤੇ ਜਮ੍ਹਾਂ ਪੂੰਜੀ ਸਵੀਕਾਰ ਕਰਨ ਦੇ ਖ਼ਤਰੇ ਨਾਲ ਨਜਿੱਠਣ ਲਈ ਵਿਆਪਕ ਕੇਂਦਰੀ ਕਾਨੂੰਨ ਲਿਆਉਣੇ।
- ਪ੍ਰਤਿਭੂਤੀ ਅਪੀਲ ਟ੍ਰਿਬਿਊਨਲ ਦੇ ਮੈਂਬਰਾਂ ਅਤੇ ਅਦਾਲਤਾਂ ਦੀ ਗਿਣਤੀ ਵਧਾਉਣਾ।
- ਪ੍ਰਧਾਨ ਮੰਤਰੀ ਮੁਦਰਾ ਯੋਜਨਾ ਤਹਿਤ ਮਨਜ਼ੂਰ ਰਕਮ ਨੂੰ 1,80,000 ਕਰੋੜ ਤੱਕ ਵਧਾਉਣਾ।

ਜਦ ਕਿ ਉਪਰੋਕਤ ਕਦਮ ਰਿਣ ਪ੍ਰਵਾਹ ਵਿੱਚ ਮਦਦਗਾਰ ਹੋਣਗੇ ਅਤੇ ਜ਼ਮੀਨ ਜਾਇਦਾਦ ਖੇਤਰ ਲਈ ਕਰਜ਼ੇ ਦੀਆਂ ਰੁਕਾਵਟਾਂ ਨੂੰ ਹਟਾਉਣਗੇ, ਪਰ ਕੀ ਇਹ ਜਨਤਕ ਖੇਤਰ ਦੀਆਂ ਸਾਰੀਆਂ ਬਿਮਾਰੀਆਂ ਦੇ ਇਲਾਜ ਲਈ ਕਾਫ਼ੀ ਹੈ। ਸਾਡੇ ਵਿਚਾਰ ਮੁਤਾਬਕ, ਬੈਂਕਿੰਗ ਖੇਤਰ ਨੂੰ ਮੁੜ ਪੈਰਾਂ ਉਤੇ ਲਿਆਉਣ ਲਈ ਹਾਲੇ ਹੋਰ ਬਹੁਤ ਕੁੱਝ ਕੀਤਾ ਜਾਣਾ ਬਾਕੀ ਹੈ। ਇੱਕ ਅਹਿਮ ਪਹਿਲੂ ਜਿਸ ਦਾ ਹੱਲ ਕਰਨ ਦੀ ਜ਼ਰੂਰਤ ਹੈ, ਉਹ ਹੈ ਬੈਂਕਿੰਗ ਖੇਤਰ ਵਿੱਚ ਸਮੁੱਚਾ ਸ਼ਾਸਨ। ਇਥੇ ਪੀ. ਜੇ. ਨਾਇਕ ਕਮੇਟੀ ਦੀਆਂ ਸਿਫ਼ਾਰਸ਼ਾਂ ਪਹਿਲਾਂ ਹੀ ਮੌਜੂਦ ਹਨ ਜਿਨ੍ਹਾਂ ਨੂੰ ਗੰਭੀਰਤਾ ਨਾਲ ਵਾਚਣ ਦੀ ਲੋੜ ਹੈ। ਕੁੱਝ ਮੁੱਖ ਸਫ਼ਾਰਸ਼ਾਂ ਹੇਠਾਂ ਬਾਕਸ ਵਿੱਚ ਪੇਸ਼ ਕੀਤੀਆਂ ਗਈਆਂ ਹਨ।

***ਉਪਰੋਕਤ ਕਦਮਾਂ ਦੇ ਨਾਲ-ਨਾਲ ਇਕ ਹੋਰ ਅਹਿਮ ਪਹਿਲੂ ਜਿਸ ਉਤੇ ਸਰਕਾਰ ਨੂੰ ਧਿਆਨ ਦੇਣ ਦੀ ਲੋੜ ਹੈ, ਉਹ ਹੈ ਅਸਾਸਾ ਪੁਨਰ ਨਿਰਮਾਣ ਕੰਪਨੀਆਂ ਅਤੇ ਇਸ ਦੇ ਨਿਯਮਾਂ ਦੀ ਭੂਮਿਕਾ ਦੀ ਘੋਖ ਪੜਤਾਲ ਕਰਨਾ। ਰਾਸ਼ਟਰੀ ਅਸਾਸਾ ਪ੍ਰਬੰਧਨ ਕੰਪਨੀ (ਐੱਨ ਏ ਐੱਮ ਸੀ ਓ) ਦੇ ਗਠਨ ਲਈ ਵੀ ਪ੍ਰਸਤਾਵ ਆਏ ਹਨ ਤਾਂ ਕਿ ਦਬਾਅ ਹੇਠਲੇ ਅਸਾਸਿਆਂ ਨੂੰ ਸਹੀ ਕੀਮਤ ਅਤੇ ਸਹੀ ਸਮੇਂ ਉਤੇ ਵੇਚਿਆ ਜਾ ਸਕੇ।***

ਇਸ ਦੇ ਨਾਲ ਹੀ, ਸਰਕਾਰ ਅਤੇ ਰਿਜ਼ਰਵ ਬੈਂਕ ਆਫ਼ ਇੰਡੀਆ, *ਗਿਆਨ ਸੰਗਮ* ਰਾਹੀਂ ਬੈਂਕਾਂ ਨੂੰ ਪੇਸ਼ ਆ ਰਹੀਆਂ ਸਮੱਸਿਆਵਾਂ ਨੂੰ ਸਮਝਣ ਅਤੇ ਇਨ੍ਹਾਂ ਦੇ ਹੱਲ ਲਈ, ਬੈਂਕਾਂ ਨਾਲ ਚਰਚਾ ਕਰ ਰਹੀਆਂ ਹਨ (ਬੈਂਕਾਂ, ਵਿੱਤ ਮੰਤਰਾਲਾ ਅਤੇ ਭਾਰਤੀ ਰਿਜ਼ਰਵ ਬੈਂਕ ਦੇ ਅਧਿਕਾਰੀਆਂ ਦੀ ਸਲਾਨਾ ਮਿਲਣੀ)। ਹਾਲੀਆ *ਗਿਆਨ ਸੰਗਮ* 2016-17 ਦੇ ਬਜਟ ਤੋਂ ਤੁਰੰਤ ਬਾਅਦ ਆਯੋਜਿਤ ਕੀਤਾ ਗਿਆ ਜਿਸ ਵਿੱਚ ਬੈਂਕਾਂ ਦੀ ਮਜਬੂਤੀ ਅਤੇ ਕਰਜ਼ਾ ਵਸੂਲੀ ਕਾਨੂੰਨਾਂ ਬਾਰੇ ਕੁੱਝ ਸਫ਼ਾਰਸ਼ਾਂ ਪੇਸ਼ ਕੀਤੀਆਂ ਗਈਆਂ।

ਭਾਵੇਂ ਕਿ ਇਸ ਬਜਟ ਵਿੱਚ ਕੁੱਝ ਸਿੱਧੇ ਕਦਮ ਸੁਝਾਏ ਗਏ ਹਨ, ਕੁੱਝ ਸਫ਼ਾਰਸ਼ਾਂ ਦੀ ਸਪੱਸ਼ਟਤਾ ਅਤੇ ਅਮਲ ਜੋ ਪਹਿਲਾਂ ਹੀ ਸਰਕਾਰ ਨੂੰ ਉਪਲਬਧ ਹਨ, ਇਸ ਖੇਤਰ ਨੂੰ ਪੇਸ਼ ਐੱਨ ਪੀ ਏਜ਼ ਦੀ ਸਮੱਸਿਆ ਉਤੇ ਤੁਰੰਤ ਕਾਬੂ ਪਾਉਣ ਵਿੱਚ ਸਹਾਈ ਹੋ ਸਕਦੇ ਹਨ। ਵਰਤਮਾਨ ਸਮੇਂ ਨਿਵੇਸ਼ ਚੱਕਰ ਵਿੱਚ ਪੁਨਰ ਪ੍ਰਾਪਤੀ ਜ਼ਰੂਰੀ ਤੌਰ ਤੇ ਬੈਂਕਾਂ ਦੀ ਬੈਲੈਂਸ ਸ਼ੀਟ ਦੀ ਮਜਬੂਤੀ ਉਤੇ ਨਿਰਭਰ ਕਰਦੀ ਹੈ।

ਭਾਰਤ ਵਿੱਚ ਬੈਂਕਾਂ ਦੇ ਬੋਰਡਾਂ ਦੇ ਸਾਧਨ ਦੀ ਸਮੀਖਿਆ ਲਈ ਨਾਇਕ ਕਮੇਟੀ ਦੀਆਂ ਕੁੱਝ ਮੁੱਖ ਸਫਾਰਸ਼ਾਂ

- ਬੈਂਕ ਰਾਸ਼ਟਰੀਕਰਨ ਐਕਟ 1970 ਅਤੇ 1980, ਐਸ ਬੀ ਆਈ ਐਕਟ ਅਤੇ ਐੱਸ ਬੀ ਆਈ (ਸਹਾਇਕ ਬੈਂਕਾਂ) ਬਾਰੇ ਐਕਟ ਨੂੰ ਖਤਮ ਕਰਨਾ।
- ਸਾਰੇ ਬੈਂਕਾਂ ਨੂੰ ਕੰਪਨੀਜ਼ ਐਕਟ ਦੇ ਦਾਇਰੇ ਵਿੱਚ ਲਿਆਉਣਾ ਅਤੇ ਇਕ 'ਬੈਂਕ ਨਿਵੇਸ਼ ਕੰਪਨੀ' (ਬੀ ਆਈ ਸੀ) ਦਾ ਗਠਨ ਕਰਨਾ ਤਾਂ ਕਿ ਸਰਕਾਰ ਆਪਣੀ ਸੰਪਤੀ ਬੈਂਕਾਂ ਵਿੱਚ ਤਬਦੀਲ ਕਰ ਸਕੇ।
- ਤਿੰਨ ਪੜਾਵਾਂ ਵਿੱਚ ਪੂਰੇ ਸਮੇਂ ਦੇ ਨਿਰਦੇਸ਼ਕਾਂ ਦੀ ਨਿਯੁਕਤੀ, ਜਿਸ ਦੀ ਸ਼ੁਰੂਆਤ ਬੈਂਕ ਬੋਰਡਜ਼ ਬਿਉਰੋ ਦੀ ਸਹਾਇਤਾ ਨਾਲ ਕੀਤੀ ਜਾਵੇ।
- ਸਰਕਾਰ ਦੀ ਹਿੱਸੇਦਾਰੀ ਨੂੰ 50 ਪ੍ਰਤਿਸ਼ਤ ਤੋਂ ਘੱਟ ਕਰਨਾ।
- ਮਨੁੱਖੀ ਵਸੀਲਾ ਨੀਤੀ ਬਾਰੇ ਸਫ਼ਾਰਸ਼ ਜੋ ਨੌਜਵਾਨ ਵਿਅਕਤੀਆਂ ਨੂੰ ਉੱਚ ਪ੍ਰਬੰਧਨ ਵਿੱਚ ਲਿਆ ਸਕਦੀ ਹੈ।
- ਬੋਰਡ ਦੀਆਂ ਚਰਚਾਵਾਂ ਵਿੱਚ ਸੁਧਾਰ ਲਿਆਉਣਾ ਤਾਂ ਕਿ ਵਧੇਰੇ ਰਣਨੀਤਕ ਦ੍ਰਿਸ਼ਟੀ ਪ੍ਰਦਾਨ ਕੀਤੀ ਜਾ ਸਕੇ।
- ਵਿਕਾਸਮਈ ਟੀਚਿਆਂ ਦੀ ਪ੍ਰਾਪਤੀ ਲਈ ਸਰਕਾਰ ਪਬਲਿਕ ਸੈਕਟਰ ਦੇ ਬੈਂਕਾਂ ਨੂੰ ਹਦਾਇਤਾਂ ਜਾਰੀ ਕਰਨਾ ਬੰਦ ਕਰੇ।
- ਸਰਕਾਰ ਨੂੰ ਸਿਰਫ਼ ਜਨਤਕ ਖੇਤਰ ਦੇ ਬੈਂਕਾਂ ਨੂੰ ਨਿਯਮਨ ਸਬੰਧੀ ਹਦਾਇਤਾਂ ਦੇਣੀਆਂ ਵੀ ਬੰਦ ਕਰਨੀਆਂ ਚਾਹੀਦੀਆਂ ਹਨ ਕਿਉਂਕਿ ਦੋਹਰਾ ਨਿਯਮਨ ਵਿਤਕਰੇ ਭਰਿਆ ਹੁੰਦਾ ਹੈ।

*(ਲੇਖਕ ਐੱਨ ਆਈ ਪੀ ਐੱਫ ਪੀ, ਨਵੀਂ ਦਿੱਲੀ ਵਿਖੇ ਕ੍ਰਮਵਾਰ ਪ੍ਰੋਫੈਸਰ ਅਤੇ ਸ਼ੋਧ ਸਹਾਇਕ ਹਨ)*

*e-mail :nrbmurthy@gmail.com*

*:manishprasad2@yahoo.com*

# ਵਾਧੇ ਅਤੇ ਵੱਡੇ ਪੈਮਾਨੇ ਉੱਤੇ ਰੋਜ਼ਗਾਰ ਨੂੰ ਤੇਜ ਕਰਨ ਲਈ ਮੇਕ ਇਨ ਇੰਡੀਆ, ਸਟਾਰਟ ਅੱਪ ਲਈ ਮਜਬੂਤ ਚੌਗਿਰਦਾ ਪ੍ਰਣਾਲੀ ਉੱਭਰ ਰਹੀ ਹੈ

ਨੀਰਜ ਬਾਜਪਾਈ

"ਰੋਮ ਇਕ ਦਿਨ ਵਿੱਚ ਹੀ ਨਹੀਂ ਸੀ ਬਣ ਗਿਆ"- ਇਹ ਇੱਕ ਪ੍ਰਸਿੱਧ ਅਖਾਣ ਹੈ। ਇਹ ਸਟਾਰਟ ਅੱਪ, ਉਦਯੋਗਿਕ ਇਕਾਈਆਂ ਅਤੇ ਦੂਜੀਆਂ ਵਪਾਰਕ ਇਕਾਈਆਂ ਵਾਸਤੇ ਵਿਆਪਕ ਚੌਗਿਰਦਾ ਪ੍ਰਣਾਲੀ ਦੇ ਉਭਾਰ ਵਾਂਗ ਹੈ ਜੋ ਦਿਨੋ-ਦਿਨ ਵਧ ਰਹੇ ਬੇਰੁਜ਼ਗਾਰਾਂ ਦੀ ਗਿਣਤੀ ਨੂੰ ਆਪਣੇ ਅੰਦਰ ਸਮਾਉਣ ਦੇ ਸਮਰੱਥ ਹਨ। ਇਸ ਨੂੰ ਥੋੜ੍ਹੇ ਸਮੇਂ ਵਿੱਚ ਪੂਰਨ ਨਹੀਂ ਕੀਤਾ ਜਾ ਸਕਦਾ।

ਵਿੱਤ ਮੰਤਰੀ ਅਰੁਣ ਜੇਟਲੀ ਦਾ ਹਾਲੀਆ ਬਜਟ ਭਾਸ਼ਣ ਇਸ ਤੱਥ ਵੱਲ ਸੰਕੇਤ ਕਰਦਾ ਹੈ ਕਿ ਵਰਤਮਾਨ ਸਰਕਾਰ ਭਾਰਤ ਦੀਆਂ ਲਗਾਤਾਰ ਵਧ ਰਹੀਆਂ ਇੱਛਾਵਾਂ ਅਤੇ ਬੁਨਿਆਦੀ ਲੋੜਾਂ ਦੀ ਜ਼ਮੀਨੀ ਹਕੀਕਤ ਅਤੇ ਚੁਣੌਤੀਆਂ ਤੋਂ ਭਲੀਭਾਂਤ ਜਾਣੂ ਹੈ।

ਇਹ ਕੰਮ ਹੋਰ ਵੀ ਔਖਾ ਤੇ ਅਕਾਊ ਹੋ ਜਾਂਦਾ ਹੈ ਜਦੋਂ ਵਿਸ਼ਵ ਆਰਥਿਕਤਾ ਗੰਭੀਰ ਸੰਕਟ ਦਾ ਸ਼ਿਕਾਰ ਹੋਵੇ, ਅਤੇ ਜਿਸ ਨੇ ਵਿੱਤੀ ਬਜ਼ਾਰਾਂ ਦਾ ਲੱਕ ਤੋੜ ਦਿੱਤਾ ਹੋਵੇ ਅਤੇ ਵਿਸ਼ਵ ਵਪਾਰ ਨੂੰ ਸੀਮਤ ਕਰ ਦਿੱਤਾ ਹੋਵੇ। ਦੁਨੀਆਂ ਵਿੱਚ ਚੱਲ ਰਹੀਆਂ ਇਨ੍ਹਾਂ ਪ੍ਰਤਿਕੂਲ ਹਵਾਵਾਂ ਦੇ ਦਰਮਿਆਨ ਦੇਸ਼ ਦੀ ਆਰਥਿਕਤਾ ਦੇ ਪੈਰ ਨਹੀਂ ਉੱਖੜੇ ਅਤੇ ਇੰਟਰਨੈਸ਼ਨਲ ਮਾਨੀਟਰੀ ਫ਼ੰਡ (ਆਈ ਐੱਮ ਐੱਫ) ਵਲੋਂ ਭਾਰਤ ਨੂੰ ਇਕਲੌਤੀ 'ਆਸ ਦੀ ਕਿਰਨ' ਕਹਿ ਕੇ ਇਸ ਦੀ ਪ੍ਰਸ਼ੰਸਾ ਕੀਤੀ ਗਈ ਹੈ।

2016-17 ਦੇ ਬਜਟ ਪ੍ਰਸਤਾਵਾਂ ਤੋਂ ਪਰਦਾ ਚੁੱਕਦਿਆਂ ਵਿੱਤ ਮੰਤਰੀ ਨੇ ਦੇਸ਼ ਦੇ ਆਰਥਿਕ ਦ੍ਰਿਸ਼ ਬਨਾਮ ਅੰਤਰਰਾਸ਼ਟਰੀ ਆਰਥਿਕ ਹਲਾਤਾਂ ਦੇ ਮੱਦੇਨਜ਼ਰ ਆਪਣੇ ਵਿਚਾਰ ਪੇਸ਼ ਕੀਤੇ। ਉਨ੍ਹਾਂ ਨੇ ਨਰਿੰਦਰ ਮੋਦੀ ਦੀ ਅਗਵਾਈ ਵਾਲੀ ਰਾਸ਼ਟਰੀ ਲੋਕਤੰਤਰ ਗਠਜੋੜ (ਐੱਨ ਡੀ ਏ) ਦੀ ਸਰਕਾਰ ਵਲੋਂ ਮੋਹਰੀ ਪ੍ਰੋਗਰਾਮਾਂ ਜਿਵੇਂ ਸਟਾਰਟ ਅੱਪ ਇੰਡੀਆ, ਮੇਕ ਇਨ ਇੰਡੀਆ, ਹੁਨਰ ਵਿਕਾਸ, ਰੁਜ਼ਗਾਰ ਦੇ ਖੇਤਰਾਂ ਦਾ ਨਿਰਮਾਣ ਅਤੇ ਵਿਸ਼ਵ ਆਰਥਿਕਤਾ ਵਿੱਚ ਹੋਰ ਮੰਦੀ ਤੇ ਉਥਲ-ਪੁਥਲ ਦੇ ਖ਼ਤਰਿਆਂ ਦੇ ਬਾਵਜੂਦ, ਇਨ੍ਹਾਂ ਸਾਰੀਆਂ ਯੋਜਨਾਵਾਂ ਉਤੇ ਸਫਲਤਾਪੂਰਵਕ ਅਮਲ ਕਰਨ ਦਾ ਭਰੋਸਾ ਪ੍ਰਗਟ ਕੀਤਾ।

**ਪ੍ਰਧਾਨ ਮੰਤਰੀ ਵਲੋਂ ਸਪੱਸ਼ਟ ਕੀਤਾ ਗਿਆ ਹੈ ਕਿ ਉਨ੍ਹਾਂ ਦਾ ਮੰਤਰ ਸਟਾਰਟ ਅੱਪ ਇੰਡੀਆ, ਸਟੈਂਡ ਅੱਪ ਇੰਡੀਆ ਹੈ। ਸ੍ਰੀ ਮੋਦੀ ਨੇ ਟਿੱਪਣੀ ਕੀਤੀ, "ਸਟਾਰਟ ਅੱਪ ਵਾਸਤੇ ਅਨੁਕੂਲ ਵਾਤਾਵਰਨ ਪ੍ਰਦਾਨ ਕਰਨ ਲਈ, ਬਜਟ ਵਿੱਚ ਟੈਕਸਾਂ ਬਾਰੇ ਯੋਜਨਾਵਾਂ ਪ੍ਰਦਾਨ ਕੀਤੀਆਂ ਗਈਆਂ ਹਨ। ਸਾਡੇ ਦਲਿਤ ਤੇ ਕਬਾਇਲੀ ਨੌਜਵਾਨ ਹੁਣ ਉੱਦਮੀ ਬਣਨਾ ਚਾਹੁੰਦੇ ਹਨ। ਹੁਣ ਉਹ ਨੌਕਰੀ ਮੰਗਣ ਵਾਲੇ ਨਹੀਂ ਸਗੋਂ ਨੌਕਰੀ ਦੇਣ ਵਾਲੇ ਬਣਨਾ ਚਾਹੁੰਦੇ ਹਨ। ਉਨ੍ਹਾਂ ਦੇ ਸੁਪਨੇ ਪੂਰੇ ਕਰਨ ਲਈ ਸਰਕਾਰ ਨੇ ਇਕ ਉੱਦਮ ਕੇਂਦਰ ਜਾਂ ਧੁਰਾ ਸਥਾਪਤ ਕਰਨ ਦਾ ਫੈਸਲਾ ਕੀਤਾ ਹੈ।" ਉਨ੍ਹਾਂ ਵਲੋਂ ਭਵਿੱਖੀ ਆਰਥਿਕ ਏਜੰਡੇ ਦੀ ਵੀ ਪ੍ਰਸ਼ੰਸਾ ਕੀਤੀ ਗਈ।**

ਸਰਕਾਰ ਨੇ ਮੇਕ ਇਨ ਇੰਡੀਆ ਪ੍ਰੋਗਰਾਮ ਨੂੰ ਵੱਡਾ ਹੁਲਾਰਾ ਦਿੰਦਿਆਂ, ਜੋ ਰੋਜ਼ਗਾਰ ਨਿਰਮਾਣ ਦੇ ਵੱਡੇ ਕੇਂਦਰ ਵਜੋਂ ਉੱਭਰ ਰਿਹਾ ਹੈ, ਘਰੇਲੂ ਨਿਰਮਾਣ ਨੂੰ ਉਤਸ਼ਾਹਿਤ ਕਰਨ ਲਈ ਢੇਰ ਸਾਰੇ ਟੈਕਸ ਪ੍ਰੋਤਸਾਹਨਾਂ ਦਾ ਐਲਾਨ ਕੀਤਾ ਹੈ।

ਇਨ੍ਹਾਂ ਰਿਆਇਤਾਂ ਵਿੱਚ ਟੈਕਸ ਪ੍ਰੋਤਸਾਹਨ ਅਤੇ ਸਰਲ ਵਪਾਰਕ ਤਰੀਕਿਆਂ ਦੇ ਨਿਯਮ ਸ਼ਾਮਲ ਹਨ। ਛੋਟੇ ਉਦਯੋਗਾਂ ਨੂੰ ਇਨ੍ਹਾਂ ਕਦਮਾਂ ਦਾ ਸਭ ਤੋਂ ਵੱਧ ਫਾਇਦਾ ਹੋਵੇਗਾ ਜਿਸ ਵਿੱਚ ਮੁਕੱਦਮੇਬਾਜ਼ੀ ਨੂੰ ਘੱਟ ਕਰਨਾ ਅਤੇ ਸਫਲ ਨਾ ਹੋਣ ਦੀ ਹਾਲਤ ਵਿੱਚ ਬਾਹਰ ਨਿਕਲਣ ਦਾ ਰਸਤਾ ਪ੍ਰਦਾਨ ਕਰਨਾ ਸ਼ਾਮਲ ਹੈ।

ਆਬਕਾਰੀ ਅਤੇ ਸੀਮਾ ਸ਼ੁਲਕ ਦੀਆਂ ਸੋਧੀਆਂ ਦਰਾਂ ਮੇਕ ਇਨ ਇੰਡੀਆ ਯੋਜਨਾ ਦੇ ਕਈ ਅੰਗਾਂ ਨੂੰ ਲਾਗਤ ਫਾਇਦੇ ਪ੍ਰਦਾਨ ਕਰਨਗੀਆਂ - ਆਈ ਟੀ ਹਾਰਡਵੇਅਰ, ਪੂੰਜੀਗਤ ਵਸਤਾਂ, ਕੱਪੜਾ, ਰੱਖਿਆ ਉਤਪਾਦਨ ਅਤੇ ਬਹੁਤ ਸਾਰੀਆਂ ਦੂਜੀਆਂ ਵਸਤਾਂ। ਅਜਿਹਾ ਮਾਹਰਾਂ ਦਾ ਆਖਣਾ ਹੈ। ਮਿਸਾਲ ਦੇ ਤੌਰ ਤੇ, ਟੈਲੀਕਾਮ ਖੇਤਰ ਵਿੱਚ ਸਰਕਾਰ ਨੇ ਮੋਬਾਈਲ ਹੈਂਡਸੈੱਟ ਦੇ ਪੁਰਜ਼ਿਆਂ ਦੇ ਆਯਾਤ ਉਤੇ ਰੋਕ ਲਾਉਣ ਲਈ ਸੀਮਾ ਸ਼ੁਲਕ ਅਤੇ ਬਰਾਬਰੀ ਵਾਲੇ ਸ਼ੁਲਕ ਉਤੇ ਮਿਲਣ ਵਾਲੀਆਂ ਛੋਟਾਂ ਵਾਪਸ ਲੈਣ ਦਾ ਯਤਨ ਕੀਤਾ ਹੈ। ਇਸ ਕਦਮ ਨਾਲ ਮੋਬਾਈਲ ਫ਼ੋਨ ਅਤੇ ਕੰਪਿਊਟਰ ਉਤਪਾਦਾਂ ਦੇ ਸਥਾਨਕ ਨਿਰਮਾਣ ਨੂੰ ਵੱਡਾ ਹੁਲਾਰਾ ਮਿਲੇਗਾ।

ਹੁਣ ਕੇਂਦਰ ਅਤੇ ਬਹੁਤ ਸਾਰੀਆਂ ਰਾਜ ਸਰਕਾਰਾਂ ਨਿਵੇਸ਼ ਨੂੰ ਆਕਰਸ਼ਿਤ ਕਰਨ ਦਾ ਮਹੌਲ ਬਣਾ ਰਹੀਆਂ ਹਨ ਜੋ ਘਰੇਲੂ ਉਦਯੋਗ, ਸਟਾਰਟ ਅੱਪ ਅਤੇ ਮੇਕ ਇਨ ਇੰਡੀਆ ਪਹਿਲਕਦਮੀਆਂ ਨੂੰ ਮਦਦ ਕਰੇਗਾ। ਇਸ ਨਾਲ

ਹੋਰ ਜ਼ਿਆਦਾ ਰੁਜ਼ਗਾਰ ਮਿਲੇਗਾ। ਬਜਟ ਵਿੱਚ ਵਾਅਦਾ ਕੀਤੀਆਂ ਗਈਆਂ ਰਿਆਇਤਾਂ ਦਾ ਸਮੁੱਚੀ ਵਿੱਤੀ ਅਤੇ ਸਮਾਜਕ ਵਿਕਾਸ ਦੇ ਹਲਾਤ ਉਤੇ ਹਾਂ-ਪੱਖੀ ਵਿਆਪਕ ਪ੍ਰਭਾਵ ਪਵੇਗਾ। ਦੇਸ਼ ਦੇ ਅੰਦਰ ਅਤੇ ਵਿਦੇਸ਼ਾਂ ਵਿੱਚ ਨਿਵੇਸ਼ਕ ਸੰਮੇਲਨ ਕੀਤੇ ਜਾ ਰਹੇ ਹਨ। ਹਰਿਆਣਾ ਅੰਦਰ ਪਿੱਛੇ ਜਿਹੇ ਹੋਏ ਅਜਿਹੇ ਹੀ ਇਕ ਸੰਮੇਲਨ ਵਿੱਚ ਵਿੱਤ ਮੰਤਰੀ ਨੇ ਰਾਜਾਂ ਨੂੰ ਨਿਵੇਸ਼ ਆਕਰਸ਼ਿਤ ਕਰਨ ਲਈ ਸੁਧਾਰ ਕਰਨ ਦਾ ਸੱਦਾ ਦਿੱਤਾ ਕਿਉਂਕਿ ਨਿਵੇਸ਼ਕ ਨੀਤੀਗਤ ਖੜੋਤ ਨੂੰ ਪਸੰਦ ਨਹੀਂ ਕਰਦੇ ਅਤੇ ਉਨ੍ਹਾਂ ਥਾਵਾਂ ਨੂੰ ਤਰਜੀਹ ਦਿੰਦੇ ਹਨ ਜੋ ਵਪਾਰਕ ਅਤੇ ਰਾਜਨੀਤਕ ਤੌਰ ਤੇ ਅਨੁਕੂਲ ਵਾਤਾਵਰਨ ਪੇਸ਼ ਕਰਦੇ ਹਨ। ਉਨ੍ਹਾਂ ਆਖਿਆ ਕਿ ਸਹਿਕਾਰੀ ਸੰਘਵਾਦ ਤੋਂ ਇਲਾਵਾ ਭਾਰਤ ਮੁਕਾਬਲੇ ਦਾ ਸੰਘਵਾਦ ਵੀ ਬਣ ਗਿਆ ਹੈ ਅਤੇ ਭਵਿੱਖ ਮੁਕਾਬਲੇਬਾਜ਼ੀ ਵਾਲੇ ਸੰਘਵਾਦ ਦਾ ਹੋਵੇਗਾ ਕਿਉਂਕਿ ਕੇਂਦਰ-ਰਾਜ ਸਬੰਧ ਨਹੀਂ, ਸਗੋਂ ਰਾਜ ਨਿਵੇਸ਼ ਨੂੰ ਆਕਰਸ਼ਿਤ ਕਰਨ ਲਈ ਇਕ ਦੂਜੇ ਨਾਲ ਮੁਕਾਬਲਾ ਕਰਨਗੇ। "ਉਹ (ਰਾਜ) ਜੋ ਸੁਧਾਰ ਨਹੀਂ ਕਰਦੇ, ਉਥੋਂ ਦੇ ਲੋਕ ਘਾਟੇ ਵਿੱਚ ਰਹਿੰਦੇ ਹਨ ਅਤੇ ਜੋ ਰਾਜ ਜ਼ਿਆਦਾ ਅਨੁਕੂਲ ਆਰਥਿਕ, ਵਪਾਰਕ ਅਤੇ ਰਾਜਨੀਤਕ ਵਾਤਾਵਰਨ ਨਿਵੇਸ਼ਕਾਂ ਨੂੰ ਪ੍ਰਦਾਨ ਕਰਦੇ ਹਨ, ਉਹ ਫਾਇਦੇ ਵਿੱਚ ਰਹਿੰਦੇ ਹਨ। ਉਨ੍ਹਾਂ ਕਿਹਾ, "ਸੁਧਾਰ ਕਰੋ ਜਾਂ ਖਤਮ ਹੋ ਜਾਓ, ਇਹ ਅੱਜ ਤੋਂ ਜ਼ਿਆਦਾ ਸੱਚ ਨਹੀਂ ਹੋ ਸਕਦਾ।"

ਹਾਲ ਹੀ ਵਿੱਚ ਲੋਕ ਸਭਾ ਅੰਦਰ ਆਮ ਬਜਟ ਪੇਸ਼ ਕਰਨ ਸਮੇਂ ਸ੍ਰੀ ਜੇਟਲੀ ਨੇ ਸਟਾਰਟ ਅੱਪ ਬਾਰੇ ਵਿਸਥਾਰ ਵਿੱਚ ਚਰਚਾ ਕਰਦਿਆਂ ਕਿਹਾ ਸੀ ਕਿ ਇਹ ਰੋਜ਼ਗਾਰ ਪੈਦਾ ਕਰਦੇ ਹਨ, ਨਵੀਨਤਾ ਲਿਆਉਂਦੇ ਹਨ ਅਤੇ ਇਨ੍ਹਾਂ ਦੇ ਮੇਕ ਇਨ ਇੰਡੀਆ ਪ੍ਰੋਗਰਾਮ ਵਿੱਚ ਪ੍ਰਮੁੱਖ ਭਾਈਵਾਲ ਬਣਨ ਦੀ ਆਸ ਕੀਤੀ ਜਾਂਦੀ ਹੈ।

ਸ੍ਰੀ ਜੇਟਲੀ ਨੇ ਇਨ੍ਹਾਂ ਦੇ ਪਸਾਰ ਲਈ 5 ਵਿੱਚੋਂ 3 ਸਾਲਾਂ ਲਈ ਮੁਨਾਫ਼ੇ ਉਤੇ 100 ਪ੍ਰਤਿਸ਼ਤ ਛੋਟ ਦੇਣ ਦਾ ਪ੍ਰਸਤਾਵ ਕੀਤਾ ਹੈ ਜੋ ਅਪ੍ਰੈਲ 2016 ਅਤੇ ਮਾਰਚ 2019 ਦਰਮਿਆਨ ਸਥਾਪਤ ਸਟਾਰਟ ਅੱਪ ਇਕਾਈਆਂ ਉਤੇ ਲਾਗੂ ਹੋਵੇਗਾ। ਅਜਿਹੇ ਮਾਮਲਿਆਂ ਵਿੱਚ ਮੈਟ (ਐੱਮ ਏ ਟੀ) ਵੀ ਲਾਗੂ ਹੋਵੇਗਾ। ਪਰ, ਜੇ ਪੂੰਜੀਗਤ ਪ੍ਰਾਪਤੀਆਂ ਨੂੰ ਨਿਯਮਤ ਅਧਿਸੂਚਿਤ ਫੰਡ ਵਿੱਚ, ਅਧਿਸੂਚਿਤ ਸਟਾਰਟ ਅੱਪ ਵਿੱਚ ਨਿੱਜੀ ਵਿਅਕਤੀਆਂ ਵਲੋਂ ਨਿਵੇਸ਼ ਕੀਤਾ ਜਾਵੇਗਾ ਤਾਂ ਇਨ੍ਹਾਂ ਉੱਤੇ ਟੈਕਸ ਨਹੀਂ ਲੱਗੇਗਾ ਬਸ਼ਰਤੇ ਕਿ ਇਨ੍ਹਾਂ ਸਟਾਰਟ ਅੱਪ ਵਿੱਚ ਉਨ੍ਹਾਂ ਦਾ ਬਹੁ-ਗਿਣਤੀ ਹਿੱਸਾ ਹੋਵੇ। ਉਨ੍ਹਾਂ ਵਲੋਂ ਇਕ ਵਿਸ਼ੇਸ਼ ਪੇਟੈਂਟ ਸ਼ਾਸਨ ਦਾ ਵੀ ਪ੍ਰਸਤਾਵ ਕੀਤਾ ਗਿਆ ਹੈ ਜਿਸ ਅਧੀਨ ਭਾਰਤ ਵਿੱਚ ਵਿਕਸਤ ਤੇ ਪੰਜੀਕ੍ਰਿਤ ਪੇਟੈਂਟ ਤੇ ਦੁਨੀਆਂ ਭਰ ਵਿੱਚੋਂ ਹੋਣ ਵਾਲੀ ਆਮਦਨ ਉਤੇ 10 ਪ੍ਰਤਿਸ਼ਤ ਦੀ ਦਰ ਨਾਲ ਟੈਕਸ ਲਾਉਣ ਦੀ ਯੋਜਨਾ ਹੈ। ਉਨ੍ਹਾਂ ਕਿਹਾ ਕਿ ਮੇਕ ਇਨ ਇੰਡੀਆ ਮੁਹਿੰਮ ਤਹਿਤ ਘਰੇਲੂ ਇਕਾਈਆਂ ਨੂੰ ਉਤਸ਼ਾਹ ਦੇਣ ਵਿੱਚ ਸੀਮਾ ਸ਼ੁਲਕ ਅਤੇ ਆਬਕਾਰੀ ਕਰ ਢਾਂਚਾ ਇਕ ਅਹਿਮ ਭੂਮਿਕਾ ਨਿਭਾਉਂਦਾ ਹੈ।

ਸਰਕਾਰ ਵਲੋਂ ਕੁੱਝ ਵਿਸ਼ੇਸ਼ ਨਿਵੇਸ਼, ਕੱਚਾ ਮਾਲ, ਵਿਚੋਲਗੀ ਵਾਲੀਆਂ ਸੰਸਥਾਵਾਂ ਅਤੇ ਪੁਰਜ਼ਿਆਂ, ਕੁੱਝ ਹੋਰ ਵਸਤਾਂ ਉਤੇ ਲੱਗਣ ਵਾਲੇ ਸੀਮਾ ਸ਼ੁਲਕ ਅਤੇ ਆਬਕਾਰੀ ਕਰ ਦਰਾਂ ਵਿੱਚ ਢੁਕਵੀਆਂ ਤਬਦੀਲੀਆਂ ਕਰਨ ਦਾ ਪ੍ਰਸਤਾਵ ਹੈ ਤਾਂ ਕਿ ਲਾਗਤ ਘੱਟ ਹੋ ਸਕੇ ਅਤੇ ਸੂਚਨਾ ਤਕਨੀਕ ਹਾਰਡਵੇਅਰ, ਪੂੰਜੀਗਤ ਵਸਤਾਂ, ਰੱਖਿਆ ਉਤਪਾਦਨ, ਕੱਪੜਾ, ਖਣਿਜ ਬਾਲਣ ਤੇ ਖਣਿਜ ਤੇਲ, ਰਸਾਇਣਾਂ ਅਤੇ ਪੈਟਰੋਲ-ਰਸਾਇਣ, ਕਾਗ਼ਜ਼, ਗੱਤਾ, ਅਖ਼ਬਾਰੀ ਕਾਗ਼ਜ਼, ਰੱਖ-ਰਖਾਅ ਤੇ ਮੁਰੰਮਤ, ਹਵਾਈ ਤੇ ਸਮੁੰਦਰੀ ਜਹਾਜ਼ਾਂ ਦੀ ਮੁਰੰਮਤ ਆਦਿ ਦੇ ਘਰੇਲੂ ਉਦਯੋਗਿਕ ਖੇਤਰਾਂ ਵਿੱਚ ਮੁਕਾਬਲੇਬਾਜ਼ੀ ਵਿੱਚ ਸੁਧਾਰ ਕੀਤਾ ਜਾ ਸਕੇ।

ਵਿਕਸਤ ਹੋ ਰਹੇ ਉਦਯੋਗਾਂ ਨੂੰ ਹੁਨਰਮੰਦ ਕਾਰੀਗਰ ਪ੍ਰਦਾਨ ਕਰਨ ਅਤੇ ਰੁਜ਼ਗਾਰ ਨਿਰਮਾਣ ਲਈ ਸਰਕਾਰ ਵਲੋਂ ਦੇਸ਼ ਭਰ ਵਿੱਚ 1500 ਮਲਟੀ ਸਕਿਲ ਸਿਖਲਾਈ ਸੰਸਥਾਨ ਖੋਲ੍ਹਣ ਦਾ ਫੈਸਲਾ ਕੀਤਾ ਗਿਆ ਹੈ ਜਿਸ ਲਈ ਬਜਟ ਵਿੱਚ 1700 ਕਰੋੜ ਰੁਪਏ ਰਾਖਵੇਂ ਰੱਖੇ ਗਏ ਹਨ। ਉਨ੍ਹਾਂ ਸਾਫ਼ ਕੀਤਾ ਕਿ ਪ੍ਰਧਾਨ ਮੰਤਰੀ ਕੌਸ਼ਲ ਵਿਕਾਸ ਯੋਜਨਾ (ਪੀ ਐੱਮ ਕੇ ਵੀ ਵਾਈ) ਰਾਹੀਂ ਉੱਦਮਾਂ ਨੂੰ ਨੌਜਵਾਨਾਂ ਦੇ ਬੂਹੇ ਤੱਕ ਲਿਆਉਣਾ ਸਰਕਾਰ ਦੇ ਯਤਨਾਂ ਵਿੱਚ ਸ਼ਾਮਲ ਹੈ।

ਉਨ੍ਹਾਂ ਮੁਤਾਬਕ ਸਕਿੱਲ ਇੰਡੀਆ ਮਿਸ਼ਨ ਦੇਸ਼ ਦੇ ਜਨਸੰਖਿਅਕ ਲਾਭ ਤੋਂ ਫਾਇਦਾ ਲੈਣਾ ਚਾਹੁੰਦਾ ਹੈ। ਇਸ ਦੀ ਸ਼ੁਰੂਆਤ ਤੋਂ ਲੈ ਕੇ ਸਕਿੱਲ ਇੰਡੀਆ ਮਿਸ਼ਨ ਵਲੋਂ ਵਿਆਪਕ ਹੁਨਰਮੰਦੀ ਦਾ ਵਾਤਾਵਰਨ ਬਣਾ ਕੇ 76 ਲੱਖ ਨੌਜਵਾਨਾਂ ਨੂੰ ਸਿਖਲਾਈ ਦਿੱਤੀ ਗਈ ਹੈ। ਸਰਕਾਰ ਨੇ ਉਦਯੋਗ ਜਗਤ ਅਤੇ ਸਿੱਖਿਆ ਜਗਤ ਦੀ ਭਾਈਵਾਲੀ ਹੇਠ ਹੁਨਰ ਵਿਕਾਸ ਪ੍ਰਮਾਣੀਕਰਨ ਲਈ ਰਾਸ਼ਟਰੀ ਬੋਰਡ ਦੇ ਗਠਨ ਦਾ ਫੈਸਲਾ ਲਿਆ ਹੈ। "ਅਗਲੇ ਤਿੰਨ ਸਾਲਾਂ ਦੌਰਾਨ ਪ੍ਰਧਾਨ ਮੰਤਰੀ ਕੌਸ਼ਲ ਵਿਕਾਸ ਯੋਜਨਾ ਨੂੰ ਉਤਸ਼ਾਹ ਦੇ ਕੇ 1 ਕਰੋੜ ਨੌਜਵਾਨਾਂ ਨੂੰ ਹੁਨਰਮੰਦ ਕਰਨ ਦਾ ਅਸੀਂ ਪ੍ਰਸਤਾਵ ਪੇਸ਼ ਕਰਦੇ ਹਾਂ।"

**ਮਾਹਰਾਂ ਦਾ ਕਹਿਣਾ ਹੈ ਕਿ ਜੇ ਅਗਲੇ ਤਿੰਨ ਸਾਲਾਂ ਵਿੱਚ 1 ਕਰੋੜ ਨੌਜਵਾਨਾਂ ਨੂੰ ਹੁਨਰਮੰਦ ਬਣਾ ਦਿੱਤਾ ਜਾਂਦਾ ਹੈ ਤਾਂ ਇਹ ਰੋਜ਼ਗਾਰ ਦੇ ਨਵੇਂ ਯੁਗ ਦੀ ਸ਼ੁਰੂਆਤ ਹੋਵੇਗੀ ਅਤੇ ਸਾਰੇ ਖੇਤਰਾਂ ਅੰਦਰ ਉਤਪਾਦਕਤਾ ਵਿੱਚ ਵੱਡਾ ਵਾਧਾ ਹੋਵੇਗਾ।**

ਯੋਜਨਾ ਮੁਤਾਬਕ, ਵਿਆਪਕ, ਖੁੱਲ੍ਹੇ ਆਨਲਾਈਨ ਕੋਰਸਾਂ ਰਾਹੀਂ ਦੇਸ਼ ਭਰ ਦੇ 2200 ਕਾਲਜਾਂ, 300 ਸਕੂਲਾਂ, 500 ਸਰਕਾਰੀ ਉਦਯੋਗਿਕ ਸਿਖਲਾਈ ਸੰਸਥਾਵਾਂ ਅਤੇ 50 ਕਿੱਤਾਮੁਖੀ ਸਿਖਲਾਈ ਕੇਂਦਰਾਂ ਵਿੱਚ ਉੱਦਮਤਾ, ਸਿੱਖਿਆ ਅਤੇ ਸਿਖਲਾਈ ਪ੍ਰਦਾਨ ਕੀਤੀ ਜਾਵੇਗੀ। ਇੱਛੁੱਕ ਉੱਦਮੀਆਂ, ਖ਼ਾਸ ਕਰਕੇ ਜੋ ਦੇਸ਼ ਦੇ ਦੂਰ-ਦੁਰਾਡੇ ਭਾਗਾਂ ਤੋਂ ਹਨ, ਨੂੰ ਉਸਤਾਦਾਂ ਅਤੇ ਕਰਜ਼ ਬਜ਼ਾਰਾਂ ਨਾਲ ਜੋੜਿਆ ਜਾਵੇਗਾ।

ਰੋਜ਼ਗਾਰ ਦੇ ਏਜੰਡੇ ਉਤੇ ਚਲਦਿਆਂ, ਰਸਮੀ ਖੇਤਰ ਵਿੱਚ ਨਵੀਆਂ ਨੌਕਰੀਆਂ ਦੇ ਨਿਰਮਾਣ ਨੂੰ ਉਤਸ਼ਾਹ ਦੇਣ ਲਈ ਸਰਕਾਰ ਈ ਪੀ ਐੱਫ ਓ ਵਿੱਚ ਨਾਮ ਦਰਜ ਕਰਵਾਉਣ ਵਾਲੇ ਕਰਮਚਾਰੀਆਂ ਨੂੰ, ਰੋਜ਼ਗਾਰ ਦੇ ਪਹਿਲੇ ਤਿੰਨ ਸਾਲਾਂ ਲਈ ਕਰਮਚਾਰੀ ਪੈਨਸ਼ਨ ਸਕੀਮ ਅਧੀਨ, ਸਾਰੇ ਨਵੇਂ ਕਰਮਚਾਰੀਆਂ ਲਈ ਆਪਣੇ ਵਲੋਂ 8.33 ਪ੍ਰਤਿਸ਼ਤ ਦਾ ਯੋਗਦਾਨ ਪਾਵੇਗੀ। ਇਹ ਸਕੀਮ 15000 ਰੁਪਏ ਪ੍ਰਤਿ ਮਹੀਨਾ ਤਨਖ਼ਾਹ ਲੈਣ ਵਾਲਿਆਂ ਉਤੇ ਲਾਗੂ ਹੋਵੇਗੀ ਅਤੇ ਇਸ ਵਾਸਤੇ ਬਜਟ ਵਿੱਚ 1000 ਕਰੋੜ ਰੁਪਏ ਦਾ ਪ੍ਰਬੰਧ ਕੀਤਾ ਗਿਆ ਹੈ।

2016 ਦੇ ਵਿੱਤ ਬਿੱਲ ਵਿੱਚ, ਆਮਦਨ ਕਰ ਐਕਟ ਦੇ ਸੈਕਸ਼ਨ 80 ਜੇ ਜੇ ਏ ਏ ਤਹਿਤ ਉਪਲਬਧ, ਰੋਜ਼ਗਾਰ ਨਿਰਮਾਣ ਪ੍ਰੋਤਸਾਹਨ

ਦੇ ਦਾਇਰੇ ਨੂੰ ਵਿਸ਼ਾਲ ਤੇ ਉਦਾਰ ਬਣਾਉਣ ਦਾ ਵੀ ਪ੍ਰਸਤਾਵ ਕੀਤਾ ਗਿਆ ਹੈ।

ਨੌਕਰੀਆਂ ਪੈਦਾ ਕਰਨ ਲਈ ਸਰਕਾਰ ਦੀ ਯੋਜਨਾ ਬਾਰੇ ਵੇਰਵੇ ਦਿੰਦਿਆਂ ਵਿੱਤ ਮੰਤਰੀ ਨੇ ਕਿਹਾ, ਜੁਲਾਈ 2015 ਵਿੱਚ ਰਾਸ਼ਟਰੀ ਕੈਰੀਅਰ ਸੇਵਾ ਦੀ ਸ਼ੁਰੂਆਤ ਕੀਤੀ ਗਈ ਸੀ। 35 ਮਿਲੀਅਨ ਨੌਕਰੀ ਦੀ ਇੱਛਾ ਰੱਖਣ ਵਾਲੇ ਵਿਅਕਤੀ ਪਹਿਲਾਂ ਹੀ ਇਸ ਮੰਚ ਉਤੇ ਪੰਜੀਕ੍ਰਿਤ ਹੋ ਚੁੱਕੇ ਹਨ। ਨਵੇਂ ਬਜਟ ਵਿੱਚ ਸਰਕਾਰ 2016-17 ਵਿੱਤੀ ਸਾਲ ਦੇ ਅਖ਼ੀਰ ਤੱਕ 100 ਮਾਡਲ ਕੈਰੀਅਰ ਕੇਂਦਰ ਸਥਾਪਤ ਕਰਕੇ ਉਨ੍ਹਾਂ ਨੂੰ ਚਾਲੂ ਕਰਨ ਦਾ ਪ੍ਰਸਤਾਵ ਰੱਖਦੀ ਹੈ। ਸਰਕਾਰ ਰਾਜਾਂ ਦੇ ਰੋਜ਼ਗਾਰ ਦਫ਼ਤਰਾਂ ਨੂੰ ਰਾਸ਼ਟਰੀ ਪੇਸ਼ਾ ਸੇਵਾ ਮੰਚ ਨਾਲ ਜੋੜਨ ਦਾ ਵੀ ਪ੍ਰਸਤਾਵ ਬਣਾਈ ਬੈਠੀ ਹੈ। ਕੰਪਨੀ ਐਕਟ 2013 ਵਿੱਚ ਸੋਧ ਕਰਨ ਲਈ ਸੰਸਦ ਦੇ ਵਰਤਮਾਨ ਬਜਟ ਸੈਸ਼ਨ ਵਿੱਚ ਇਕ ਬਿੱਲ ਪੇਸ਼ ਕੀਤਾ ਜਾਵੇਗਾ। ਉਨ੍ਹਾਂ ਕਿਹਾ ਕਿ ਇਸ ਨਾਲ ਵਪਾਰ ਕਰਨ ਦੀ ਸੌਖ ਦੇ ਰਸਤੇ ਵਿੱਚ ਆਉਣ ਵਾਲੀਆਂ ਔਕੜਾਂ ਤੇ ਮੁਸ਼ਕਲਾਂ ਦੂਰ ਹੋ ਜਾਣਗੀਆਂ।

**ਇਹ ਬਿੱਲ ਸਟਾਰਟ ਅੱਪ ਵਾਸਤੇ ਸਹਾਈ ਵਾਤਾਵਰਨ ਵਿੱਚ ਵੀ ਸੁਧਾਰ ਕਰੇਗਾ। ਕੰਪਨੀਆਂ ਦਾ ਪੰਜੀਕਰਨ ਵੀ ਇਕ ਹੀ ਦਿਨ ਵਿੱਚ ਕੀਤਾ ਜਾਵੇਗਾ। ਵਿੱਤ ਮੰਤਰੀ ਨੇ ਕਿਹਾ, ਆਰਥਿਕ ਵਿਕਾਸ ਦੁਆਰਾ ਰੋਜ਼ਗਾਰ ਨਿਰਮਾਣ ਨੂੰ ਹੁਲਾਰਾ ਦੇਣਾ ਇਨ੍ਹਾਂ ਪ੍ਰਸਤਾਵਾਂ ਦਾ ਮੁੱਖ ਉਦੇਸ਼ ਹੈ।**

ਉਨ੍ਹਾਂ ਹੋਰ ਕਿਹਾ ਕਿ ਪੈਨਸ਼ਨ ਵਾਲਾ ਸਮਾਜ ਅਤੇ ਗੁੰਜ਼ਾਇਸ਼ ਵਾਲੇ ਮਕਾਨਾਂ ਨੂੰ ਉਤਸ਼ਾਹਿਤ ਕਰਨ ਲਈ ਮੇਕ ਇਨ ਇੰਡੀਆ ਤੇ ਰੋਜ਼ਗਾਰ ਨੂੰ ਹੁਲਾਰਾ ਦੇਣ ਲਈ ਅਜਿਹੇ ਪ੍ਰਾਵਧਾਨਾਂ ਵਿੱਚ 5 ਵਿੱਚੋਂ 3 ਸਾਲਾਂ ਲਈ ਮੁਨਾਫ਼ੇ ਉਤੇ 100 ਪ੍ਰਤਿਸ਼ਤ ਕਰ ਛੋਟ ਸ਼ਾਮਲ ਹੈ ਜੋ ਅਪ੍ਰੈਲ 2016 ਤੋਂ ਮਾਰਚ 2019 ਵਿਚਕਾਰ ਲੱਗਣ ਵਾਲੀਆਂ ਇਕਾਈਆਂ ਉਤੇ ਕੁੱਝ ਸ਼ਰਤਾਂ ਸਹਿਤ ਪ੍ਰਦਾਨ ਕੀਤੀ ਜਾਵੇਗੀ।

ਇਸੇ ਤਰ੍ਹਾਂ ਨਵੀਨਤਾ ਨੂੰ ਉਤਸ਼ਾਹਿਤ ਕਰਨ ਲਈ ਪੇਟੈਂਟ ਸ਼ਾਸਨ ਦਾ ਪ੍ਰਸਤਾਵ ਕੀਤਾ ਗਿਆ ਹੈ ਜਿਸ ਅਧੀਨ ਭਾਰਤ ਵਿੱਚ ਵਿਕਸਤ ਅਤੇ ਪੰਜੀਕ੍ਰਿਤ ਹੋਏ ਪੇਟੈਂਟ ਤੋਂ ਦੁਨੀਆਂ ਭਰ ਵਿੱਚੋਂ ਹੋਣ ਵਾਲੀ ਆਮਦਨ ਉਤੇ 10 ਪ੍ਰਤਿਸ਼ਤ ਦੀ ਦਰ ਨਾਲ ਟੈਕਸ ਲਾਇਆ ਜਾਵੇਗਾ। ਗ਼ੈਰ-ਬੈਂਕਿੰਗ ਵਿੱਤੀ ਕੰਪਨੀਆਂ, ਦਿੱਤੇ ਗਏ ਮਾੜੇ ਤੇ ਸ਼ੱਕੀ ਕਰਜ਼ਿਆਂ ਲਈ ਆਪਣੀ ਆਮਦਨ ਦਾ 5 ਪ੍ਰਤਿਸ਼ਤ ਤੱਕ ਕੱਟਣ ਲਈ ਯੋਗ ਹੋਣਗੀਆਂ। ਛੋਟੇ ਉੱਦਮਾਂ, ਮਤਲਬ ਉਹ ਕੰਪਨੀਆਂ ਜਿਨ੍ਹਾਂ ਦਾ ਸਲਾਨਾ ਕਾਰੋਬਾਰ 5 ਕਰੋੜ ਤੋਂ ਵੱਧ ਨਾ ਹੋਵੇ (ਮਾਰਚ 2015 ਨੂੰ ਮੁੱਕਣ ਵਾਲੇ ਵਿੱਤੀ ਵਰ੍ਹੇ ਵਿੱਚ), ਲਈ ਅਗਲੇ ਵਿੱਤੀ ਸਾਲ ਵਾਸਤੇ ਕਾਰਪੋਰੇਟ ਆਮਦਨ ਕਰ ਦਰ 29 ਪ੍ਰਤਿਸ਼ਤ+ ਸਰਚਾਰਜ 'ਤੇ ਸੈੱਸ ਕਰਨ ਦਾ ਪ੍ਰਸਤਾਵ ਹੈ।

ਨਵੀਆਂ ਨਿਰਮਾਣ ਕੰਪਨੀਆਂ ਜੋ 1 ਮਾਰਚ 2016 ਜਾਂ ਇਸ ਤੋਂ ਬਾਅਦ ਹੋਂਦ ਵਿੱਚ ਆਉਣਗੀਆਂ, ਉਨ੍ਹਾਂ ਉਤੇ 25 ਪ੍ਰਤਿਸ਼ਤ+ਸਰਚਾਰਜ ਅਤੇ ਸੈੱਸ ਲਾਉਣ ਦਾ ਪ੍ਰਸਤਾਵ ਹੈ, ਬਸ਼ਰਤੇ ਕਿ ਉਹ ਮੁਨਾਫ਼ਾ ਜਾਂ ਨਿਵੇਸ਼ ਨਾਲ ਸਬੰਧਿਤ ਕੋਈ ਛੋਟ ਨਾ ਲੈ ਰਹੇ ਹੋਣ। ਦੀਨ ਦਿਆਲ ਉਪਾਧਿਆਏ ਗ੍ਰਾਮੀਣ ਕੌਸ਼ਲ ਯੋਜਨਾ ਅਤੇ ਹੁਨਰ ਵਿਕਾਸ ਅਤੇ ਉੱਦਮਤਾ ਮੰਤਰਾਲੇ ਵਲੋਂ ਮਾਨਤਾ ਪ੍ਰਾਪਤ ਸਮੀਖਿਆ ਸੰਸਥਾਵਾਂ ਵਲੋਂ ਦਿੱਤੀਆਂ ਜਾਣ ਵਾਲੀਆਂ ਸੇਵਾਵਾਂ ਨੂੰ ਛੋਟ ਦੇਣ ਦਾ ਪ੍ਰਸਤਾਵ ਹੈ।

ਪ੍ਰਚੂਨ ਖੇਤਰ, ਸੇਵਾ ਖੇਤਰ ਦਾ ਸਭ ਤੋਂ ਵੱਡਾ ਰੋਜ਼ਗਾਰ ਦਾਤਾ ਹੈ। ਸਰਕਾਰ ਦਾ ਮਤ ਹੈ ਕਿ ਇਸ ਖੇਤਰ ਵਿੱਚ ਹੋਰ ਬਹੁਤ ਸਾਰੀਆਂ ਨੌਕਰੀਆਂ ਪੈਦਾ ਕੀਤੀਆਂ ਜਾ ਸਕਦੀਆਂ ਹਨ, ਬਸ਼ਰਤੇ ਕਿ ਨਿਯਮਾਂ ਨੂੰ ਸਰਲ ਕਰ ਦਿੱਤਾ ਜਾਵੇ।

ਵਿੱਤ ਮੰਤਰੀ ਨੇ ਕਿਹਾ ਕਿ ਜੇ ਸ਼ਾਪਿੰਗ ਮਾਲ ਹਫ਼ਤੇ ਦੇ ਸੱਤ ਦਿਨ ਖੁੱਲ੍ਹੇ ਰਹਿ ਸਕਦੇ ਹਨ ਤਾਂ ਛੋਟੀਆਂ ਅਤੇ ਦਰਮਿਆਨੀਆਂ ਦੁਕਾਨਾਂ ਅਜਿਹਾ ਕਿਉਂ ਨਹੀਂ ਕਰ ਸਕਦੀਆਂ? ਇਨ੍ਹਾਂ ਦੁਕਾਨਾਂ ਨੂੰ ਸਵੈ-ਇੱਛਾ ਨਾਲ ਹਫ਼ਤੇ ਦੇ ਸੱਤ ਦਿਨ ਖੁੱਲ੍ਹੇ ਰਹਿਣ ਦਾ ਬਦਲ ਦੇਣਾ ਚਾਹੀਦਾ ਹੈ ਜਿਥੇ ਕਰਮਚਾਰੀਆਂ ਦੀਆਂ ਹਫ਼ਤਾਵਾਰੀ ਛੁੱਟੀਆਂ ਅਤੇ ਪ੍ਰਤਿ ਦਿਨ ਕੰਮ ਦੇ ਘੰਟਿਆਂ ਪ੍ਰਤੀ, ਕਾਮਿਆਂ ਦੇ ਹੱਕ ਦੀ ਪੂਰੀ ਰਾਖੀ ਕੀਤੀ ਜਾਵੇ। ਸਰਕਾਰ ਦੁਕਾਨਾਂ ਤੇ ਸੰਸਥਾਨਾਂ ਬਾਰੇ ਇਕ ਨਮੂਨੇ ਦਾ ਬਿੱਲ ਵੰਡਣ ਦਾ ਪ੍ਰਸਤਾਵ ਰੱਖਦੀ ਹੈ ਜਿਸ ਨੂੰ ਰਾਜਾਂ ਵਲੋਂ ਸਵੈ-ਇੱਛਾ ਨਾਲ ਅਪਣਾਇਆ ਜਾ ਸਕਦਾ ਹੈ।

ਭਾਰਤ, ਜਿਸ ਦੀ 65 ਪ੍ਰਤਿਸ਼ਤ ਜਨਸੰਖਿਆ 35 ਸਾਲ ਤੋਂ ਘੱਟ ਉਮਰ ਦੀ ਹੈ, ਵਿੱਚ ਸਰਕਾਰ ਨੌਕਰੀਆਂ ਪੈਦਾ ਕਰਨ ਲਈ ਸਾਰੇ ਹੀਲੇ-ਵਸੀਲੇ ਕਰ ਰਹੀ ਹੈ ਪਰ ਬੇਸ਼ੁਮਾਰ ਬੇਰੋਜ਼ਗਾਰ ਨੌਜਵਾਨਾਂ ਨੂੰ ਜਜ਼ਬ ਕਰਨ ਲਈ ਵਿਸ਼ਾਲ ਵਾਤਾਵਰਨ ਬਣਾਉਣਾ ਇਕ ਵੱਡੀ ਚੁਣੌਤੀ ਹੈ ਜਿਸ ਲਈ ਲੋੜੀਂਦੀ ਥਾਂ ਅਤੇ ਸਮਾਂ ਚਾਹੀਦਾ ਹੈ।

ਬਜਟ ਵਿੱਚ ਕਰਮਚਾਰੀ ਭਵਿੱਖ ਕੋਸ਼ (ਈ ਪੀ ਪੀ) ਉੱਤੇ ਵਿਆਜ ਲਾਏ ਜਾਣ ਦੇ ਪ੍ਰਸਤਾਵ ਨੇ ਹਜ਼ਾਰਾਂ ਲੱਖਾਂ ਕਰਮਚਾਰੀਆਂ ਦੇ ਮਨਾਂ ਵਿੱਚ ਸ਼ੰਕਾ ਭਰ ਦਿੱਤੀ ਸੀ, ਪਰ ਇਸ ਨੂੰ ਹੁਣ ਵਾਪਸ ਲਿਆ ਜਾ ਰਿਹਾ ਹੈ। ਇਹ ਇਕ ਵਧੀਆ ਗੱਲ ਹੈ ਜੋ ਕਾਮਿਆਂ ਲਈ ਸਿਹਤਮੰਦ ਵਾਤਾਵਰਨ ਸਿਰਜਣ ਵਿੱਚ ਸਹਾਈ ਹੋਵੇਗੀ, ਕਿਉਂਕਿ ਕਾਮੇ ਉਦਯੋਗਾਂ ਦੀ ਰੀੜ੍ਹ ਹੁੰਦੇ ਹਨ।

ਵਿੱਤ ਮੰਤਰੀ ਨੇ ਕਿਹਾ ਕਿ ਵਿਆਜ ਲਾਉਣ ਦਾ ਪ੍ਰਸਤਾਵ, ਭਵਿੱਖ ਕੋਸ਼ ਦੇ ਗਾਹਕਾਂ ਨੂੰ ਪੈਨਸ਼ਨ ਸਕੀਮਾਂ ਵਿੱਚ ਨਿਵੇਸ਼ ਲਈ ਉਤਸ਼ਾਹਿਤ ਕਰਨ ਵਾਸਤੇ ਲਿਆਂਦਾ ਗਿਆ ਸੀ ਤਾਂ ਜੋ ਸੇਵਾ ਮੁਕਤ ਹੋਣ ਤੋਂ ਬਾਅਦ ਦਾ ਜੀਵਨ ਹੋਰ ਸੁਰੱਖਿਅਤ ਕੀਤਾ ਜਾ ਸਕੇ। ਪਰ, ਅਨੇਕ ਸੰਸਦ ਮੈਂਬਰਾਂ ਅਤੇ ਬਹੁਤ ਸਾਰੇ ਸੰਗਠਨਾਂ ਵਲੋਂ ਸ਼ਿਕਾਇਤਾਂ ਮਿਲਣ ਤੋਂ ਬਾਅਦ ਉਨ੍ਹਾਂ ਵਲੋਂ ਇਹ ਪ੍ਰਸਤਾਵ ਵਾਪਸ ਲੈ ਲਿਆ ਗਿਆ। ਪਰ, ਉਨ੍ਹਾਂ ਸਾਫ਼ ਕੀਤਾ ਕਿ ਰਾਸ਼ਟਰੀ ਪੈਨਸ਼ਨ ਸਕੀਮ ਬਾਰੇ ਟੈਕਸ ਪ੍ਰਸਤਾਵ ਬਰਕਰਾਰ ਰਹੇਗਾ। ਕੇਂਦਰੀ ਬਜਟ ਵਿੱਚ ਪ੍ਰਸਤਾਵਿਤ ਕੀਤਾ ਗਿਆ ਸੀ ਕਿ 1 ਅਪ੍ਰੈਲ 2016 ਤੋਂ, ਕਰਮਚਾਰੀ ਭਵਿੱਖ ਕੋਸ਼ ਖਾਤੇ ਵਿੱਚ ਜਮ੍ਹਾਂ 60 ਪ੍ਰਤਿਸ਼ਤ ਰਕਮ ਕਢਵਾਉਣ ਉਤੇ ਟੈਕਸ ਲਾਇਆ ਜਾਵੇਗਾ ਜਦ ਕਿ 40 ਪ੍ਰਤਿਸ਼ਤ ਟੈਕਸ ਮੁਕਤ ਹੋਵੇਗੀ।

ਸਰਕਾਰ ਅਗਲੇ 5 ਸਾਲਾਂ ਵਿੱਚ ਕਿਸਾਨਾਂ ਦੀ ਆਮਦਨ ਦੋ ਗੁਣਾਂ ਕਰਨ, ਦਿਹਾਤੀ ਰੋਜ਼ਗਾਰ ਅਤੇ ਬੁਨਿਆਦੀ ਢਾਂਚਾ, ਸਿਹਤ ਸੰਭਾਲ, ਸਿੱਖਿਆ, ਹੁਨਰ ਅਤੇ ਨੌਕਰੀ ਨਿਰਮਾਣ, ਬੁਨਿਆਦੀ ਢਾਂਚਾ ਤੇ ਨਿਵੇਸ਼, ਵਿੱਤੀ ਖੇਤਰ ਦੇ ਸੁਧਾਰ ਸ਼ਾਸਨ ਅਤੇ ਵਪਾਰ ਕਰਨ ਦੀ ਸੌਖ, ਵਿੱਤੀ ਅਨੁਸ਼ਾਸਨ ਅਤੇ ਕਰ ਸੁਧਾਰਾਂ ਜਿਹੇ ਕਦਮਾਂ ਨਾਲ ਭਾਰਤ ਨੂੰ ਬਦਲਣ ਦਾ ਟੀਚਾ ਰੱਖਦੀ ਹੈ।

*(ਲੇਖਕ ਸੀਨੀਅਰ ਪੱਤਰਕਾਰ ਅਤੇ ਪ੍ਰੈੱਸ ਕੌਂਸਲ ਆਫ਼ ਇੰਡੀਆ ਦੇ ਸਾਬਕਾ ਮੈਂਬਰ ਹਨ)*

*e-mail :neerajb57@gmail.com*

# ਪੇਂਡੂ ਬੁਨਿਆਦੀ ਢਾਂਚਾ ਅਤੇ ਬਿਜਲੀਕਰਨ : ਕੇਂਦਰੀ ਬਜਟ 2016-17 ਦੀ ਸਮੀਖਿਆ

ਹਿਰਨਮੋਏ ਰੌਏ, ਅਨਿਲ ਕੁਮਾਰ, ਪ੍ਰਸੁਮ ਦਿਵੇਦੀ

ਭਾਰਤੀ ਆਰਥਿਕਤਾ ਲਗਭਗ 7 ਪ੍ਰਤਿਸ਼ਤ ਦੀ ਸਥਿਰ ਗਤੀ ਨਾਲ ਵਿਕਸਤ ਹੁੰਦੀ ਰਹੀ ਹੈ। ਇਸ ਗੱਲ ਨੂੰ ਅੰਤਰਰਾਸ਼ਟਰੀ ਵਿੱਤੀ ਫੰਡ (ਆਈ ਐੱਮ ਐੱਫ) ਵਲੋਂ ਵੀ ਮਨਜ਼ੂਰ ਕੀਤਾ ਗਿਆ ਹੈ ਜਿਸ ਨੇ ਧੀਮੀ ਹੋ ਰਹੀ ਵਿਸ਼ਵ ਆਰਥਿਕਤਾ ਦੇ ਵਿੱਚ ਭਾਰਤ ਨੂੰ 'ਆਸ ਦੀ ਕਿਰਨ' ਕਹਿ ਕੇ ਵਡਿਆਇਆ ਹੈ। ਵਿਸ਼ਵ ਆਰਥਿਕਤਾ 2014 ਦੇ 3.4 ਪ੍ਰਤਿਸ਼ਤ ਦੇ ਮੁਕਾਬਲੇ 2015 ਵਿੱਚ 3.1 ਪ੍ਰਤਿਸ਼ਤ ਦੀ ਦਰ ਨਾਲ ਵਿਕਸਤ ਹੋਈ ਹੈ। ਘਰੇਲੂ ਜਜ਼ਬੀਕਰਨ ਦੇ ਸਿਰ 'ਤੇ ਭਾਰਤ ਦੀ ਵਿਕਾਸ ਦੀ ਗਾਥਾ ਹਾਂ-ਪੱਖੀ ਰਹੀ ਹੈ ਅਤੇ ਦੇਸ਼ ਨੇ 2015-16 ਵਿੱਚ ਵੀ ਆਰਥਿਕ ਵਿਕਾਸ ਦੀ ਵਿਸ਼ਾਲ ਤੇ ਸਥਿਰ ਰਫ਼ਤਾਰ ਬਣਾਈ ਰੱਖੀ ਹੈ, ਜਿਵੇਂ ਕਿ 2014-15 ਵਿੱਚ ਵੀ ਸੀ।

*ਭਾਵੇਂ ਕਿ ਕਈਆਂ ਦੀ ਆਸ ਮੁਤਾਬਕ ਹਾਲ ਹੀ ਵਿੱਚ ਐਲਾਨੀ ਬਜਟ ਯੋਜਨਾ, 'ਵੱਡਾ ਧਮਾਕਾ' ਹੋ ਸਕਦੀ ਹੈ। ਖੇਤੀ ਅਤੇ ਦਿਹਾਤੀ ਖੇਤਰ, ਸਮਾਜਕ ਖੇਤਰ, ਬੁਨਿਆਦੀ ਢਾਂਚਾ ਖੇਤਰ, ਰੁਜ਼ਗਾਰ ਨਿਰਮਾਣ ਅਤੇ ਬੈਂਕਾਂ ਦੇ ਪੁਨਰ ਪੂੰਜੀਕਰਨ ਜਿਹੇ ਪ੍ਰਾਥਮਿਕ ਖੇਤਰਾਂ ਵਿੱਚ ਖਰਚ ਨੂੰ ਵਧਾਉਣ ਉਤੇ ਧਿਆਨ ਕੇਂਦਰਿਤ ਕੀਤਾ ਗਿਆ ਹੈ। ਬੇਸ਼ੱਕ, ਇਸ ਐਲਾਨ ਨਾਲ ਭਾਰਤ ਸਰਕਾਰ ਇਹ ਦਰਸਾਉਣ ਲਈ ਸਪੱਸ਼ਟ ਤੌਰ ਤੇ ਪ੍ਰਮੁੱਖਤਾ ਵਾਲੇ ਕਦਮ ਚੁੱਕ ਰਹੀ ਹੈ ਕਿ ਪੁਰਾਣੇ ਵਾਅਦਿਆਂ ਨੂੰ ਨਿਭਾਉਣ ਅਤੇ ਲੰਬਿਤ ਪਈਆਂ ਬੁਨਿਆਦੀ ਢਾਂਚਾ ਯੋਜਨਾਵਾਂ ਨੂੰ ਪੂਰਾ ਕਰਨ ਲਈ ਇਹ ਵੱਡੇ ਬਦਲਾਅ ਕਰਨ ਦੀ ਇੱਛੁਕ ਹੈ।*

## 2016-17 : ਦ੍ਰਿਸ਼ਟੀ

ਅਗਲੇ ਵਿੱਤੀ ਸਾਲ ਲਈ ਦੇਸ਼ ਦੇ ਖਰਚ ਬਾਰੇ ਇਹ ਬਜਟ ਸਮੁੱਚੀ ਰੂਪ-ਰੇਖਾ ਪ੍ਰਦਾਨ ਕਰਦਾ ਹੈ। ਆਮ ਤੌਰ ਤੇ ਬਜਟ ਦਾ ਆਰਥਿਕਤਾ ਉਤੇ ਲੰਬੇ ਸਮੇਂ ਦਾ ਪ੍ਰਭਾਵ ਪੈਂਦਾ ਹੈ ਕਿਉਂਕਿ ਆਉਣ ਵਾਲੇ ਸਾਲ ਲਈ ਸਰਕਾਰ ਵਲੋਂ ਕੀਤਾ ਜਾਣ ਵਾਲਾ ਖਰਚ ਨਿਵੇਸ਼ਕਾਂ ਤੇ ਦੂਜੀਆਂ ਧਿਰਾਂ ਨੂੰ ਚਰਚਾ ਹੇਠਲੇ ਵਿੱਤੀ ਸਾਲ ਬਾਰੇ ਇਕ ਵਿਚਾਰ ਪ੍ਰਦਾਨ ਕਰਦਾ ਹੈ। ਚਰਚਾ ਹੇਠਲਾ ਬਜਟ (2016-17) ਵਿਕਾਸ ਤੇ ਤਰੱਕੀ ਦੇ ਮਸੌਦੇ ਦੇ ਨੌਂ ਬੁਨਿਆਦੀ ਥੰਮ੍ਹਾਂ ਬਾਰੇ ਰੋਸ਼ਨੀ ਪਾਉਂਦਾ ਹੈ :

- ਖੇਤੀ ਅਤੇ ਕਿਸਾਨ ਭਲਾਈ।
- ਦਿਹਾਤੀ ਖੇਤਰ, ਜਿਸ ਵਿੱਚ ਜ਼ਿਆਦਾ ਜ਼ੋਰ ਪੇਂਡੂ ਰੁਜ਼ਗਾਰ ਅਤੇ ਬੁਨਿਆਦੀ ਢਾਂਚੇ ਉਤੇ ਹੈ।
- ਸਮਾਜਿਕ ਖੇਤਰ, ਜਿਸ ਵਿੱਚ ਸਿਹਤ ਸੰਭਾਲ ਸ਼ਾਮਲ ਹੈ।
- ਸਿੱਖਿਆ ਅਤੇ ਹੁਨਰ ਦਾ ਵਿਕਾਸ।
- ਬੁਨਿਆਦੀ ਢਾਂਚਾ ਤੇ ਨਿਵੇਸ਼।
- ਵਿੱਤੀ ਖੇਤਰ ਦੇ ਸੁਧਾਰ।
- ਸ਼ਾਸਨ ਅਤੇ ਵਪਾਰ ਕਰਨ ਦੀ ਸੌਖ।
- ਵਿੱਤੀ ਅਨੁਸ਼ਾਸਨ।
- ਕਰ ਸੁਧਾਰ।

## ਬੁਨਿਆਦੀ ਢਾਂਚਾ ਖੇਤਰ ਦੀ ਭੂਮਿਕਾ

ਵਿਕਾਸ ਤੇ ਤਰੱਕੀ ਲਈ ਬੁਨਿਆਦੀ ਢਾਂਚਾ ਕਿਸੇ ਵੀ ਆਰਥਿਕਤਾ ਦੀ ਰੀੜ੍ਹ ਦੀ ਹੱਡੀ ਰਿਹਾ ਹੈ। ਸੰਯੁਕਤ ਰਾਜ ਅਮਰੀਕਾ ਦੇ 42ਵੇਂ ਰਾਸ਼ਟਰਪਤੀ ਵਿਲੀਅਮ ਜੇ.ਕਲਿੰਟਨ ਨੇ ਇਕ ਵਾਰੀ ਕਿਹਾ ਸੀ, ''ਇਹ ਸਪੱਸ਼ਟ ਹੈ ਕਿ ਵਧਦੇ ਬਰਾਬਰੀ ਦੇ ਮੌਕੇ ਅਤੇ ਆਰਥਿਕ ਸ਼ਕਤੀਕਰਨ ਨੈਤਿਕ ਅਤੇ ਚੰਗਾ ਅਰਥਸ਼ਾਸਤਰ - ਦੋਹੇਂ ਨੈਤਿਕ ਤੌਰ ਤੇ ਠੀਕ ਹਨ ਕਿਉਂਕਿ ਵਿਤਕਰਾ, ਗਰੀਬੀ ਅਤੇ ਅਗਿਆਨਤਾ ਵਿਕਾਸ ਦੇ ਰਾਹ ਦਾ ਰੋੜਾ ਬਣਦੇ ਹਨ ਜਦ ਕਿ ਸਿੱਖਿਆ, ਬੁਨਿਆਦੀ ਢਾਂਚਾ ਅਤੇ ਸਾਇੰਸ ਅਤੇ ਤਕਨਾਲੋਜੀ ਸ਼ੋਧ ਵਿੱਚ ਨਿਵੇਸ਼ ਇਸ ਨੂੰ ਵਾਧੇ ਵੱਲ ਲੈ ਕੇ ਜਾਂਦੇ ਹਨ। ਇਸ ਨਾਲ ਸਾਡੇ ਸਾਰਿਆਂ ਵਾਸਤੇ ਚੰਗੀਆਂ ਨੌਕਰੀਆਂ ਅਤੇ ਨਵੀਂ ਦੌਲਤ ਪੈਦਾ ਹੁੰਦੀ ਹੈ।" ਇਹ ਅੱਜ ਦੇ ਭਾਰਤੀ ਸੰਦਰਭ ਵਿੱਚ ਬਿਲਕੁੱਲ ਸਹੀ ਬਹਿੰਦਾ ਹੈ। ਜਿਥੇ ਬੁਨਿਆਦੀ ਢਾਂਚਾ ਨਾ ਕੇਵਲ ਅਹਿਮ ਹੋ ਗਿਆ ਹੈ, ਸਗੋਂ ਭਵਿੱਖ, ਖ਼ਾਸ ਕਰਕੇ ਦਿਹਾਤੀ ਖੇਤਰਾਂ ਲਈ ਇਕ ਲੋੜ ਵੀ ਹੋ ਨਿਬੜਿਆ ਹੈ ਜੋ 2016 ਦੇ ਕੇਂਦਰੀ ਬਜਟ ਵਿੱਚ ਸਾਫ਼ ਤੌਰ ਤੇ ਦਿਸ ਰਿਹਾ ਹੈ। ਆਉਣ ਵਾਲੇ ਵਿੱਤੀ ਸਾਲ ਲਈ ਇਸ ਬਜਟ ਵਿੱਚ ਬੁਨਿਆਦੀ ਢਾਂਚਾ ਖੇਤਰ ਦੀ ਭੂਮਿਕਾ ਨੂੰ ਛੁਟਿਆ ਕੇ ਨਹੀਂ ਦੇਖਿਆ ਜਾ ਸਕਦਾ ਜੋ ਬਜਟ ਵਿੱਚ ਇਕ ਅਹਿਮ ਭੂਮਿਕਾ ਅਦਾ ਕਰਦਾ ਹੈ। ਰੇਲਵੇ, ਰੋਡਵੇਜ਼ ਅਤੇ ਦੂਜੇ ਬੁਨਿਆਦੀ ਢਾਂਚਾ ਖੇਤਰਾਂ ਲਈ ਕੁੱਲ ਮਿਲਾ ਕੇ 2.21 ਲੱਖ ਕਰੋੜ ਦੀ ਵਿੱਤੀ ਵੰਡ ਕੀਤੀ ਗਈ ਹੈ। ਬੁਨਿਆਦੀ ਢਾਂਚੇ ਦੀ ਭੂਮਿਕਾ ਲਾਜ਼ਮੀ ਹੈ ਕਿਉਂਕਿ ਸਾਰੇ ਖੇਤਰਾਂ ਨੂੰ ਵਿਕਾਸ ਲਈ ਮੁਢਲੇ ਬੁਨਿਆਦੀ ਢਾਂਚੇ ਵਿੱਚ ਸੁਧਾਰ ਦੀ ਜ਼ਰੂਰਤ ਹੁੰਦੀ ਹੈ।

## ਭੌਤਿਕ ਬੁਨਿਆਦੀ ਢਾਂਚੇ ਲਈ ਬਜਟ

ਕੁੱਲ ਘਰੇਲੂ ਉਤਪਾਦ ਦਾ ਲਗਭਗ 10 ਪ੍ਰਤਿਸ਼ਤ ਬੁਨਿਆਦੀ ਢਾਂਚਾ ਖੇਤਰ ਦੇ ਨਿਰਮਾਣ ਤੋਂ ਆਉਂਦਾ ਹੈ ਜਿਸ ਲਈ ਪੰਜ ਸਾਲਾਂ ਵਿੱਚ 1 ਟ੍ਰਿਲੀਅਨ ਨਿਵੇਸ਼ ਦੀ ਜ਼ਰੂਰਤ ਹੁੰਦੀ ਹੈ। ਇਸ

ਵਿੱਚੋਂ ਅੱਧਾ ਨਿੱਜੀ ਖੇਤਰ ਨਿਵੇਸ਼ ਤੋਂ ਆਉਣਾ ਚਾਹੀਦਾ ਹੈ। ਇਸ ਕਰਕੇ ਬਜਟ ਉਨ੍ਹਾਂ ਲਈ ਅਹਿਮ ਹੈ। ਵਾਧੂ ਕਰ ਅਤੇ ਵਿਆਜ ਲਾਭ ਨਾਲ ਮਕਾਨ ਉਸਾਰੀ ਖੇਤਰ ਦਾ ਪੁਨਰ ਜਾਗਰਣ ਹੋ ਸਕਦਾ ਹੈ।

## ਸੜਕ ਖੇਤਰ

ਸੜਕ ਖੇਤਰ ਲਈ 97,000 ਕਰੋੜ ਰੁਪਏ ਦੀ ਕੁੱਲ ਵੰਡ ਕੀਤੀ ਗਈ ਸੀ। ਸਰਕਾਰ ਵਲੋਂ 55,000 ਕਰੋੜ ਰੁਪਏ ਦਿੱਤੇ ਗਏ ਸਨ, ਜਦ ਕਿ ਨੈਸ਼ਨਲ ਹਾਈਵੇ ਅਥਾਰਟੀ ਆਫ ਇੰਡੀਆ 15,000 ਕਰੋੜ ਰੁਪਏ ਦੇ ਕਰ ਮੁਕਤ ਬਾਂਡ ਜਾਰੀ ਕਰ ਸਕਦਾ ਹੈ। ਇਸ ਰਕਮ ਵਿੱਚ ਉਹ 27,000 ਕਰੋੜ ਰੁਪਏ ਵੀ ਸ਼ਾਮਲ ਹਨ ਜੋ ਪ੍ਰਧਾਨ ਮੰਤਰੀ ਗ੍ਰਾਮ ਸੜਕ ਯੋਜਨਾ ਤਹਿਤ ਪੇਂਡੂ ਸੜਕਾਂ ਲਈ ਰਾਜ ਸਰਕਾਰਾਂ ਵਲੋਂ ਹਿੱਸਾ ਪਾਇਆ ਗਿਆ ਸੀ।

ਬੁਨਿਆਦੀ ਢਾਂਚੇ ਲਈ ਇਕ ਨਵੀਂ ਕਰਜ਼ਾ ਦਰਜਾਬੰਦੀ ਪ੍ਰਣਾਲੀ ਵਿਕਸਤ ਕੀਤੀ ਜਾਣੀ ਚਾਹੀਦੀ ਹੈ ਤਾਂ ਕਿ ਸੌਖੀ ਵਿੱਤੀ ਪ੍ਰਣਾਲੀ ਲਈ ਬੁਨਿਆਦੀ ਢਾਂਚਾ ਯੋਜਨਾਵਾਂ ਦੀ ਦਰਜਾਬੰਦੀ ਕੀਤੀ ਜਾ ਸਕੇ। ਸਰਕਾਰ ਨੇ ਇਹ ਵੀ ਨੀਯਤ ਕੀਤਾ ਹੈ ਕਿ 2016–17 ਵਿੱਤੀ ਸਾਲ ਦੌਰਾਨ 10,000 ਕਿਲੋਮੀਟਰ ਸੜਕਾਂ ਦਾ ਨਿਰਮਾਣ ਕੀਤਾ ਜਾਵੇਗਾ ਅਤੇ 10,000 ਕਿਲੋਮੀਟਰ ਸੜਕਾਂ ਦੇ ਨਿਰਮਾਣ ਲਈ ਮਨਜ਼ੂਰੀ ਵੀ ਦਿੱਤੀ ਜਾਵੇਗੀ। ਮੋਟਰ ਵਹੀਕਲ ਐਕਟ ਵਿੱਚ ਸੋਧ ਤੋਂ ਬਾਅਦ "ਸੜਕਾਂ ਉਤੇ ਯਾਤਰੀਆਂ ਦੀ ਆਵਾਜਾਈ" ਉਤੇ ਕਾਬੂ ਪਾਉਣ ਲਈ ਇਕ ਨਵਾਂ ਸੁਧਾਰ ਵੀ ਲਿਆਂਦਾ ਜਾਵੇਗਾ। ਇਹ ਸੁਧਾਰ ਉੱਦਮੀਆਂ ਨੂੰ, ਕੁਸ਼ਲਤਾ ਅਤੇ ਸੁਰੱਖਿਆ ਨੇਮਾਂ ਦੀ ਸ਼ਰਤ ਉਤੇ, ਕੁੱਝ ਖ਼ਾਸ ਮਾਰਗਾਂ ਉਤੇ ਸੇਵਾਵਾਂ ਦੇਣ ਦੀ ਇਜਾਜ਼ਤ ਦੇਵੇਗਾ।

ਪੈਟਰੋਲ, ਐਲ ਪੀ ਜੀ, ਸੀ ਐੱਨ ਜੀ ਨਾਲ ਚੱਲਣ ਵਾਲੀਆਂ ਛੋਟੀਆਂ ਕਾਰਾਂ ਉਤੇ 1 ਪ੍ਰਤਿਸ਼ਤ, ਖ਼ਾਸ ਸਮਰੱਥਾ ਵਾਲੀਆਂ ਡੀਜ਼ਲ ਕਾਰਾਂ ਉਤੇ 2.5 ਪ੍ਰਤਿਸ਼ਤ ਅਤੇ ਦੂਜੇ ਉੱਚ ਸਮਰੱਥਾ ਇੰਜਨ ਵਾਲੇ ਵਾਹਨਾਂ ਅਤੇ ਐੱਸ ਯੂ ਵੀ ਉਤੇ 4 ਪ੍ਰਤਿਸ਼ਤ ਬੁਨਿਆਦੀ ਢਾਂਚਾ ਸੈੱਸ ਲਾਇਆ ਜਾਣਾ ਚਾਹੀਦਾ ਹੈ। ਇਹ ਸੈੱਸ ਵਾਪਸ ਨਹੀਂ ਮਿਲ ਸਕੇਗਾ ਨਾ ਹੀ ਕਿਸੇ ਦੂਜੇ ਕਰ ਨੂੰ ਇਹ ਸੈੱਸ ਅਦਾ ਕਰਨ ਲਈ ਵਰਤਿਆ ਜਾ ਸਕੇਗਾ। ਇਸ ਨਾਲ ਪੈਟਰੋਲ, ਐੱਲ ਪੀ ਜੀ, ਸੀ ਐੱਨ ਜੀ ਅਤੇ ਬਿਜਲੀ ਨਾਲ ਚੱਲਣ ਵਾਲੇ ਵਾਹਨਾਂ ਨੂੰ ਉਤਸਾਹ ਮਿਲੇਗਾ।

## ਬਿਜਲੀ ਅਤੇ ਊਰਜਾ ਖੇਤਰ

ਦੇਸ਼ ਦੇ ਕਿਸੇ ਵੀ ਸੰਸਥਾਨ ਲਈ ਬਿਜਲੀ ਅਤੇ ਊਰਜਾ ਖੇਤਰ ਬੁਨਿਆਦੀ ਢਾਂਚੇ ਦਾ ਕੰਮ ਕਰਦੇ ਹਨ ਕਿਉਂਕਿ ਬਿਜਲੀ ਅਤੇ ਊਰਜਾ ਦੇਸ਼ ਦੇ ਕਿਸੇ ਵੀ ਸੰਸਥਾਨ ਲਈ ਲਾਜ਼ਮੀ ਹਨ। ਬਜਟ ਵਿੱਚ ਜ਼ਿਕਰ ਹੈ ਕਿ ਸਰਕਾਰ ਨੇ ਦੋ ਦਹਾਕਿਆਂ ਵਿੱਚ ਕੋਲਾ ਉਤਪਾਦਨ ਦਾ ਉੱਚ ਪੱਧਰ ਹਾਸਲ ਕਰ ਲਿਆ ਹੈ, ਬਿਜਲੀ ਉਤਪਾਦਨ ਵਿੱਚ ਉੱਚ ਸਮਰੱਥਾ ਹਾਸਲ ਕੀਤੀ ਹੈ, ਟਰਾਂਸਮਿਸ਼ਨ ਲਾਈਨਾਂ ਅਤੇ ਐੱਲ ਈ ਡੀ ਬਲਬ ਵੰਡਣ ਵਿੱਚ ਸਭ ਤੋਂ ਵੱਡਾ ਵਾਧਾ ਹਾਸਲ ਕੀਤਾ ਹੈ।

## ਪੇਂਡੂ ਬਿਜਲੀਕਰਨ ਅਤੇ ਨਵਿਆਉਣਯੋਗ ਊਰਜਾ

1 ਅਪ੍ਰੈਲ, 2015 ਤੱਕ ਕੁੱਲ 18542 ਪਿੰਡ ਬਿਜਲੀ ਤੋਂ ਵਾਂਝੇ ਸਨ। ਪ੍ਰਧਾਨ ਮੰਤਰੀ ਨੇ ਦੇਸ਼ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਬਾਕੀ ਰਹਿੰਦੇ ਪਿੰਡਾਂ ਨੂੰ ਵੀ 1000 ਦਿਨਾਂ ਵਿੱਚ ਬਿਜਲੀ ਦੇ ਦਿੱਤੀ ਜਾਵੇਗੀ। ਪਰ, ਮਈ 2018 ਤੱਕ ਸਰਕਾਰ ਦਾ 100 ਪ੍ਰਤਿਸ਼ਤ ਪੇਂਡੂ ਬਿਜਲੀਕਰਨ ਦਾ ਅਹਿਦ, ਦੀਨ ਦਿਆਲ ਗ੍ਰਾਮੀਣ ਬਿਜਲੀਕਰਨ ਯੋਜਨਾ ਅਤੇ ਏਕੀਕ੍ਰਿਤ ਬਿਜਲੀ ਵਿਕਾਸ ਯੋਜਨਾ ਲਈ ਜ਼ਿਆਦਾ ਵਿੱਤ ਪ੍ਰਦਾਨ ਕਰਨ, ਜੋ ਊਰਜਾ ਦੀ ਮੰਗ ਅਤੇ ਕੁੱਲ ਖਰੀਦ ਨੂੰ ਵਧਾ ਦੇਵੇਗਾ। ਇਹ ਉਤਪਾਦਨ ਕੰਪਨੀਆਂ ਦੇ ਪਲਾਂਟ ਲੋਡ ਫੈਕਟਰ ਦੇ ਪੱਧਰ ਵਿੱਚ ਵੀ ਵਾਧਾ ਕਰ ਦੇਵੇਗਾ। 100 ਪ੍ਰਤਿਸ਼ਤ ਪੇਂਡੂ ਬਿਜਲੀਕਰਨ ਦਾ ਟੀਚਾ ਹਾਸਲ ਕਰਨ ਲਈ ਦੀਨ ਦਿਆਲ ਉਪਾਧਿਆਏ ਗ੍ਰਾਮ ਜੋਤੀ ਯੋਜਨਾ ਅਤੇ ਏਕੀਕ੍ਰਿਤ ਬਿਜਲੀ ਵਿਕਾਸ ਸਕੀਮ ਹੇਠ 8500 ਕਰੋੜ ਰੁਪਏ ਪ੍ਰਦਾਨ ਕੀਤੇ ਗਏ ਹਨ। ਨਵਿਆਉਣਯੋਗ ਊਰਜਾ ਦੇ ਬਜਟ ਤੋਂ, ਤੇਜ਼ ਗਤੀ ਨਾਲ ਹੋ ਰਹੇ ਘਾਟੇ, ਜੋ ਮਨਫ਼ੀ ਵਿੱਚ ਸੀ, ਤੋਂ ਪੌਣ ਊਰਜਾ ਪ੍ਰਸ਼ੁਲਕ ਵਿੱਚ ਵਾਧਾ ਹੋ ਜਾਵੇਗਾ, ਖ਼ਾਸ ਕਰਕੇ ਮਾਰਚ 2017 ਤੋਂ ਬਾਅਦ ਸਥਾਪਤ ਕੀਤੇ ਗਏ ਪ੍ਰਾਜੈਕਟਾਂ ਲਈ ਕਰਾਈਆਂ ਜਾਣਗੀਆਂ।

## ਐਟਮੀ ਬਿਜਲੀ

ਇਸ ਬਜਟ ਵਿੱਚ ਅਗਲੇ 15–20 ਸਾਲਾਂ ਵਿੱਚ ਭਾਰਤ ਦੀ ਐਟਮੀ ਬਿਜਲੀ ਸਮਰੱਥਾ ਨੂੰ ਵਿਕਸਤ ਕਰਨ ਦਾ ਟੀਚਾ ਮਿਥਿਆ ਗਿਆ ਹੈ। ਥੋਰੀਅਮ ਦੇ ਅਪਾਰ ਭੰਡਾਰ ਦੇ ਚਲਦਿਆਂ ਇਹ ਭਾਰਤ ਵਿੱਚ ਪ੍ਰਦੂਸ਼ਣ ਮੁਕਤ ਬਿਜਲੀ ਅਤੇ ਬਿਜਲੀ ਦੇ ਸਥਾਈ ਸਰੋਤ ਦੀ ਦਿਸ਼ਾ ਵਿੱਚ ਢੁੱਕਵਾਂ ਕਦਮ ਹੋਵੇਗਾ। ਭਾਰਤ ਵਿੱਚ ਐਟਮੀ ਬਿਜਲੀ ਦੇ ਵਿਕਾਸ ਲਈ 3000 ਕਰੋੜ ਰੁਪਏ ਰਾਖਵੇਂ ਕੀਤੇ ਗਏ ਹਨ।

## ਸਵੱਛ ਊਰਜਾ ਸੈੱਸ

ਇਸ ਦੇ ਨਾਲ ਹੀ ਕੋਲਾ, ਲਿਗਨਾਈਟ ਅਤੇ ਨਰਮ/ਕੱਚੇ ਕੋਲੇ ਉਤੇ ਲੱਗਣ ਵਾਲੇ ਸੈੱਸ ਦਾ ਨਾਮ 'ਸਵੱਛ ਊਰਜਾ ਸੈੱਸ' ਤੋਂ ਬਦਲ ਕੇ 'ਸਵੱਛ ਵਾਤਾਵਰਨ ਸੈੱਸ' ਕਰ ਦਿੱਤਾ ਗਿਆ ਹੈ ਅਤੇ ਇਸ ਦੀ ਦਰ ਵੀ 200 ਰੁਪਏ ਪ੍ਰਤਿ ਟਨ ਤੋਂ ਵਧਾ ਕੇ 400 ਰੁਪਏ ਪ੍ਰਤਿ ਟਨ ਕਰ ਦਿੱਤੀ ਗਈ ਹੈ। ਇਹ ਕੋਲਾ ਅਧਾਰਤ ਬਿਜਲੀ ਪਲਾਂਟ ਲਾਉਣ ਨੂੰ ਠੱਲ੍ਹ ਪਾਵੇਗਾ ਅਤੇ ਬਦਲਵੇਂ ਬਾਲਣ ਸਰੋਤਾਂ ਦੇ ਪਸਾਰ ਵਿੱਚ ਮਦਦ ਕਰੇਗਾ।

## ਤੇਲ ਅਤੇ ਗੈਸ ਖੇਤਰ

ਡੂੰਘੇ ਸਮੁੰਦਰਾਂ ਅਤੇ ਡੂੰਘੇ ਜਲ ਭੰਡਾਰਾਂ ਤੋਂ ਨਵੇਂ ਤੇਲ ਅਤੇ ਗੈਸ ਖੇਤਰਾਂ ਦੀ ਖੋਜ ਦੀ ਵਿਹਾਰਕਤਾ ਵਿੱਚ ਸੁਧਾਰ ਕਰਨ ਲਈ, ਖੋਜ ਨੂੰ ਉਤਸਾਹਿਤ ਕੀਤਾ ਜਾ ਰਿਹਾ ਹੈ। ਇਸ ਨਾਲ ਤੇਲ ਅਤੇ ਗੈਸ ਦਾ ਦੇਸ਼ ਵਿੱਚ ਉਤਪਾਦਨ ਕਰਨ ਲਈ ਜ਼ਿਆਦਾ ਧਿਰਾਂ ਵਿੱਚ ਦਿਲਚਸਪੀ ਪੈਦਾ ਹੋਵੇਗੀ ਜਿਸ ਨਾਲ ਆਰਥਿਕਤਾ ਤੋਂ ਆਯਾਤ ਦਾ ਬੋਝ ਘੱਟ ਹੋਵੇਗਾ ਅਤੇ ਸਾਡੇ ਦੇਸ਼ ਦੇ ਤੇ ਲ ਤੇ ਗੈਸ ਸਰੋਤਾਂ ਦੀ ਹੋਰ ਜ਼ਿਆਦਾ ਮੁਕਾਬਲੇ ਵਾਲੀ ਕੀਮਤ ਨਿਰਧਾਰਤ ਹੋਵੇਗੀ।

## ਜਨਤਕ–ਨਿੱਜੀ ਭਾਈਵਾਲੀ

ਜਨਤਕ–ਨਿੱਜੀ (ਪੀ ਪੀ ਪੀ) ਵਾਈਵਾਲੀ ਦਾ ਮਾਡਲ ਵਰਤਮਾਨ ਬਜਟ ਦਾ ਇਕ ਪ੍ਰਮੁੱਖ ਵਾਹਕ ਹੈ। ਨਿੱਜੀ ਵਿਅਕਤੀਆਂ/ਇਕਾਈਆਂ ਵਲੋਂ ਕੀਤਾ ਜਾਣ ਵਾਲਾ ਨਿਵੇਸ਼ ਅਤੇ ਉਨ੍ਹਾਂ ਦੀ ਮੁਹਾਰਤ ਲੰਮੇ ਸਮੇਂ ਵਿੱਚ ਮੁਕੰਮਲ ਹੋਣ ਵਾਲੇ ਸਾਰੇ ਬੁਨਿਆਦੀ ਢਾਂਚਾ ਪ੍ਰਾਜੈਕਟਾਂ ਦੇ ਤੇਜ਼ੀ ਨਾਲ ਵਿਕਾਸ ਵਿੱਚ ਸਹਾਈ ਹੋ ਸਕਦੇ ਹਨ। ਅਜਿਹਾ ਸਾਰੇ ਖੇਤਰਾਂ ਵਿੱਚ ਹੋ ਸਕਦਾ ਹੈ। ਜਨਤਕ ਨਿੱਜੀ ਭਾਈਵਾਲੀ ਦਾ ਮਾਡਲ ਵਿੱਤੀ ਬੋਝ ਅਤੇ ਜਨਤਕ ਖੇਤਰ ਦੇ ਨਿਵੇਸ਼ ਦੇ ਜੋਖਮ ਨੂੰ ਵੀ ਘੱਟ ਕਰਦਾ ਹੈ ਕਿਉਂਕਿ ਨਿੱਜੀ ਧਿਰਾਂ ਸਸਤਾ ਅਤੇ ਜ਼ਿਆਦਾ

ਕੁਸ਼ਲਤਾ ਨਾਲ ਕੰਮ ਨੇਪਰੇ ਚੜ੍ਹਾ ਸਕਦੀਆਂ ਹਨ। ਭਾਵੇਂ ਕਿ ਜਨਤਕ ਨਿੱਜੀ ਭਾਈਵਾਲੀ ਦਾ ਮਾਡਲ ਹਾਲੇ ਮੁਢਲੀ ਅਵਸਥਾ ਵਿੱਚ ਹੀ ਹੈ, ਭਾਰਤ ਸਰਕਾਰ ਇਸ ਮਾਡਲ ਨੂੰ ਹੋਰ ਲਚੀਲਾ ਤੇ ਵਿਹਾਰਕ ਬਣਾਉਣ ਲਈ ਲੰਮੀਆਂ ਪੁਲਾਂਘਾਂ ਭਰ ਰਹੀ ਹੈ।

## ਜਨਤਕ-ਨਿੱਜੀ ਭਾਈਵਾਲੀਆਂ ਨੂੰ ਪੁਨਰ ਜਾਗਰਿਤ ਕਰਨ ਲਈ ਕਦਮ

ਜਨਤਕ ਸਹੂਲਤ (ਝਗੜਿਆਂ ਦਾ ਨਿਪਟਾਰਾ) ਬਿੱਲ ਨੂੰ 2016-17 ਵਿੱਚ ਪੇਸ਼ ਕੀਤਾ ਜਾਵੇਗਾ :

- ਜਨਤਕ ਨਿੱਜੀ ਭਾਈਵਾਲੀ ਛੋਟ ਸਮਝੌਤੇ ਬਾਰੇ ਪੁਨਰ ਵਿਚਾਰ ਲਈ ਦਿਸ਼ਾ ਨਿਰਦੇਸ਼ ਜਾਰੀ ਕੀਤੇ ਜਾਣਗੇ।
- ਬੁਨਿਆਦੀ ਢਾਂਚਾ ਯੋਜਨਾਵਾਂ ਲਈ ਨਵੀਂ ਕਰਜ਼ਾ ਦਰਜਾਬੰਦੀ ਪ੍ਰਣਾਲੀ ਸ਼ੁਰੂ ਕੀਤੀ ਜਾਵੇਗੀ।

(ਉਪਰ ਦਿੱਤੇ ਜਨਤਕ ਭਾਈਵਾਲੀ ਬਾਰੇ ਬਿੰਦੂ ਜਨਤਕ ਨਿੱਜੀ ਭਾਈਵਾਲੀ ਮਾਡਲ ਉਤੇ ਪੁਨਰ ਵਿਚਾਰ ਅਤੇ ਪੁਨਰ ਜਾਗਰਣ ਬਾਰੇ ਕੇਲਕਰ ਕਮੇਟੀ ਦੀ ਰਿਪੋਰਟ ਦਾ ਹਿੱਸਾ ਹਨ)।

ਜਨਤਕ ਨਿੱਜੀ ਭਾਈਵਾਲੀ ਸਮਝੌਤਿਆਂ ਬਾਰੇ ਪੁਨਰ ਵਿਚਾਰ ਕਰਨ ਲਈ ਪ੍ਰਸਤਾਵਿਤ ਦਿਸ਼ਾ ਨਿਰਦੇਸ਼ ਉਤਪਾਦਨ ਕੰਪਨੀਆਂ ਲਈ ਹਾਂ-ਪੱਖੀ ਕਦਮ ਹੈ ਜੋ ਪਿਛਲੀਆਂ ਬੋਲੀਆਂ ਵਿੱਚ ਦਿੱਤੇ ਗਏ ਗ਼ੈਰ ਵਿਹਾਰਕ ਪ੍ਰਸ਼ੁਲਕਾਂ ਅਤੇ ਲੰਮੇਂ ਸਮੇਂ ਤੱਕ ਚੱਲਣ ਵਾਲੇ ਪ੍ਰਾਜੈਕਟਾਂ ਤੋਂ ਪ੍ਰਭਾਵਿਤ ਹਨ।

- ਬੁਨਿਆਦੀ ਢਾਂਚਾ ਅਤੇ ਬਿਜਲੀ ਖੇਤਰ ਵਿੱਚ ਖਰਚ ਨੂੰ ਹੋਰ ਵਧਾਉਣ ਲਈ ਸਰਕਾਰ ਐੱਨ ਐੱਚ ਏ ਆਈ, ਪੀ ਐੱਫ ਸੀ, ਆਰ ਈ ਸੀ, ਆਈ ਆਰ ਈ ਡੀ ਏ, ਐੱਨ ਏ ਬੀ ਏ ਆਰ ਡੀ ਅਤੇ ਅੰਤਰਦੇਸ਼ੀ ਜਲ ਅਥਾਰਿਟੀ ਵਲੋਂ 2016-17 ਵਿੱਚ ਬਾਂਡ ਜਾਰੀ ਕਰਕੇ ਵਾਧੂ ਵਿੱਤ ਇਕੱਤਰ ਕਰਨ ਦੀ ਆਗਿਆ ਦੇਵੇਗੀ।

## ਝਗੜੇ ਦਾ ਨਿਪਟਾਰਾ

ਵਰਤਮਾਨ ਬਜਟ ਵਿੱਚ ਝਗੜੇ ਦੇ ਨਿਪਟਾਰੇ ਲਈ ਵੱਖਰਾ ਕਾਨੂੰਨੀ ਢਾਂਚਾ ਸ਼ੁਰੂ ਕਰਨ ਦਾ ਸੁਝਾਅ ਦਿੱਤਾ ਗਿਆ ਹੈ। ਇਸ ਨਾਲ ਯੋਜਨਾਵਾਂ ਦੇ ਪੀ ਪੀ ਪੀ ਮਾਡਲ ਅਧੀਨ ਸ਼ਿਕਾਇਤਾਂ ਦੇ ਸਮਾਧਾਨ ਲਈ ਹੋਰ ਲਚੀਲੀ, ਪਾਰਦਰਸ਼ੀ ਅਤੇ ਚੁਸਤ ਪ੍ਰਣਾਲੀ ਵਿਕਸਤ ਕੀਤੀ ਜਾ ਸਕੇਗੀ।

## ਸਿੱਧੇ ਵਿਦੇਸ਼ੀ ਨਿਵੇਸ਼ ਸੰਬੰਧੀ ਨੀਤੀਆਂ

ਸਿੱਧੇ ਵਿਦੇਸ਼ੀ ਨਿਵੇਸ਼ ਸਬੰਧੀ ਨੀਤੀਆਂ ਵਿੱਚ ਬਦਲਾਅ ਕਰਨ ਦਾ ਵੀ ਪ੍ਰਸਤਾਵ ਹੈ। ਫੂਡ ਪ੍ਰਾਸੈਸਿੰਗ ਅਤੇ ਭੰਡਾਰਨ ਉਦਯੋਗ ਵਿੱਚ 100 ਪ੍ਰਤਿਸ਼ਤ ਸਿੱਧੇ ਵਿਦੇਸ਼ੀ ਨਿਵੇਸ਼ ਦੀ ਆਗਿਆ ਦਿੱਤੀ ਜਾਵੇਗੀ ਕਿਉਂਕਿ ਇਸ ਨਾਲ ਸਰਕਾਰ ਨੂੰ ਘੱਟ ਜੋਖ਼ਮ ਤੇ ਸਸਤੀ ਪੂੰਜੀ ਮੁਹੱਈਆ ਹੋ ਸਕੇਗੀ। ਇਹ ਅਨੇਕ ਵਿਦੇਸ਼ੀ ਨਿਵੇਸ਼ਕਾਰਾਂ ਨੂੰ ਵੀ ਆਕਰਸ਼ਿਤ ਕਰੇਗਾ ਜੋ ਭਾਰਤੀ ਆਰਥਿਕਤਾ ਵਿੱਚ ਨਿਵੇਸ਼ ਕਰਨ ਵਿੱਚ ਦਿਲਚਸਪੀ ਰੱਖਦੇ ਹਨ।

## ਖੇਤੀਬਾੜੀ ਬੁਨਿਆਦੀ ਢਾਂਚਾ

ਭਾਰਤ ਦੀ ਲਗਭਗ 50 ਪ੍ਰਤਿਸ਼ਤ ਮਨੁੱਖੀ ਸ਼ਕਤੀ ਖੇਤੀ ਖੇਤਰ ਵਿੱਚ ਰੁਜ਼ਗਾਰ ਅਧੀਨ ਹੈ (ਮੱਛੀ ਪਾਲਣ, ਬਾਗ਼ਬਾਨੀ ਇਸ ਵਿੱਚ ਸ਼ਾਮਲ ਹਨ)। ਖੇਤੀਬਾੜੀ ਖੇਤਰ ਦੇ ਵਿਕਾਸ ਲਈ ਹੇਠ ਲਿਖੇ ਬੁਨਿਆਦੀ ਢਾਂਚੇ ਵਿੱਚ ਸੁਧਾਰ ਕਰਨ ਦੀ ਜ਼ਰੂਰਤ ਹੈ :

- ਅੰਨ ਸੁਰੱਖਿਆ ਲਈ ਭੰਡਾਰਨ ਅਤੇ ਠੰਢੇ ਸਟੋਰਾਂ ਦੇ ਬੁਨਿਆਦੀ ਢਾਂਚੇ ਵਿੱਚ ਸੁਧਾਰ।
- ਉਤਪਾਦਕਤਾ ਵਿੱਚ ਸੁਧਾਰ ਲਈ ਜੈਵਿਕ ਰੂੜੀ ਅਤੇ ਖਾਦਾਂ ਦੀ ਖਰੀਦ।
- ਧਰਤੀ ਹੇਠਲੇ ਪਾਣੀ ਦੀ ਲੋੜ ਨੂੰ ਘੱਟ ਕਰਨ ਲਈ ਸਥਾਈ ਬੁਨਿਆਦੀ ਢਾਂਚੇ ਵਿੱਚ ਸੁਧਾਰ।
- ਸਿੰਜਾਈ ਤੋਂ ਸਖਣੇ ਖੇਤਾਂ ਲਈ ਸਿੰਜਾਈ ਬੁਨਿਆਦੀ ਢਾਂਚੇ ਦਾ ਵਿਕਾਸ।
- ਕਿਸਾਨਾਂ ਦੀ ਸਿੱਧੀ ਆਮਦਨ ਲਈ ਬੁਨਿਆਦੀ ਢਾਂਚੇ ਦੀ ਆਨਲਾਈਨ ਖਰੀਦ ਅਤੇ ਵੇਚ।
- ਇਸ ਬਜਟ ਵਿੱਚ ਰਸਾਇਣਕ ਖਾਦਾਂ ਉਤੇ ਦਿੱਤੀ ਜਾਣ ਵਾਲੀ ਸਬਸਿਡੀ ਸਿੱਧੇ ਬੈਂਕ ਖਾਤਿਆਂ ਵਿੱਚ ਭੇਜਣ ਦਾ ਪ੍ਰਸਤਾਵ ਹੈ।

## ਪੇਂਡੂ ਖੇਤਰ ਲਈ ਬੁਨਿਆਦੀ ਢਾਂਚਾ

ਭਾਰਤ ਦੀ ਕੁੱਲ ਜਨਸੰਖਿਆ ਦਾ 72.2 ਪ੍ਰਤਿਸ਼ਤ ਦਿਹਾਤੀ ਖੇਤਰ ਵਿੱਚ ਵੱਸਦਾ ਹੈ। ਹਾਲੇ ਵੀ ਇਨ੍ਹਾਂ ਲੋਕਾਂ ਵਾਸਤੇ ਬਹੁਤ ਸਾਰੇ ਬੁਨਿਆਦੀ ਢਾਂਚੇ ਉਪਲਬਧ ਨਹੀਂ ਹਨ ਕਿਉਂਕਿ ਸ਼ਹਿਰੀ ਖੇਤਰਾਂ ਤੋਂ ਉਲਟ ਦਿਹਾਤੀ ਖੇਤਰਾਂ ਵਿੱਚ ਇਨ੍ਹਾਂ ਨੂੰ ਉਸਾਰਨਾ ਅਤੇ ਸਾਂਭ-ਸੰਭਾਲ ਵਿੱਤੀ ਤੌਰ ਤੇ ਵਿਹਾਰਕ ਨਹੀਂ ਹੈ। ਸ਼ਹਿਰੀ ਖੇਤਰਾਂ ਵਿੱਚ ਜਨਸੰਖਿਆ ਘਣੀ ਅਤੇ ਵੱਧ ਪੜ੍ਹੀ ਲਿਖੀ ਹੁੰਦੀ ਹੈ। ਪਰ ਹੁਣ ਪਿੰਡ ਪੰਚਾਇਤਾਂ ਵਿੱਤੀ ਅਤੇ ਕੰਮ ਕਰਨ ਪੱਖੋਂ ਜ਼ਿਆਦਾ ਸ਼ਕਤੀ ਰੱਖਦੀਆਂ ਹਨ।

- ਸ਼ਿਆਮਾ ਪ੍ਰਸਾਦ ਮੁਖਰਜੀ ਰਰਬਨ ਮਿਸ਼ਨ ਤਹਿਤ 300 ਰਰਬਨ ਮਿਸ਼ਨ (ਪੇਂਡੂ ਤੇ ਸ਼ਹਿਰੀ ਸਮੂਹ) ਵਿਕਸਤ ਕੀਤੇ ਗਏ ਹਨ।
- 1 ਮਈ 2018 ਤੱਕ 100 ਪ੍ਰਤਿਸ਼ਤ ਪਿੰਡਾਂ ਨੂੰ ਬਿਜਲੀ ਦਿੱਤੀ ਜਾਵੇਗੀ।
- ਛੇ ਕਰੋੜ ਵਾਧੂ ਪਰਿਵਾਰਾਂ ਲਈ ਅਗਲੇ ਤਿੰਨ ਸਾਲਾਂ ਦੌਰਾਨ ਇਕ ਨਵਾਂ ਡਿਜੀਟਲ ਸਾਖਰਤਾ ਮਿਸ਼ਨ (ਡੀ ਆਈ ਐੱਸ ਐੱਚ ਏ) ਸ਼ੁਰੂ ਕੀਤਾ ਜਾਵੇਗਾ।
- ਖੁੱਲ੍ਹੇ ਵਿੱਚ ਹਾਜਤ ਤੋਂ ਨਿਜਾਤ ਪਾਉਣ ਵਾਲੇ ਪਿੰਡਾਂ ਨੂੰ ਇਨਾਮ ਦੇਣ ਲਈ ਕੇਂਦਰ ਵਲੋਂ ਪ੍ਰਾਯੋਜਿਤ ਸਕੀਮਾਂ ਵਿੱਚੋਂ ਤਰਜੀਹੀ ਆਵੰਟਨ।

ਭਾਰਤ ਵਲੋਂ ਪਹਿਲਾਂ ਨਾਲੋਂ ਹਟ ਕੇ ਪ੍ਰਧਾਨ ਮੰਤਰੀ ਪੇਂਡੂ ਸੜਕ ਯੋਜਨਾ (ਪੀ ਐੱਮ ਜੀ ਐੱਸ ਵਾਈ) ਨੂੰ ਲਾਗੂ ਕੀਤਾ ਜਾ ਰਿਹਾ ਹੈ। ਇਹ ਸਕੀਮ ਬੀਤੇ ਸਮੇਂ ਵਿੱਚ ਪੈਸੇ ਦੀ ਕਮੀ ਦਾ ਸ਼ਿਕਾਰ ਰਹੀ ਹੈ। 2012-13 ਅਤੇ 2013-14 ਵਿੱਚ ਆਵੰਟਨ ਕ੍ਰਮਵਾਰ 8885 ਕਰੋੜ ਅਤੇ 9805 ਕਰੋੜ ਹੀ ਸੀ। ਸਰਕਾਰ ਨੇ ਪਿਛਲੇ ਦੋ ਸਾਲਾਂ ਦੌਰਾਨ ਆਵੰਟਨ ਕਾਫੀ ਵਧਾਇਆ ਹੈ ਅਤੇ ਹੁਣ 2016-17 ਲਈ 19000 ਕਰੋੜ ਰਾਖਵੇਂ ਕੀਤੇ ਗਏ ਹਨ। ਰਾਜਾਂ ਦੀ ਹਿੱਸੇਦਾਰੀ ਮਿਲਾ ਕੇ, 2016-17 ਦੌਰਾਨ ਇਸ ਯੋਜਨਾ ਉਤੇ ਕੁੱਲ 27,000 ਕਰੋੜ ਦੇ ਲਗਭਗ ਖਰਚ ਕੀਤਾ ਜਾਵੇਗਾ। ਸਾਡਾ ਨਿਸ਼ਾਨਾ ਇਸ ਪ੍ਰੋਗਰਾਮ ਨੂੰ ਮੁਕੰਮਲ ਕਰਨ ਦੇ ਸਾਲ ਨੂੰ 2021 ਤੋ 2019 ਤੱਕ ਲਿਆਉਣਾ ਅਤੇ ਬਾਕੀ ਰਹਿੰਦੀਆਂ 65000 ਯੋਗ ਨਿਵਾਸਗਾਹਾਂ ਨੂੰ 2.23 ਕਿਲੋਮੀਟਰ ਲੰਮੀਆਂ ਸੜਕਾਂ ਬਣਾ ਕੇ ਜੋੜਨ ਦਾ ਹੈ। ਇਸੇ ਮੁਤਾਬਕ ਨਿਰਮਾਣ ਦੀ ਰਫਤਾਰ ਜੋ 2011-14 ਦੀ ਔਸਤ 73.5 ਕਿਲੋਮੀਟਰ ਰੋਜ਼ਾਨਾ ਦੇ ਮੁਕਾਬਲੇ ਹੁਣ 100 ਕਿਲੋਮੀਟਰ ਹੈ, ਨੂੰ ਹੋਰ ਵੀ ਵਧਾਇਆ ਜਾਵੇਗਾ।

## ਸਿੱਟਾ

ਕੁੱਲ ਮਿਲਾ ਕੇ ਇਸ ਸਾਲ ਦਾ ਬਜਟ ਬੁਨਿਆਦੀ ਢਾਂਚੇ ਅਤੇ ਪੇਂਡੂ ਖੇਤਰ ਲਈ ਇਕ ਵੱਡੇ ਹੁਲਾਰੇ ਤੋਂ ਘੱਟ ਨਹੀਂ ਜੋ ਸਰਕਾਰ ਵਲੋਂ ਦਿਹਾਤੀ ਖੇਤਰਾਂ ਵਿੱਚ ਬੁਨਿਆਦੀ ਢਾਂਚਾ ਨਿਵੇਸ਼ ਵਿਕਾਸ ਨੂੰ ਅਰੰਭ ਕਰਨ ਦੀ ਇੱਛਾ ਨੂੰ ਦਰਸਾਉਂਦਾ ਹੈ। ਸਹੀ ਅਰਥਾਂ ਵਿੱਚ, ਜਨਤਕ ਖਰਚ ਵਧਾ ਕੇ, ਨਵੇਂ ਬੁਨਿਆਦੀ ਢਾਂਚਾ ਫੰਡਾਂ ਦਾ ਨਿਰਮਾਣ ਕਰਕੇ ਅਤੇ ਮਜਬੂਤ, ਜ਼ਿਆਦਾ ਪਾਰਦਰਸ਼ੀ ਜਨਤਕ ਨਿੱਜੀ ਭਾਈਵਾਲੀ ਪ੍ਰਕਿਰਿਆ ਦੀ ਬੁਨਿਆਦ ਰੱਖ ਕੇ, ਸਰਕਾਰ ਪ੍ਰਮੁੱਖ ਚੁਣੌਤੀਆਂ ਦਾ ਹੱਲ ਕਰਨ ਲਈ ਪ੍ਰਤਿਬੱਧ ਨਜ਼ਰ ਆਉਂਦੀ ਹੈ ਜੋ ਲੰਮੇ ਸਮੇਂ ਤੋਂ ਅੰਤਰਰਾਸ਼ਟਰੀ ਅਤੇ ਘਰੇਲੂ ਨਿਵੇਸ਼ਕਾਂ ਵਲੋਂ ਉਠਾਈਆਂ ਜਾ ਰਹੀਆਂ ਹਨ।

ਇਸ ਬਜਟ ਦਾ ਮੁਲਾਂਕਣ ਕਰਦਿਆਂ, ਜੋ ਸਰਕਾਰ ਵਲੋਂ ਜਨਤਕ ਪੈਸੇ ਨੂੰ ਹੋਰ ਜ਼ਿਆਦਾ ਲੰਮੀ ਮਿਆਦ ਲਈ ਵਰਤਣ ਦਾ ਸੰਕੇਤ ਦਿੰਦਾ ਹੈ, ਜਿਸ ਕਰਕੇ ਇਸ ਵਲੋਂ ਬੁਨਿਆਦੀ ਢਾਂਚਾ ਨਿਵੇਸ਼ ਨਾਲ ਆਰਥਿਕ ਵਿਕਾਸ ਨੂੰ ਹੁਲਾਰਾ ਦੇਣ ਦਾ ਫੈਸਲਾ ਕੀਤਾ ਗਿਆ ਹੈ। ਬਜਟ ਤੋਂ ਇਹ ਬਿਲਕੁਲ ਸਪੱਸ਼ਟ ਹੈ ਕਿ ਸਰਕਾਰ ਨਾ ਕੇਵਲ ਸ਼ਹਿਰੀ ਬੁਨਿਆਦੀ ਢਾਂਚੇ ਨੂੰ ਵਿਕਸਤ ਕਰਨਾ ਚਾਹੁੰਦੀ ਹੈ ਪਰ ਸੁਧਰੇ ਹੋਏ ਨੀਤੀਗਤ ਢਾਂਚੇ ਤਹਿਤ ਦਿਹਾਤੀ ਬੁਨਿਆਦੀ ਢਾਂਚੇ ਦਾ ਵੀ ਵਿਕਾਸ ਕਰਨ ਦੀ ਇੱਛੁਕ ਹੈ। ਪਿਛਲੇ ਸਮੇਂ ਵਿੱਚ ਬਹੁਤ ਸਾਰੇ ਬੁਨਿਆਦੀ ਢਾਂਚੇ ਦੇ ਪ੍ਰਾਜੈਕਟ ਸ਼ੁਰੂ ਹੀ ਨਹੀਂ ਹੋ ਸਕੇ ਜਾਂ ਪੈਸੇ ਦੀ ਕਮੀ ਕਾਰਨ ਅੱਧ ਵਿਚਾਲੇ ਲਟਕ ਗਏ। ਬਜਟ ਵਿੱਚ ਜਨਤਕ ਖੇਤਰ ਉੱਦਮਾਂ ਵਲੋਂ ਬੁਨਿਆਦੀ ਢਾਂਚਾ ਨਿਵੇਸ਼ ਲਈ ਪ੍ਰਤਿਬਧਤਾ ਨੂੰ ਵੀ ਵਧਾਇਆ ਗਿਆ ਹੈ। ਇਹ ਬਜਟ ਵਧੀਆ ਤੇ ਸੰਤੁਲਤ ਬਜਟ ਪ੍ਰਤੀਤ ਹੁੰਦਾ ਹੈ ਜੋ ਲਗਭਗ ਸਾਰੇ ਖੇਤਰਾਂ ਨੂੰ ਆਪਣੇ ਦਾਇਰੇ ਵਿੱਚ ਲੈਂਦਾ ਹੈ। ਇਹ ਬਜਟ ਰੂਪਾਂਤਰਣ ਕਰਨ ਵਾਲਾ ਏਜੰਡਾ ਪੇਸ਼ ਕਰਦਾ ਹੈ ਤੇ ਕਿਸਾਨਾਂ, ਪੇਂਡੂ, ਸਮਾਜਕ ਅਤੇ ਬੁਨਿਆਦੀ ਢਾਂਚੇ ਦੇ ਵਿਕਾਸ ਲਈ ਪਹਿਲਕਦਮੀਆਂ ਉੱਤੇ ਵਧੇਰੇ ਸਪੱਸ਼ਟ ਢੰਗ ਨਾਲ ਧਿਆਨ ਕੇਂਦਰਿਤ ਕਰਦਾ ਹੈ।

*(ਲੇਖਕ ਡਿਪਾਰਟਮੈਂਟ ਆਫ਼ ਇਕਨਾਮਿਕਸ ਐਂਡ ਇੰਟਰਨੈਸ਼ਨਲ ਬਿਜਨਸ, ਯੂ ਪੀ ਈ ਐੱਸ ਵਿਖੇ ਸਹਾਇਕ ਪ੍ਰੋਫੈਸਰ ਹਨ)*

*e-mail :h.roy10@gmail.com*

## ਵਿਕਾਸ ਦਾ ਖਾਕਾ

### ਸੇਤੂ ਭਾਰਤਮ ਪ੍ਰੋਗਰਾਮ ਦੀ ਸ਼ੁਰੂਆਤ

ਰਾਸ਼ਟਰੀ ਰਾਜ-ਮਾਰਗਾਂ ਉੱਤੇ ਸੁਰੱਖਿਅਤ ਤੇ ਬੇਰੋਕਟੋਕ ਆਵਾਜਾਈ ਅਤੇ ਯਾਤਰਾ ਕਰਨ ਲਈ ਪੁਲਾਂ ਦੀ ਉਸਾਰੀ ਕਰਨ ਵਾਸਤੇ ਸੇਤੂ ਭਾਰਤਮ ਪ੍ਰੋਗਰਾਮ ਦੀ ਪ੍ਰਧਾਨ ਮੰਤਰੀ ਵਲੋਂ ਹਾਲ ਹੀ ਵਿੱਚ ਨਵੀਂ ਦਿੱਲੀ ਵਿਖੇ ਸ਼ੁਰੂਆਤ ਕੀਤੀ ਗਈ। ਸੇਤੂ ਭਾਰਤਮ ਪ੍ਰੋਗਰਾਮ ਦਾ ਉਦੇਸ਼ 2019 ਤੱਕ ਸਾਰੇ ਰਾਸ਼ਟਰੀ ਮਾਰਗਾਂ ਨੂੰ ਰੇਲਵੇ ਫਾਟਕਾਂ ਤੋਂ ਮੁਕਤ ਕਰਨਾ ਹੈ। ਅਜਿਹਾ ਰੇਲਵੇ ਫਾਟਕਾਂ ਉਤੇ ਵਾਰ-ਵਾਰ ਹੋ ਰਹੇ ਹਾਦਸਿਆਂ ਅਤੇ ਜਾਨੀ ਨੁਕਸਾਨ ਨੂੰ ਰੋਕਣ ਲਈ ਕੀਤਾ ਜਾ ਰਿਹਾ ਹੈ। ਇਸ ਪ੍ਰੋਗਰਾਮ ਦੇ ਹਿੱਸੇ ਵਜੋਂ 20,800 ਕਰੋੜ ਰੁਪਏ ਦੀ ਲਾਗਤ ਨਾਲ 208 ਤੋਂ ਵੱਧ ਰੇਲਵੇ ਓਵਰ ਬ੍ਰਿਜ (ਆਰ ਓ ਬੀ) ਅਤੇ ਰੇਲਵੇ ਅੰਡਰ ਬ੍ਰਿਜ ਬਣਾਏ ਜਾਣਗੇ।

208 ਰੇਲਵੇ ਓਵਰ ਬ੍ਰਿਜ ਦਾ ਵੇਰਵਾ ਹੇਠ ਲਿਖੇ ਅਨੁਸਾਰ ਹੈ – ਆਂਧਰਾ ਪ੍ਰਦੇਸ਼-33, ਅਸਾਮ-12, ਬਿਹਾਰ-20, ਛੱਤੀਸਗੜ੍ਹ-5, ਗੁਜਰਾਤ-8, ਹਰਿਆਣਾ-10, ਹਿਮਾਚਾਲ ਪ੍ਰਦੇਸ਼-5, ਝਾਰਖੰਡ-11, ਕਰਨਾਟਕ-17, ਕੇਰਲ-4, ਮੱਧ ਪ੍ਰਦੇਸ਼-9, ਮਹਾਰਾਸ਼ਟਰ-12, ਓਡੀਸ਼ਾ-4, ਪੰਜਾਬ-10, ਰਾਜਸਥਾਨ- 9, ਤਮਿਲਨਾਡੂ-9, ਉੱਤਰਾਖੰਡ-2, ਉੱਤਰ ਪ੍ਰਦੇਸ਼-9, ਪੱਛਮੀ ਬੰਗਾਲ-22। 73 ਰੇਲਵੇ ਓਵਰ ਬ੍ਰਿਜ ਦੀਆਂ ਵਿਸਤ੍ਰਿਤ ਪ੍ਰਾਜੈਕਟ ਰਿਪੋਰਟਾਂ ਪਹਿਲਾਂ ਹੀ ਪ੍ਰਾਪਤ ਹੋ ਚੁੱਕੀਆਂ ਹਨ ਅਤੇ ਇਨ੍ਹਾਂ ਵਿੱਚੋਂ 64 ਰੇਲਵੇ ਓਵਰ ਬ੍ਰਿਜਾਂ ਦੀ ਮਨਜ਼ੂਰੀ ਇਸ ਵਿੱਤੀ ਵਰ੍ਹੇ, ਮਤਲਬ 2015-16 ਦੌਰਾਨ ਮਿਲਣ ਦੀ ਆਸ ਹੈ। ਇਸ ਦੀ ਅਨੁਮਾਨਤ ਲਾਗਤ 5600 ਕਰੋੜ ਰੁਪਏ ਹੋਵੇਗੀ।

ਇਸ ਦੇ ਨਾਲ ਹੀ, ਪੜਾਅਵਾਰ ਤਰੀਕੇ ਨਾਲ ਪੁਰਾਣੇ, ਟੁੱਟ ਚੁੱਕੇ ਪੁਲਾਂ ਨੂੰ ਨਵੀਂ ਉਸਾਰੀ/ਚੌੜਾਈ ਵਿੱਚ ਵਾਧਾ ਅਤੇ ਮਜਬੂਤੀ ਕਰਕੇ ਇਨ੍ਹਾਂ ਦੀ ਹਾਲਤ ਵਿੱਚ ਸੁਧਾਰ ਕੀਤਾ ਜਾਵੇਗਾ। ਇਸ ਸਾਰੇ ਕੁੱਝ ਉਤੇ 30,000 ਕਰੋੜ ਰੁਪਏ ਦੀ ਲਾਗਤ ਆਉਣ ਦਾ ਅਨੁਮਾਨ ਹੈ। ਵਿਸਤ੍ਰਿਤ ਪ੍ਰਾਜੈਕਟ ਰਿਪੋਰਟਾਂ ਤਿਆਰ ਕਰਨ ਲਈ ਮੰਤਰਾਲੇ ਵਲੋਂ ਪਹਿਲਾਂ ਹੀ ਸਲਾਹਕਾਰ ਨਿਯੁਕਤ ਕਰਨ ਵਾਸਤੇ ਬੋਲੀ ਦੀ ਮੰਗ ਕਰ ਲਈ ਗਈ ਹੈ। ਟੀਚਾ ਮਾਰਚ 2016 ਤੱਕ ਮਸ਼ਵਰੇ ਦਾ ਕੰਮ ਦੇਣ ਦਾ ਹੈ।

ਸੜਕੀ ਆਵਾਜਾਈ ਅਤੇ ਰਾਸ਼ਟਰੀ ਮਾਰਗਾਂ ਬਾਰੇ ਮੰਤਰਾਲੇ ਵਲੋਂ ਭਾਰਤੀ ਪੁਲ ਪ੍ਰਬੰਧਨ ਪ੍ਰਣਾਲੀਆਂ (ਆਈ ਬੀ ਐੱਮ ਐੱਸ) ਦੀ ਇੰਡੀਅਨ ਅਕੈਡਮੀ ਫਾਰ ਹਾਈਵੇ ਇੰਜੀਨੀਅਰ, ਨੋਇਡਾ (ਉੱਤਰ ਪ੍ਰਦੇਸ਼) ਵਿਖੇ ਸਥਾਪਨਾ ਕੀਤੀ ਗਈ ਹੈ। ਇਸ ਦਾ ਮੰਤਵ ਗਤੀਸ਼ੀਲ ਨਿਰੀਖਣ ਇਕਾਈਆਂ ਦਾ ਇਸਤੇਮਾਲ ਕਰਕੇ, ਭਾਰਤ ਦੇ ਰਾਸ਼ਟਰੀ ਮਾਰਗਾਂ ਉਤੇ ਆਉਣ ਵਾਲੇ ਸਾਰੇ ਪੁਲਾਂ ਦੀ ਹਾਲਤ ਦਾ ਸਰਵੇਖਣ ਕਰਕੇ ਉਨ੍ਹਾਂ ਦੀ ਸੂਚੀ ਤਿਆਰ ਕਰਨਾ ਹੈ। ਇਸ ਮੰਤਵ ਲਈ 11 ਸਲਾਹਕਾਰ ਫਰਮਾਂ ਦੀ ਨਿਯੁਕਤੀ ਕੀਤੀ ਗਈ ਹੈ। ਹੁਣ ਤੱਕ 50,000 ਪੁਲਾਂ ਦੀ ਸੂਚੀ ਤਿਆਰ ਕਰ ਲਈ ਗਈ ਹੈ। ਸਰਵੇਖਣ ਦੇ ਪਹਿਲੇ ਦੌਰ ਦੀ ਜੂਨ 2016 ਤੱਕ ਪੂਰਾ ਹੋਣ ਦੀ ਆਸ ਹੈ। ਇਹ ਅੰਕੜੇ ਆਪਣੇ-ਆਪ ਵਿੱਚ ਸਭ ਤੋਂ ਵੱਡੇ ਹੋਣਗੇ ਜਿਨ੍ਹਾਂ ਦੀ ਮਦਦ ਨਾਲ ਰਾਸ਼ਟਰੀ ਮਾਰਗਾਂ ਉਤੇ ਵੱਡੇ ਅਕਾਰੀ ਜ਼ਿਆਦਾ ਵਜ਼ਨ ਵਾਲੇ ਸਮਾਨ ਦੀ ਆਵਾਜਾਈ ਸੁਚਾਰੂ ਬਣਾਉਣ ਵਿੱਚ ਮਦਦ ਮਿਲੇਗੀ। ❑❑

**ਯੋਜਨਾ**

**ਦਾ**

**ਅਗਲਾ ਅੰਕ**

**ਅਪ੍ਰੈਲ 2016 : ਇਹ ਅੰਕ *ਉੱਤਰ-ਪੂਰਬ* ਉੱਤੇ ਕੇਂਦਰਿਤ ਹੋਵੇਗਾ**

# ਔਰਤ ਪੱਖੀ ਬਜਟ : ਵਿਵਸਥਾਵਾਂ

ਸ਼ਾਹੀਨ ਰਜ਼ੀ

ਔਰਤ ਨੂੰ ਕਮਜ਼ੋਰ ਕਹਿਣਾ, ਉਸ ਦਾ ਅਪਮਾਨ ਹੈ; ਇਹ ਮਰਦ ਵਲੋਂ ਔਰਤ ਲਈ ਅਨਿਆਂ ਹੈ। ਜੇਕਰ ਤਾਕਤ ਦਾ ਮਤਲਬ ਵਹਿਸ਼ੀ ਤਾਕਤ ਹੈ, ਤਾਂ ਸਚਮੁਚ ਔਰਤ ਮਰਦ ਨਾਲੋਂ ਘੱਟ ਵਹਿਸ਼ੀ ਹੈ। ਜੇਕਰ ਤਾਕਤ ਦਾ ਮਤਲਬ ਇਖਲਾਕੀ ਸ਼ਕਤੀ ਹੈ ਤਾਂ ਕਿਸੇ ਵੀ ਮਾਪਦੰਡ ਅਨੁਸਾਰ ਔਰਤ ਮਰਦ ਨਾਲੋਂ ਬੇਹਤਰ ਹੈ। ਕੀ ਉਸ ਨੂੰ ਵਧੇਰੇ ਅੰਤਰ-ਗਿਆਨ ਨਹੀਂ ਹੈ, ਕੀ ਉਹ ਵਧੇਰੇ ਖੁਦ ਕੁਰਬਾਨੀ ਕਰਨ ਵਾਲੀ ਨਹੀਂ ਹੈ, ਕੀ ਉਸ ਦੀ ਵਧੇਰੇ ਸਹਿਣ ਸ਼ਕਤੀ ਨਹੀਂ ਹੈ, ਕੀ ਉਹ ਵਧੇਰੇ ਹੌਸਲੇ ਵਾਲੀ ਨਹੀਂ ਹੈ? ਉਸ ਬਿਨਾਂ ਆਦਮੀ ਦੀ ਹੋਂਦ ਨਹੀਂ ਹੋ ਸਕਦੀ ਸੀ। ਜੇਕਰ ਅਹਿੰਸਾ ਸਾਡੇ ਜੀਵਨ ਦਾ ਕਾਨੂੰਨ ਹੈ, ਤਾਂ ਭਵਿੱਖ ਔਰਤ ਨਾਲ ਹੈ।"

– *ਮਹਾਤਮਾ ਗਾਂਧੀ*

2016-17 ਦਾ ਕੇਂਦਰੀ ਬਜਟ, ਪ੍ਰਧਾਨ ਮੰਤਰੀ ਦੇ ਵਿਆਪਕ ਸ਼ਮੂਲੀਅਤ ਦੇ ਪ੍ਰੋਗਰਾਮ ਅਤੇ ਕਿਸਾਨਾਂ, ਗਰੀਬਾਂ, ਔਰਤਾਂ ਅਤੇ ਛੋਟੇ ਤੇ ਦਰਮਿਆਨੇ ਉੱਦਮੀਆਂ ਸਮੇਤ ਮੱਧ ਵਰਗ ਦੇ ਇਕ ਵੱਡੇ ਹਿੱਸੇ ਨੂੰ ਅਪੀਲ ਨਾਲ ਸ਼ੁਰੂ ਹੁੰਦਾ ਹੈ। ਆਪਣੇ ਨੌਂ ਥੰਮ੍ਹਾਂ ਦੇ ਵਿਸ਼ੇ ਵਸਤੂ ਨਾਲ ਇਸ ਦਾ ਉਦੇਸ਼ ਆਰਥਿਕ ਵਿਕਾਸ ਨੂੰ ਹੁਲਾਰਾ ਦੇਣਾ ਹੈ ਅਤੇ ਉਸ ਦੇ ਨਾਲ-ਨਾਲ ਭਾਰਤੀ ਆਰਥਿਕਤਾ ਦਾ ਸਮੁੱਚਾ ਵਾਧਾ ਯਕੀਨੀ ਬਣਾਉਣਾ ਹੈ।

ਵਿੱਤ ਮੰਤਰੀ ਨੇ ਆਰਥਿਕਤਾ ਦੇ ਹਰ ਖੇਤਰ ਨੂੰ ਬਰਾਬਰ ਦਾ ਮਹੱਤਵ ਦਿੱਤਾ – ਬੁਨਿਆਦੀ ਢਾਂਚੇ ਵਿੱਚ ਨਿਵੇਸ਼, ਸਿਹਤ ਬੀਮਾ, ਕਿਸਾਨਾਂ ਦੀ ਆਮਦਨ ਦੀਆਂ ਸਕੀਮਾਂ ਅਤੇ ਸਿੱਖਿਆ ਅਤੇ ਮੁਹਾਰਤ ਵਿਕਾਸ ਉਪਰ ਜੋਰ ਦੇ ਕੇ ਸਮਾਜਕ ਅਤੇ ਪੇਂਡੂ ਖੇਤਰਾਂ ਵਿੱਚ ਨਿਵੇਸ਼। ਉਨ੍ਹਾਂ ਨੇ ਬਹੁਤ ਲੋੜੀਂਦੇ ਵਿੱਤੀ ਅਤੇ ਨਿਯੰਤ੍ਰਕ ਕਦਮਾਂ ਜਿਵੇਂ ਕਿ ਵਪਾਰ ਕਰਨ ਵਿੱਚ ਆਸਾਨੀ ਲਿਆਉਣ ਲਈ ਨੀਤੀ ਵਿੱਚ ਤਬਦੀਲੀਆਂ ਅਤੇ ਵਿੱਤੀ ਸੁਧਾਰ, ਵਿੱਤੀ ਅਨੁਸ਼ਾਸਨ ਅਤੇ ਟੈਕਸ ਸੁਧਾਰ ਉੱਤੇ ਵੀ ਧਿਆਨ ਕੇਂਦਰਿਤ ਕੀਤਾ ਹੈ।

2016-17 ਦੇ ਬਜਟ ਵਿੱਚ ਇਸ ਵਿਸ਼ੇ ਉਪਰ ਵੀ ਜੋਰ ਦਿੱਤਾ ਗਿਆ ਹੈ ਕਿ ਯੋਜਨਾਬੰਦੀ, ਬਜਟ ਬਣਾਉਣ ਅਤੇ ਆਡਿਟ ਪ੍ਰਕਿਰਿਆਵਾਂ ਰਾਹੀਂ ਲਿੰਗ ਬਰਾਬਰੀ ਵਿੱਚ ਯੋਗਦਾਨ ਯਕੀਨੀ ਬਨਾਉਣ ਲਈ ਸਖਤ ਕੋਸ਼ਿਸ਼ਾਂ ਕਰਨ ਦੀ ਲੋੜ ਹੈ।

ਲਿੰਗ ਦੀ ਗ਼ੈਰ-ਬਰਾਬਰੀ ਭਾਰਤ ਵਿੱਚ ਵਿਕਾਸ ਦੀ ਇਕ ਮਹੱਤਵਪੂਰਨ ਚੁਨੌਤੀ ਖੜ੍ਹੀ ਕਰਦੀ ਹੈ, ਵਿਸ਼ਵ ਵਿੱਚ ਲਿੰਗ ਖੱਪੇ ਦੇ ਇੰਡੈਕਸ 2014 ਅਨੁਸਾਰ ਭਾਰਤ ਦਾ 142 ਦੇਸ਼ਾਂ ਵਿੱਚੋਂ 114ਵਾਂ ਸਥਾਨ ਹੈ। ਇਹ ਰੈਂਕ ਕਿਸੇ ਵੀ ਦੇਸ਼ ਵਲੋਂ ਚਾਰ ਖੇਤਰਾਂ ਵਿੱਚ ਲਿੰਗ ਭੇਦਭਾਵ ਘੱਟ ਕਰਨ ਦੀ ਕਾਬਲੀਅਤ ਉਪਰ ਨਿਰਭਰ ਕਰ ਕੇ ਬਣਾਇਆ ਗਿਆ ਹੈ – ਆਰਥਿਕ ਸ਼ਮੂਲੀਅਤ ਅਤੇ ਮੌਕੇ, ਸਿੱਖਿਆ, ਰਾਜਨੀਤਕ ਸ਼ਕਤੀਕਰਨ ਅਤੇ ਸਿਹਤ ਅਤੇ ਜੀਵਨ। ਨਿੱਜੀ ਅਤੇ ਜਨਤਕ, ਦੋਹਾਂ ਖੇਤਰਾਂ ਵਿੱਚ ਔਰਤਾਂ ਅਤੇ ਲੜਕੀਆਂ ਵਿਰੁੱਧ ਹਿੰਸਾ ਹੈ।

ਇਨ੍ਹਾਂ ਚੁਨੌਤੀਆਂ ਦੇ ਜਵਾਬ ਵਜੋਂ, ਭਾਰਤ ਨੇ 2005 ਵਿੱਚ ਔਰਤ ਪੱਖੀ ਬਜਟ ਪ੍ਰਕਿਰਿਆ ਅਪਨਾਈ। ਇਸ ਨੂੰ ਸੌਖੇ ਤਰੀਕੇ ਬਿਆਨ ਕੀਤਾ ਜਾਵੇ ਤਾਂ ਔਰਤ ਪੱਖੀ ਬਜਟ ਯੋਜਨਾਬੰਦੀ, ਪ੍ਰੋਗਰਾਮ ਬਨਾਉਣ ਅਤੇ ਬਜਟ ਬਨਾਉਣ ਦਾ ਉਹ ਤਰੀਕਾ ਹੈ ਜੋ ਲਿੰਗ ਬਰਾਬਰੀ ਅਤੇ ਔਰਤ ਅਧਿਕਾਰਾਂ ਨੂੰ ਅੱਗੇ ਵਧਾਉਣ ਵਿੱਚ ਸਹਾਇਤਾ ਕਰਦਾ ਹੈ। ਇਸ ਤੋਂ ਸਰਕਾਰ ਦੀ ਇਨ੍ਹਾਂ ਉਦੇਸ਼ਾਂ ਨੂੰ ਹਾਸਲ ਕਰਨ ਦੀ ਵਚਨਬੱਧਤਾ ਦਾ ਵੀ ਸੰਕੇਤ ਮਿਲਦਾ ਹੈ। ਹੁਣ ਤਕ, ਭਾਰਤ ਵਿੱਚ 57 ਸਰਕਾਰੀ ਮੰਤਰਾਲਿਆਂ/ਵਿਭਾਗਾਂ ਨੇ ਔਰਤ ਪੱਖੀ ਬਜਟ ਸੈਲ ਸਥਾਪਤ ਕੀਤੇ ਹਨ – ਇਕ ਅਜਿਹਾ ਕਦਮ ਜੋ ਕਰੋੜਾਂ ਔਰਤਾਂ ਦੇ ਜੀਵਨ ਉਤੇ ਅਸਰ ਕਰਨ ਦੀ ਸਮਰੱਥਾ ਰਖਦਾ ਹੈ।

ਔਰਤ ਪੱਖੀ ਬਜਟ, ਲਿੰਗ ਪੱਖੀ ਮੁੱਖ ਧਾਰਾ ਹਾਸਲ ਕਰਨ ਵੱਲ ਇਕ ਸ਼ਕਤੀਸ਼ਾਲੀ ਹਥਿਆਰ ਹੈ ਤਾਂ ਕਿ ਇਹ ਯਕੀਨੀ ਬਣਾਇਆ ਜਾ ਸਕੇ ਕਿ ਵਿਕਾਸ ਦਾ ਲਾਭ ਜਿੰਨਾਂ ਮਰਦਾਂ ਤੱਕ ਪਹੁੰਚਦਾ ਹੈ, ਉਨਾਂ ਹੀ ਔਰਤ ਤੱਕ ਪਹੁੰਚੇ।

**ਔਰਤ ਪੱਖੀ ਬਜਟ ਦਾ ਤਰਕ ਅਧਾਰ ਇਸ ਤੱਥ ਤੋਂ ਪੈਦਾ ਹੁੰਦਾ ਹੈ ਕਿ ਰਾਸ਼ਟਰੀ ਬਜਟ ਮਰਦਾਂ ਅਤੇ ਔਰਤਾਂ ਉਪਰ ਬਜਟ ਨਿਰਧਾਰਨ ਦੇ ਸਿਲਸਿਲੇ ਵਿੱਚ ਅਲਗ-ਅਲਗ ਤਰੀਕੇ ਨਾਲ ਅਸਰ ਕਰਦਾ ਹੈ। ਭਾਰਤ ਦੀ ਆਬਾਦੀ ਵਿੱਚ ਔਰਤਾਂ 48 ਪ੍ਰਤਿਸ਼ਤ ਹਨ ਪਰ ਉਹ ਮਰਦਾਂ ਨਾਲੋਂ ਬਹੁਤ ਸਾਰੇ ਸਮਾਜਕ ਸੰਕੇਤਕਾਂ ਜਿਵੇਂ ਕਿ ਸਿਹਤ, ਸਿੱਖਿਆ, ਆਰਥਿਕ ਮੌਕੇ ਆਦਿ ਵਿੱਚ ਪਛੜੀਆਂ ਹੋਈਆਂ ਹਨ। ਇਸ ਲਈ ਉਹ ਉਨ੍ਹਾਂ ਦੀ ਸੰਵੇਦਨਸ਼ੀਲਤਾ ਅਤੇ ਸਰੋਤਾਂ ਤੱਕ ਪਹੁੰਚ ਵਿੱਚ ਕਮੀ ਕਾਰਨ ਵਿਸ਼ੇਸ਼ ਧਿਆਨ ਦੇਣ ਦੀਆਂ ਪਾਤਰ ਹਨ।**

ਜਿਸ ਤਰ੍ਹਾਂ ਸਰਕਾਰ ਬਜਟ ਵਿੱਚ ਵਸੀਲਿਆਂ ਦੀ ਵੰਡ ਕਰਦੀ ਹੈ ਉਸ ਵਿੱਚ ਇਨ੍ਹਾਂ ਲਿੰਗ ਗ਼ੈਰ-ਬਰਾਬਰੀਆਂ ਨੂੰ ਰੂਪਾਂਤਰਿਤ ਕਰਨ ਦੀ

ਸੰਭਾਵਨਾ ਹੁੰਦੀ ਹੈ। ਲਿੰਗ ਮੁਖਧਾਰਾ ਦੀ ਪ੍ਰਾਪਤੀ ਲਈ ਇੱਕ ਔਜ਼ਾਰ ਵਜੋਂ ਇਸ ਨੂੰ ਦੇਖਦੇ ਹੋਏ ਇਸ ਦਾ ਇੱਕ ਪਾਸਾ ਪ੍ਰਚਾਰ ਕੀਤਾ ਗਿਆ।

ਵਿੱਤ ਮੰਤਰੀ ਦੇ 'ਭਾਰਤ ਬਦਲੋ' ਦੇ ਬਜਟ ਏਜੰਡੇ ਨੂੰ ਲਾਗੂ ਕਰਨ ਲਈ ਲਿੰਗ ਅਸਮਾਨਤਾ ਨੂੰ ਖਤਮ ਕਰਨਾ ਜ਼ਰੂਰੀ ਹੈ। ਔਰਤਾਂ ਦੇ ਮੰਤਰਾਲਿਆਂ ਨੂੰ ਨਿਰਧਾਰਨ ਫੰਡ ਅਤੇ ਔਰਤ ਪੱਖੀ ਬਜਟ ਬਿਆਨ ਤੋਂ 2016-17 ਦੇ ਬਜਟ ਵਿੱਚ ਇਸ ਪ੍ਰਤਿ ਸੰਵੇਦਨਸ਼ੀਲਤਾ ਦਾ ਅੰਦਾਜ਼ਾ ਲਗਾਇਆ ਜਾ ਸਕਦਾ ਹੈ।

**ਜਿਥੇ ਔਰਤਾਂ ਦੇ ਸ਼ਕਤੀਕਰਨ ਵਾਸਤੇ ਰਾਸ਼ਟਰੀ ਮਿਸ਼ਨ ਲਈ ਨਿਰਧਾਰਤ ਫ਼ੰਡਾਂ ਨੂੰ ਦੁੱਗਣਾ ਕਰਕੇ 50 ਕਰੋੜ ਰੁਪਏ ਕਰ ਦਿੱਤਾ ਗਿਆ, ਉਥੇ ਔਰਤਾਂ ਅਤੇ ਬਾਲ ਵਿਕਾਸ ਮੰਤਰਾਲੇ ਅਤੇ ਔਰਤਾਂ ਲਈ ਰਾਸ਼ਟਰੀ ਕਮਿਸ਼ਨ ਲਈ ਵੀ ਫੰਡ ਨਿਰਧਾਰਨ ਵਿੱਚ ਵਾਧਾ ਕੀਤਾ ਗਿਆ ਹੈ। ਔਰਤ ਪੱਖੀ ਬਜਟ ਬਿਆਨ ਵਿੱਚ ਦਰਸਾਇਆ ਗਿਆ ਹੈ ਕਿ ਮੰਤਰਾਲੇ ਕਿਸ ਤਰ੍ਹਾਂ ਲਿੰਗਕ ਚਿੰਤਾਵਾਂ ਨੂੰ ਪਹਿਲ ਦੇ ਰਹੇ ਹਨ। ਔਰਤਾਂ ਸਾਹਮਣੇ ਪੇਸ਼ ਮੁਸ਼ਕਿਲਾਂ, ਜਿਵੇਂ ਕਿ ਉਨ੍ਹਾਂ ਖਿਲਾਫ਼ ਹਿੰਸਾ ਨੂੰ ਬਜਟ ਪ੍ਰਸਤਾਵਾਂ ਵਿੱਚ ਪਹਿਲ ਦੇਣ ਦੀ ਲੋੜ ਹੈ। ਔਰਤਾਂ ਦੀ ਦੁਰਵਰਤੋਂ ਦੀ ਰੋਕਥਾਮ ਲਈ ਸਕੀਮਾਂ ਅਤੇ ਕਿਸ਼ੋਰੀਆਂ ਦੇ ਸ਼ਕਤੀਕਰਨ ਲਈ ਨਿਰਧਾਰਤ ਫ਼ੰਡਾਂ ਵਿੱਚ ਵਾਧਾ ਕੀਤਾ ਗਿਆ ਹੈ।**

2013 ਵਿੱਚ, ਇੰਦਰਾ ਗਾਂਧੀ ਮਹਿਲਾ ਸ਼ਕਤੀਕਰਨ ਯੋਜਨਾ ਅਧੀਨ ਨਕਦ ਪ੍ਰੇਰਕਾਂ ਦੀ ਰਾਸ਼ੀ, ਜੋ ਰਾਸ਼ਟਰੀ ਖੁਰਾਕ, ਸੁਰੱਖਿਆ ਕਾਨੂੰਨ 2013 ਅਧੀਨ ਘੱਟੋ-ਘੱਟ ਜੱਚਾ-ਬੱਚਾ ਹੱਕਦਾਰੀ ਦੀਆਂ ਮੱਦਾਂ ਅਨੁਸਾਰ ਮਿਲਦੀ ਹੈ, ਨੂੰ 4,000 ਰੁਪਏ ਤੋਂ ਵਧਾ ਕੇ 6000 ਰੁਪਏ ਕਰ ਦਿੱਤਾ ਗਿਆ ਹੈ। ਜੱਚਾ-ਬੱਚਾ ਹੱਕਦਾਰੀ ਨੂੰ ਸਰਵਵਿਆਪੀ ਬਣਾਉਣ ਲਈ, ਫੰਡ ਨਿਰਧਾਰਨ (400 ਕਰੋੜ ਰੁਪਏ) ਕੀਤਾ ਜਾਵੇਗਾ। ਮੌਜੂਦਾ ਪ੍ਰਸਤਾਵ ਅਨੁਸਾਰ, ਇਸ ਨੂੰ 200 ਪਾਇਲਟ ਜ਼ਿਲ੍ਹਿਆਂ ਵਿੱਚ ਲਾਗੂ ਕਰਨਾ ਹੈ।

ਮਹਾਤਮਾ ਗਾਂਧੀ ਰਾਸ਼ਟਰੀ ਪੇਂਡੂ ਰੁਜ਼ਗਾਰ ਜ਼ਾਮਨੀ ਯੋਜਨਾ (ਐੱਮ ਜੀ ਨਰੇਗਾ) ਔਰਤਾਂ ਲਈ ਰੁਜ਼ਗਾਰ ਦੇਣ ਦਾ ਇਕ ਮਹੱਤਵਪੂਰਨ ਜ਼ਰੀਆ ਸਾਬਤ ਹੋਈ ਹੈ ਕਿਉਂਕਿ ਇਸ ਅਧੀਨ 55 ਪ੍ਰਤਿਸ਼ਤ ਲਾਭਪਾਤਰ ਔਰਤਾਂ ਹਨ। ਇਸ ਦਾ ਬਜਟ ਵਧਾ ਕੇ 38,500 ਕਰੋੜ ਰੁਪਏ ਹੋ ਗਿਆ ਹੈ। ਪੇਂਡੂ ਨੌਕਰੀ ਯੋਜਨਾ, ਐੱਮ ਜੀ ਨਰੇਗਾ ਜੋ ਪਿਛਲੀ ਤਿਮਾਹੀ ਵਿੱਚ, ਕਥਿਤ ਤੌਰ ਤੇ ਬੰਦ ਹੋਣ ਕਿਨਾਰੇ ਉਤੇ ਸੀ, ਲਈ 2016-17 ਦੇ ਬਜਟ ਵਿੱਚ 11 ਪ੍ਰਤਿਸ਼ਤ ਦਾ ਵਾਧਾ ਹੋਇਆ ਹੈ।

ਵਿੱਤ ਮੰਤਰੀ ਨੇ ਕਿਹਾ, "2016-17 ਵਿੱਚ ਐੱਮ ਜੀ ਨਰੇਗਾ ਲਈ 38,500 ਕਰੋੜ ਰੁਪਏ ਨਿਰਧਾਰਨ ਕੀਤੇ ਗਏ ਹਨ। ਜੇਕਰ ਸਮੁੱਚੇ ਫੰਡ ਖਰਚ ਕਰ ਲਏ ਜਾਂਦੇ ਹਨ ਤਾਂ ਇਹ ਹੁਣ ਤੱਕ ਦਾ ਇਸ ਮੱਦ ਉਪਰ ਸਭ ਤੋਂ ਵੱਧ ਬਜਟ ਖਰਚਾ ਹੋਵੇਗਾ।" ਅੱਜ ਦਾ 38,500 ਕਰੋੜ ਰੁਪਏ ਦਾ ਮਹਾਤਮਾ ਗਾਂਧੀ ਰਾਸ਼ਟਰੀ ਪੇਂਡੂ ਰੁਜ਼ਗਾਰ ਜ਼ਾਮਨੀ ਯੋਜਨਾ ਲਈ ਨਿਰਧਾਰਨ, 2015-16 ਦੇ 34,600 ਕਰੋੜ ਰੁਪਏ ਦੇ ਬਜਟ ਨਿਰਧਾਰਨ ਨਾਲੋਂ 3,900 ਕਰੋੜ ਰੁਪਏ ਵਧੇਰੇ ਹੈ। ਮੌਜੂਦਾ ਸਰਕਾਰ ਨੇ ਆਪਣੇ ਪਹਿਲੇ ਸਾਲ ਦੇ ਕਾਰਜਕਾਲ ਵਿੱਚ ਇਸ ਲਈ 34,000 ਕਰੋੜ ਰੁਪਏ ਰਾਖਵੇਂ ਕੀਤੇ ਸਨ।

ਬਜਟ ਦਾ ਔਰਤ ਮੁਖੀ ਪੱਖ, ਗਰੀਬ ਪਰਿਵਾਰਾਂ ਦੇ ਔਰਤ ਮੈਂਬਰਾਂ ਦੇ ਨਾਮ ਵਿੱਚ ਰਸੋਈ ਗੈਸ ਕਨੈਕਸ਼ਨ ਦੇਣ ਲਈ ਵਿਸ਼ੇਸ਼ ਮਿਸ਼ਨ ਐਲਾਨ ਨੂੰ ਵੀ ਔਰਤ ਪੱਖੀ ਹੋਣਾ ਦੇਖਿਆ ਜਾ ਰਿਹਾ ਹੈ। 2016-17 ਦੇ ਬਜਟ ਵਿੱਚ ਅਜਿਹੇ ਰਸੋਈ ਗੈਸ ਕਨੈਕਸ਼ਨ ਦੇਣ ਲਈ 2000 ਕਰੋੜ ਰੁਪਏ ਰਖੇ ਗਏ ਹਨ।

ਇਸ ਪਹਿਲ ਰਾਹੀਂ ਸਰਕਾਰ ਦੋ ਚਿੰਤਾਜਨਕ ਮੁੱਦਿਆਂ ਦਾ ਹੱਲ ਲੱਭ ਰਹੀ ਹੈ। ਪਹਿਲਾ, ਔਰਤਾਂ ਦੀ ਸਿਹਤ ਦੀ ਚਿੰਤਾ, ਖ਼ਾਸ ਤੌਰ ਤੇ ਪੇਂਡੂ ਇਲਾਕਿਆਂ ਦੀਆਂ ਔਰਤਾਂ ਦੀ ਸਿਹਤ ਦੀਆਂ ਚਿੰਤਾਵਾਂ ਜੋ ਆਪਣੀ ਰੋਜ਼ਾਨਾ ਖਾਣਾ ਬਣਾਉਣ ਦੀ ਲੋੜ ਪੂਰਤੀ ਲਈ ਬਨਸਪਤੀ ਬਾਲਣ, ਲੱਕੜੀ ਗੋਹਾ ਜਾਂ ਖੇਤੀਬਾੜੀ ਦੀ ਰਹਿੰਦ-ਖੂੰਹਦ ਇਸਤੇਮਾਲ ਵਿੱਚ ਲਿਆਉਂਦੀਆਂ ਹਨ ਅਤੇ ਦੂਸਰੇ, ਘਰ ਦੇ ਅੰਦਰ ਦੇ ਪ੍ਰਦੂਸ਼ਣ ਦੀ ਉੱਚ ਪੱਧਰ ਨੂੰ ਘੱਟ ਕਰਨਾ। ਇਸ ਕਾਰਜ ਨਾਲ ਔਰਤਾਂ ਦਾ ਸ਼ਕਤੀਕਰਨ ਹੋਵੇਗਾ ਅਤੇ ਉਨ੍ਹਾਂ ਦੀ ਸਿਹਤ ਦਾ ਬਚਾਅ ਵੀ। ਇਸ ਨਾਲ ਵਗਾਰ ਵੀ ਘਟੇਗੀ ਅਤੇ ਖਾਣਾ ਬਣਾਉਣ ਲਈ ਸਮਾਂ ਵੀ ਘੱਟ ਲਗੇਗਾ। ਪੇਂਡੂ ਨੌਜਵਾਨਾਂ ਨੂੰ ਖਾਣਾ ਬਣਾਉਣ ਦੀ ਗੈਸ ਦੀ ਸਪਲਾਈ ਲਈ ਰੁਜ਼ਗਾਰ ਵੀ ਮਿਲੇਗਾ।

ਸਰਕਾਰੀ ਅਤੇ ਹੋਰਨਾਂ ਪੈਰਵੀ ਕਰਨ ਵਾਲੇ ਗਰੁੱਪਾਂ ਦੇ ਵੱਖ-ਵੱਖ ਅਧਿਐਨ ਦੱਸਦੇ ਹਨ ਕਿ ਭਾਰਤ ਵਿੱਚ ਹਰ ਸਾਲ ਘਰ ਅੰਦਰ ਹਵਾ ਦੇ ਪ੍ਰਦੂਸ਼ਣ ਕਰਕੇ ਲਗਭਗ ਪੰਜ ਲੱਖ ਮੌਤਾਂ ਹੁੰਦੀਆਂ ਹਨ।

ਡਾ. ਅਰਿੰਦਮ ਦੱਤਾ, ਫੈਲੋ, ਭੂ-ਵਿਗਿਆਨ ਅਤੇ ਮੌਸਮੀ ਬਦਲਾਅ ਵਿਭਾਗ, ਟੇਰੀ ਦਾ ਕਹਿਣਾ ਹੈ ਕਿ ਗਰੀਬੀ ਰੇਖਾ ਤੋਂ ਥੱਲੇ ਦੇ ਪੇਂਡੂ ਪਰਿਵਾਰਾਂ ਦੀ ਰਿਆਇਤੀ ਰਸੋਈ ਗੈਸ ਕਨੈਕਸ਼ਨ ਤੱਕ ਪਹੁੰਚ ਵਿੱਚ ਸੁਧਾਰ ਕਰਕੇ ਕੇਂਦਰੀ ਬਜਟ 2016-17 ਵਿੱਚ ਪੇਂਡੂ ਘਰ ਪਰਿਵਾਰਾਂ ਦੇ ਘਰ ਦੇ ਅੰਦਰਲੀ ਹਵਾ ਪ੍ਰਦੂਸ਼ਣ ਸਬੰਧੀ ਸੰਵੇਦਨਸ਼ੀਲ ਮੁੱਦਿਆਂ ਨੂੰ ਨਜਿੱਠਿਆ ਗਿਆ ਹੈ।" ਸਰਕਾਰ ਨੂੰ ਉਮੀਦ ਹੈ ਕਿ 2016-17 ਵਿੱਚ ਗਰੀਬੀ ਰੇਖਾ ਤੋਂ ਥੱਲੇ ਦੇ ਲਗਭਗ 1.5 ਕਰੋੜ ਘਰ ਪਰਿਵਾਰਾਂ ਨੂੰ ਲਾਭ ਮਿਲੇਗਾ। ਇਹ ਸਕੀਮ ਘੱਟੋ-ਘੱਟ ਦੋ ਸਾਲ ਹੋਰ ਚਲੇਗੀ ਅਤੇ ਲਗਭਗ 5 ਕਰੋੜ ਗਰੀਬੀ ਰੇਖਾ ਤੋਂ ਥੱਲੇ ਦੇ ਘਰ ਪਰਿਵਾਰ ਇਸ ਦੇ ਘੇਰੇ ਹੇਠ ਆ ਜਾਣਗੇ।

ਇਸ ਨਾਲ ਖਾਣਾ ਪਕਾਉਣ ਦੀ ਰਸੋਈ ਗੈਸ ਦੀ ਸਹੂਲਤ ਹਰ ਕਿਸੇ ਨੂੰ ਇਕ ਅਜਿਹੇ ਦੇਸ਼ ਵਿੱਚ ਉਪਲਬਧ ਹੋ ਜਾਵੇਗੀ ਜਿਥੇ ਰਵਾਇਤੀ ਤੌਰ ਤੇ ਗੈਸ ਸਿਲੰਡਰ ਸਮਾਜ ਦੇ ਮੱਧਮ ਉੱਚ ਵਰਗ ਦੀ ਸ਼ਾਨ ਸ਼ੌਕਤ ਗਿਣੇ ਜਾਂਦੇ ਸਨ। ਵਿੱਤ ਮੰਤਰੀ ਨੇ ਕਿਹਾ ਕਿ ਹਾਲਾਂਕਿ ਇਹ ਸ਼ਾਨਸ਼ੌਕਤ ਮੱਧਮ ਵਰਗ ਤੱਕ ਪਹੁੰਚ ਰਹੀ ਹੈ ਪਰ ਇਹ ਹਾਲੇ ਵੀ ਗਰੀਬਾਂ ਦੀ ਪਹੁੰਚ ਤੋਂ ਬਾਹਰ ਹੈ। ਪਰ ਹੁਣ ਗਰੀਬੀ ਰੇਖਾ ਤੋਂ ਥੱਲੇ ਦੇ ਪਰਿਵਾਰਾਂ ਨੂੰ ਸਰਕਾਰੀ ਸਬਸਿਡੀ ਨਾਲ ਖਾਣਾ ਪਕਾਉਣ ਦੀ ਗੈਸ ਦੇ ਸਿਲੰਡਰ ਦਿੱਤੇ ਜਾ ਰਹੇ ਹਨ।

2,000 ਕਰੋੜ ਰੁਪਏ ਦੀ ਸਕੀਮ, 'ਉੱਜਲ' ਜਿਸ ਅਧੀਨ ਗਰੀਬੀ ਰੇਖਾ ਤੋਂ ਥੱਲੇ ਦੇ ਪਰਿਵਾਰਾਂ ਦੀਆਂ 1.5 ਕਰੋੜ ਔਰਤਾਂ ਨੂੰ 2016-17 ਵਿੱਚ ਸਾਫ਼ ਈਧਨ ਦੇ ਕਨੈਕਸ਼ਨ ਦਿੱਤੇ ਜਾਣਗੇ ਜਿਸ ਨਾਲ ਔਰਤਾਂ ਦੀ ਸਿਹਤ ਵਿੱਚ, ਖ਼ਾਸ ਤੌਰ ਤੇ

ਪੇਂਡੂ ਇਲਾਕਿਆਂ ਵਿੱਚ ਸੁਧਾਰ ਆਵੇਗਾ ਅਤੇ ਵਾਤਾਵਰਨ ਵੀ ਪ੍ਰਦੂਸ਼ਣ ਤੋਂ ਬਚਿਆ ਰਹੇਗਾ।

**ਇਹ ਪਹਿਲੀ ਵਾਰ ਹੈ ਕਿ ਬਜਟ ਵਿੱਚ ਗਰੀਬਾਂ ਨੂੰ ਖਾਣਾ ਪਕਾਉਣ ਦੀ ਗੈਸ ਦੇ ਕਨੈਕਸ਼ਨ ਰਿਆਇਤੀ ਦਰ ਉਤੇ ਦੇਣ ਲਈ ਵਿਵਸਥਾ ਕੀਤੀ ਗਈ ਹੈ। ਸਰਕਾਰ ਹਰ ਕਨੈਕਸ਼ਨ ਲਈ 1,600 ਰੁਪਏ ਦੀ ਸਬਸਿਡੀ ਦੇਵੇਗੀ ਜੋ ਗਰੀਬੀ ਰੇਖਾ ਤੋਂ ਥੱਲੇ ਦੇ ਪਰਿਵਾਰ ਦੀ ਔਰਤ ਦੇ ਨਾਮ ਉਤੇ ਦਿੱਤਾ ਜਾਵੇਗਾ।**

ਹੁਣ ਤੱਕ, ਅਜਿਹਾ ਹਰ ਪ੍ਰਚੂਨ ਈਧਨ ਵਿਕਰੇਤਾ ਦੇ ਕਾਰਪੋਰੇਟ ਸਮਾਜਕ ਜ਼ਿੰਮੇਵਾਰੀ ਫੰਡ ਵਿੱਚੋਂ ਕੀਤਾ ਜਾ ਰਿਹਾ ਸੀ। ਇਸ ਸਕੀਮ ਨੂੰ ਘੱਟ ਤੋਂ ਘੱਟ ਤਿੰਨ ਸਾਲ ਚਲਾਇਆ ਜਾਵੇਗਾ ਤਾਂ ਕਿ 2018-19 ਤੱਕ ਘੱਟ ਤੋਂ ਘੱਟ 5 ਕਰੋੜ ਗਰੀਬੀ ਰੇਖਾ ਤੋਂ ਥੱਲੇ ਦੇ ਪਰਿਵਾਰਾਂ ਨੂੰ ਇਹ ਮਦਦ ਮਿਲ ਸਕੇ। ਗਰੀਬੀ ਰੇਖਾ ਤੋਂ ਥੱਲੇ ਦੇ ਪਰਿਵਾਰਾਂ ਨੂੰ ਨਵੇਂ ਗੈਸ ਕਨੈਕਸ਼ਨ ਉਨ੍ਹਾਂ ਰਾਜਾਂ ਵਿੱਚ ਪਹਿਲ ਦੇ ਤੌਰ ਤੇ ਦਿੱਤੇ ਜਾਣਗੇ ਜਿਥੇ ਪਹਿਲਾਂ ਨਹੀਂ ਹੈ, ਖ਼ਾਸ ਤੌਰ ਤੇ ਪੂਰਬੀ ਰਾਜਾਂ ਵਿੱਚ। 'ਪਹਿਲ' ਪ੍ਰੋਗਰਾਮ ਨਾਲ, ਰਸੋਈ ਗੈਸ ਦੀ ਸਬਸਿਡੀ ਸਿੱਧਿਆਂ ਖਾਤੇ ਵਿੱਚ ਜਮ੍ਹਾਂ ਸਕੀਮ ਨਾਲ ਸਰਕਾਰ ਨੇ ਦੁਨੀਆਂ ਦੀ ਅਜਿਹੀ ਸਕੀਮ ਹੋਣ ਦਾ ਗਿਨੀਜ਼ ਰਿਕਾਰਡ ਬੁੱਕ ਵਿੱਚ ਨਾਮ ਦਰਜ ਕਰਵਾ ਲਿਆ ਹੈ। ਸਰਕਾਰ ਦੇਸ਼ ਵਿੱਚ ਰਸੋਈ ਗੈਸ ਦੇ ਫੈਲਾਅ ਨੂੰ ਜੋ ਅੱਜ ਲਗਭਗ 60 ਪ੍ਰਤਿਸ਼ਤ ਆਬਾਦੀ ਤੱਕ ਹੈ, ਵਧਾਉਣਾ ਚਾਹੁੰਦੀ ਹੈ। ਵਿਸ਼ਵ ਸਿਹਤ ਸੰਸਥਾਨ ਦੇ ਇਕ ਅੰਦਾਜ਼ੇ ਅਨੁਸਾਰ, ਭਾਰਤ ਵਿੱਚ ਲਗਭਗ 5 ਲੱਖ ਔਰਤਾਂ ਗ਼ੈਰ ਸਾਫ਼ ਈਧਨ ਦੀ ਵਰਤੋਂ ਨਾਲ ਮਰਦੀਆਂ ਹਨ।

ਬਜਟ 2016-17 ਵਿੱਚ 500 ਕਰੋੜ ਰੁਪਏ 'ਸਟੈਂਡ ਅਪ ਇੰਡੀਆ ਸਕੀਮ' ਅਧੀਨ ਅਨੁਸੂਚਿਤ ਜਾਤੀ ਅਤੇ ਅਨੁਸੂਚਿਤ ਜਨਜਾਤੀ ਹੱਬ ਸਥਾਪਤ ਕਰਨ ਦਾ ਵੀ ਪ੍ਰਸਤਾਵ ਹੈ। ਵਿੱਤ ਮੰਤਰੀ ਨੇ ਕਿਹਾ ਕਿ ਅਨੁਸੂਚਿਤ ਜਾਤੀਆਂ ਅਤੇ ਅਨੁਸੂਚਿਤ ਜਨਜਾਤੀਆਂ ਦੇ ਉੱਦਮੀਆਂ ਨੇ ਕਾਮਯਾਬ ਵਪਾਰਕ ਉੱਦਮ ਸ਼ੁਰੂ ਕਰਨ ਵੱਲ ਵੱਡੀ ਹਿੰਮਤ ਦਿਖਾਉਣੀ ਸ਼ੁਰੂ ਕਰ ਦਿੱਤੀ ਹੈ।

ਘੱਟ ਤੋਂ ਘੱਟ 2.5 ਲੱਖ ਉੱਦਮ ਲੱਗ ਜਾਣ ਦੀ ਸੰਭਾਵਨਾ ਨੂੰ ਦੇਖਦੇ ਹੋਏ, ਇਹ ਸਪੱਸ਼ਟ ਹੈ ਕਿ ਇਸ ਤੋਂ ਔਰਤ ਉੱਦਮੀਆਂ ਨੂੰ ਵੀ ਲਾਭ ਮਿਲੇਗਾ ਅਤੇ ਹਰ ਬੈਂਕ ਬ੍ਰਾਂਚ ਘੱਟ ਤੋਂ ਘੱਟ ਦੋ ਉੱਦਮ ਸ਼ੁਰੂ ਕਰਨ ਵਿੱਚ ਸਹਾਇਤਾ ਕਰੇਗੀ। ਪ੍ਰਸਤਾਵਿਤ ਹਬ ਉਦਯੋਗਿਕ ਐਸੋਸੀਏਸ਼ਨਾਂ ਦੀ ਭਾਈਵਾਲੀ ਨਾਲ ਸਥਾਪਤ ਕੀਤੀ ਜਾਵੇਗੀ ਅਤੇ ਕੇਂਦਰ ਸਰਕਾਰ ਦੀ 2012 ਦੀ ਵਸੂਲੀ ਨੀਤੀ ਅਧੀਨ ਅਨੁਸੂਚਿਤ ਜਾਤੀਆਂ ਅਤੇ ਅਨੁਸੂਚਿਤ ਜਨਜਾਤੀਆਂ ਦੇ ਉੱਦਮੀਆਂ ਦੀ ਮਦਦ ਕਰੇਗੀ। ਅਸੀਂ ਹੁਣ ਡਾ. ਬੀ.ਆਰ.ਅੰਬੇਡਕਰ ਦੀ 125ਵੀਂ ਜਨਮ ਸ਼ਤਾਬਦੀ ਮਨਾ ਰਹੇ ਹਾਂ। ਇਸ ਨੂੰ ਹਰ ਸੂਰਤ ਵਿਚ ਅਨੁਸੂਚਿਤ ਜਾਤੀਆਂ ਅਤੇ ਜਨਜਾਤੀਆਂ ਅਤੇ ਔਰਤ ਉੱਦਮੀਆਂ ਦੇ ਆਰਥਿਕ ਸ਼ਕਤੀਕਰਨ ਦਾ ਸਾਲ ਬਣਾਉਣਾ ਹੈ।

ਅੰਤ ਵਿੱਚ, ਬਜਟ ਸਮੇਂ ਸਿਰ ਦਿਸ਼ਾ ਸੋਧਣ ਦਾ ਕੰਮ ਵੀ ਕਰਦਾ ਹੈ। ਮੁੱਖ ਸੰਸਥਾਨਾਂ ਦੇ ਮਜ਼ਬੂਤੀਕਰਨ, ਉਨ੍ਹਾਂ ਸਕੀਮਾਂ ਲਈ ਢੁਕਵਾਂ ਨਿਰਧਾਰਨ ਜੋ ਲਿੰਗ-ਭੇਦ ਚਿੰਤਾਵਾਂ ਨਾਲ ਜੁੜੀਆਂ ਹਨ ਅਤੇ ਅਜੋਕੀਆਂ ਸਕੀਮਾਂ ਨੂੰ ਅਸਰਦਾਰ ਢੰਗ ਨਾਲ ਲਾਗੂ ਕਰਨ ਉਪਰ ਜੋਰ ਹੈ।

2016-17 ਦੇ ਬਜਟ ਦਾ ਉਦੇਸ਼ ਹੈ ਕਿ ਭਾਰਤ ਆਰਥਿਕ ਮੰਦੀ ਨਾਲ ਗ੍ਰਸਤ ਦੁਨੀਆਂ ਵਿੱਚ ਇਕ 'ਚਮਕਦਾ ਸਥਾਨ' ਬਣ ਕੇ ਰਹੇ ਅਤੇ ਵਿਕਾਸ ਲਈ ਔਰਤਾਂ ਦੇ ਸ਼ਕਤੀਕਰਨ ਅਤੇ ਲਿੰਗ ਸਮਾਨਤਾ ਲਿਆਉਣ ਤੋਂ ਇਲਾਵਾ ਹੋਰ ਕੋਈ ਵੀ ਉਪਾਅ ਇਸ ਕਾਰਜ ਲਈ ਕਾਰਗਰ ਨਹੀਂ ਹੈ।

*(ਲੇਖਕ ਇੱਕ ਅਰਥਸ਼ਾਸਤਰੀ ਅਤੇ ਸਿੱਖਿਆ ਸ਼ਾਸਤਰੀ ਹਨ)*

*e-mail :shahin.razi@gmail.com*

**ਫਾਰਮ-IV**

***(ਯੋਜਨਾ (ਪੰਜਾਬੀ) ਮਾਸਿਕ ਦੀ ਮਲਕੀਅਤ ਬਾਰੇ ਅਤੇ ਹੋਰ ਵੇਰਵੇ*** )

| | | |
|---|---|---|
| 1. **ਪ੍ਰਕਾਸ਼ਨ ਸਥਾਨ** | : | ਨਵੀਂ ਦਿੱਲੀ |
| 2. **ਪ੍ਰਕਾਸ਼ਨ ਸਮਾਂ** | : | ਮਾਸਿਕ |
| 3. **ਛਾਪਕ ਦਾ ਨਾਂ ਅਤੇ ਕੌਮੀਅਤ** | : | ਡਾ. ਸਾਧਨਾ ਰਾਉਤ |
| | : | ਭਾਰਤੀ |
| | : | ਪ੍ਰਕਾਸ਼ਨ ਵਿਭਾਗ, ਸੂਚਨਾ ਭਵਨ, ਨਵੀਂ ਦਿੱਲੀ - 110003 |
| 4. **ਪ੍ਰਕਾਸ਼ਕ ਦਾ ਨਾਂ ਅਤੇ ਕੌਮੀਅਤ** | : | ਡਾ. ਸਾਧਨਾ ਰਾਉਤ |
| **ਪਤਾ** | : | ਭਾਰਤੀ |
| | : | ਪ੍ਰਕਾਸ਼ਨ ਵਿਭਾਗ, ਸੂਚਨਾ ਭਵਨ, ਨਵੀਂ ਦਿੱਲੀ - 110003 |
| 5. **ਸੰਪਾਦਕ ਦਾ ਨਾਂ ਅਤੇ ਕੌਮੀਅਤ** | : | ਰਾਕੇਸ਼ ਮਹਿਤਾ |
| **ਪਤਾ** | : | ਭਾਰਤੀ |
| | : | ਪ੍ਰਕਾਸ਼ਨ ਵਿਭਾਗ, ਸੂਚਨਾ ਭਵਨ, ਨਵੀਂ ਦਿੱਲੀ - 110003 |
| 6. **ਮਾਲਕ ਦਾ ਨਾਂ ਤੇ ਪਤਾ** | : | ਸੂਚਨਾ ਤੇ ਪ੍ਰਸਾਰਨ ਮੰਤਰਾਲਾ, ਭਾਰਤ ਸਰਕਾਰ, ਨਵੀਂ ਦਿੱਲੀ-110001 |

ਮੈਂ, ਡਾ. ਸਾਧਨਾ ਰਾਉਤ ਐਲਾਨ ਕਰਦੀ ਹਾਂ ਕਿ ਉਪਰੋਕਤ ਵੇਰਵੇ ਮੇਰੀ ਜਾਣਕਾਰੀ ਅਤੇ ਵਿਸ਼ਵਾਸ ਅਨੁਸਾਰ ਸੱਚ ਅਤੇ ਸਹੀ ਹਨ।

(ਡਾ. ਸਾਧਨਾ ਰਾਉਤ)

# ਕੇਂਦਰੀ ਬਜਟ 2016-17 : ਸਿੱਖਿਆ ਖੇਤਰ ਲਈ ਵਿਵਸਥਾਵਾਂ

✍ ਪ੍ਰੋਤਿਵਾ ਕੁੰਦੂ

ਵਿੱਤੀ ਨੀਤੀ ਦੇ ਮਾਮਲੇ ਵਿੱਚ ਸਾਲ 2015-16 ਭਾਰਤੀ ਆਰਥਿਕਤਾ ਵਾਸਤੇ ਅਹਿਮ ਸੀ। ਕੁੱਝ ਬੁਨਿਆਦੀ ਨੀਤੀਗਤ ਕਦਮ ਜਿਵੇਂ ਕਿ ਰਾਜਾਂ ਨੂੰ ਵੱਧ ਕੇਂਦਰੀ ਕਰ ਦੇਣ ਬਾਰੇ ਚੌਧਵੇਂ ਵਿੱਤ ਆਯੋਗ ਦੀਆਂ ਸਫ਼ਾਰਸ਼ਾਂ ਨੂੰ ਮਨਜ਼ੂਰੀ ਦੇਣੀ ; ਰਾਜਾਂ ਲਈ ਕੇਂਦਰੀ ਸਰਕਾਰ ਦੇ ਯੋਜਨਾਬਧ ਅਨੁਦਾਨ ਵਿੱਚ ਕਮੀ, ਯੋਜਨਾ ਆਯੋਗ ਨੂੰ ਖਤਮ ਕਰਨਾ ਆਦਿ ਨੇ ਭਾਰਤ ਦੇ ਕੁੱਲ ਵਿੱਤੀ ਢਾਂਚੇ ਉਤੇ ਅਸਰ ਪਾਇਆ ਹੈ। ਇਨ੍ਹਾਂ ਮਹੱਤਵਪੂਰਨ ਬਦਲਾਵਾਂ ਦੇ ਮੱਦੇਨਜ਼ਰ, ਇਹ ਦੇਖਣਾ ਅਹਿਮ ਹੋਵੇਗਾ ਕਿ 2016-17 ਦਾ ਕੇਂਦਰੀ ਬਜਟ ਸਿੱਖਿਆ ਖੇਤਰ ਨੂੰ ਕੀ ਦੇਣ ਜਾ ਰਿਹਾ ਹੈ।


## ਸਿੱਖਿਆ ਖੇਤਰ ਲਈ ਬਜਟ ਦੀ ਵਿਵਸਥਾ

ਲੋਕ ਸਭਾ ਵਿੱਚ ਆਪਣਾ ਤੀਜਾ ਬਜਟ ਪੇਸ਼ ਕਰਦਿਆਂ ਖਜ਼ਾਨਾ ਮੰਤਰੀ ਨੇ ਉਨ੍ਹਾਂ ਨੌਂ ਵਿਲੱਖਣ ਥੰਮ੍ਹਾਂ ਦਾ ਖਾਕਾ ਪੇਸ਼ ਕੀਤਾ ਜੋ ਭਾਰਤ ਨੂੰ ਬਦਲ ਕੇ ਰੱਖ ਦੇਣਗੇ। ਬਜਾਇ ਕਿ ਸਮਾਜਕ ਖੇਤਰ ਦੇ ਤੀਜੇ ਥੰਮ੍ਹ ਨਾਲ ਮਿਲਾਉਣ ਦੇ, 'ਸਿੱਖਿਆ, ਹੁਨਰ ਅਤੇ ਰੁਜ਼ਗਾਰ ਨਿਰਮਾਣ' ਨੂੰ ਵਿੱਤ ਮੰਤਰੀ ਵਲੋਂ ਵਿਸ਼ੇਸ਼ ਚੌਥੇ ਥੰਮ੍ਹ ਵਜੋਂ ਪੇਸ਼ ਕੀਤਾ ਗਿਆ ਹੈ।

2016-17 (ਬੀ ਈ) ਲਈ ਕੇਂਦਰ ਸਰਕਾਰ ਦਾ ਸਿੱਖਿਆ ਉਤੇ ਖਰਚ ਦਾ ਅਨੁਮਾਨ ਕੁੱਲ ਘਰੇਲੂ ਉਤਪਾਦ ਦਾ 0.48 ਪ੍ਰਤਿਸ਼ਤ ਰੱਖਿਆ ਗਿਆ ਹੈ ਜੋ 2015-16 (ਆਰ ਈ) ਵਿੱਚ 0.50 ਪ੍ਰਤਸ਼ਿਤ ਸੀ। ਕੁੱਲ ਕੇਂਦਰੀ ਬਜਟ ਵਿੱਚ ਸਿੱਖਿਆ ਦੀ ਹਿੱਸੇਦਾਰੀ 3.8 ਪ੍ਰਤਿਸ਼ਤ ਤੋਂ ਘਟ ਕੇ 3.7 ਪ੍ਰਤਿਸ਼ਤ ਰਹਿ ਗਈ ਹੈ (ਵੇਖੋ ਚਿੱਤਰ-1)।

ਮਨੁੱਖੀ ਵਸੀਲਾ ਵਿਕਾਸ ਮੰਤਰਾਲਾ ਕੇਂਦਰ ਸਰਕਾਰ ਵਲੋਂ ਸਿੱਖਿਆ ਲਈ ਖਰਚ ਵਾਸਤੇ ਲਗਭਗ 70 ਪ੍ਰਤਿਸ਼ਤ ਯੋਗਾਦਨ ਦਿੰਦਾ ਹੈ (ਐੱਮ ਐੱਚ ਆਰ ਡੀ 2014)। 2016-17 ਲਈ ਮਨੁੱਖੀ ਵਸੀਲਾ ਵਿਕਾਸ ਮੰਤਰਾਲੇ ਨੂੰ 72394 ਕਰੋੜ ਰੁਪਏ ਦਿੱਤੇ ਗਏ ਹਨ ਜਿਸ ਵਿੱਚੋਂ 60 ਪ੍ਰਤਿਸ਼ਤ ਸਕੂਲੀ ਸਿੱਖਿਆ ਤੇ ਸਾਖਰਤਾ ਵਿਭਾਗ ਅਤੇ 40 ਪ੍ਰਤਿਸ਼ਤ ਉੱਚ ਸਿੱਖਿਆ ਵਿਭਾਗ ਲਈ ਰਾਖਵੇਂ ਰੱਖੇ ਗਏ ਹਨ। ਸਮੇਂ ਦੇ ਨਾਲ ਮਨੁੱਖੀ ਵਸੀਲਾ ਵਿਕਾਸ ਮੰਤਰਾਲੇ ਦੇ ਬਜਟ ਦੀ ਪੁਨਰ ਤਰਜੀਹ ਉੱਚ ਸਿੱਖਿਆ ਵੱਲ ਜਾਂਦੀ ਸਪੱਸ਼ਟ ਰੂਪ ਵਿੱਚ ਦਿਖਾਈ ਗਈ ਹੈ (ਵੇਖੋ ਚਿੱਤਰ-2)।

ਚਿੱਤਰ-1 : ਕੇਂਦਰ ਸਰਕਾਰ ਦਾ ਸਿੱਖਿਆ ਉਤੇ ਬਜਟ ਖਰਚਾ (ਪ੍ਰਤਿਸ਼ਤ ਵਿੱਚ)




*ਨੋਟ : ਕੇਂਦਰ ਸਰਕਾਰ ਦੇ ਸਿੱਖਿਆ ਉਤੇ ਖਰਚ ਵਿੱਚ ਸਿਰਫ਼ ਮਨੁੱਖੀ ਵਸੀਲਾ ਵਿਕਾਸ ਮੰਤਰਾਲੇ ਵਲੋਂ ਕੀਤਾ ਜਾਂਦਾ ਖਰਚ ਸ਼ਾਮਲ ਹੈ; ਬੀ ਈ-ਬਜਟ ਅਨੁਮਾਨ, ਆਰ ਈ - ਸੋਧੇ ਹੋਏ ਅਨੁਮਾਨ, ਕੁੱਲ ਘਰੇਲੂ ਉਤਪਾਦ ਦੇ ਅੰਕੜੇ ਮੌਜੂਦਾ ਬਜ਼ਾਰ ਕੀਮਤਾਂ ਅਨੁਸਾਰ ਹਨ (2011-12 ਲੜੀ, ਦੂਜੇ ਸੋਧੇ ਅਨੁਮਾਨ)*


*ਸਰੋਤ : ਬਿੰਦੂਆਂ ਨੂੰ ਜੋੜਨਾ, 2016-17 ਦੇ ਕੇਂਦਰੀ ਬਜਟ ਦਾ ਵਿਸ਼ਲੇਸ਼ਣ, ਸੀ ਬੀ ਸੀ ਏ*

## ਸਕੂਲੀ ਸਿੱਖਿਆ ਲਈ ਬਜਟ ਵਿਵਸਥਾ

ਵਿੱਤ ਮੰਤਰੀ ਨੇ ਆਪਣੇ ਬਜਟ ਭਾਸ਼ਣ ਵਿੱਚ ਸਾਰਿਆਂ ਲਈ ਮੁਢਲੀ ਸਿੱਖਿਆ ਦੀ ਗੱਲ ਕੀਤੀ ਜਿਸ ਵਿੱਚ ਜ਼ਿਆਦਾ ਜ਼ੋਰ ਅਗਾਂਹ ਵਧੂ ਅਤੇ ਗੁਣਤਾ ਵਾਲੀ ਸਿੱਖਿਆ ਉਤੇ ਦਿੱਤਾ ਗਿਆ। ਹੈਰਾਨੀਜਨਕ ਗੱਲ ਹੈ ਕਿ ਬਜਟ ਸਿੱਖਿਆ ਦਾ ਅਧਿਕਾਰ ਜਾਂ ਸੈਕੰਡਰੀ ਸਿੱਖਿਆ ਦੀ ਗੱਲ ਨਹੀਂ ਕਰਦਾ।

ਭਾਵੇਂ ਭਾਰਤ ਨੇ ਸਾਰਿਆਂ ਲਈ ਮੁਢਲੇ ਦਾਖ਼ਲੇ ਦਾ ਟੀਚਾ ਪ੍ਰਾਪਤ ਕਰ ਲਿਆ ਹੈ (ਜਮਾਤ 1 ਤੋਂ 4), ਪਰ ਦਾਖਲੇ ਦੇ ਅੰਕੜੇ ਅਸਲ ਕਹਾਣੀ ਬਿਆਨ ਨਹੀਂ ਕਰਦੇ ਕਿਉਂਕਿ ਅੰਕੜੇ ਦਰਸਾਉਂਦੇ ਹਨ ਕਿ 6 ਤੋਂ 14 ਸਾਲਾਂ ਦੀ ਉਮਰ ਦੇ ਲਗਭਗ 4.3 ਕਰੋੜ ਬੱਚੇ ਹਲੇ ਵੀ ਸਕੂਲ ਤੋਂ ਬਾਹਰ ਹਨ (ਮਰਦਮਸ਼ੁਮਾਰੀ 2011)। ਇਹ ਬੱਚੇ 6 ਤੋਂ 14 ਸਾਲ ਦੀ ਉਮਰ ਦੇ ਕੁੱਲ ਬੱਚਿਆਂ ਦਾ ਲਗਭਗ 18 ਪ੍ਰਤਿਸ਼ਤ ਬਣਦੇ ਹਨ। ਨਾ ਸਿਰਫ਼ ਦਾਖਲਾ, ਸਕੂਲੀ ਸਿੱਖਿਆ ਦੇ ਪੱਧਰ ਵਿੱਚ ਕਮੀਆਂ ਵੀ ਕੁੱਝ ਸਾਲਾਂ ਤੋਂ ਚਿੰਤਾ ਦਾ ਵਿਸ਼ਾ ਬਣੀਆਂ ਹੋਈਆਂ ਹਨ, ਖ਼ਾਸ ਕਰਕੇ ਸਰਕਾਰੀ ਖਰਚ ਨਾਲ ਸਿੱਖਿਆ ਦੇ ਸੰਦਰਭ ਵਿੱਚ। ਸਮਾਂਬੱਧ ਤਰੀਕੇ ਨਾਲ ਸਾਰੇ ਬੱਚਿਆਂ ਨੂੰ

ਚਿੱਤਰ-2 : ਮਨੁੱਖੀ ਵਸੀਲਾ ਵਿਕਾਸ ਮੰਤਰਾਲੇ ਦੇ ਬਜਟ ਦੀ ਵਿਭਾਗ ਦੁਆਰਾ ਬਣਤਰ (ਪ੍ਰਤਿਸ਼ਤ ਵਿੱਚ)




*ਸਰੋਤ : ਲੇਖਕ ਦੁਆਰਾ ਮਨੁੱਖੀ ਵਸੀਲਾ ਵਿਕਾਸ ਮੰਤਰਾਲਾ ਦੇ ਬਜਟ ਖਰਚ ਅਤੇ ਕੇਂਦਰੀ ਬਜਟ ਵਿੱਚੋਂ ਲਿਆ ਗਿਆ ਵੱਖ-ਵੱਖ ਸਾਲਾਂ ਦਾ ਡੈਟਾ*


ਮੁਫਤ ਤੇ ਵਧੀਆ ਸਿੱਖਿਆ ਪ੍ਰਦਾਨ ਕਰਨ ਨੂੰ 2009 ਦੇ ਸਿੱਖਿਆ ਦੇ ਅਧਿਕਾਰ ਐਕਟ ਵਿੱਚ ਦਰਜ ਕੀਤਾ ਗਿਆ ਹੈ। ਪਰ, ਆਪਣੀ ਹੋਂਦ ਦੇ ਅੱਧੇ ਦਹਾਕੇ ਦੇ ਬਾਅਦ ਵੀ ਸਿਰਫ਼ 8 ਪ੍ਰਤਿਸ਼ਤ ਸਕੂਲ ਸਿੱਖਿਆ ਦਾ ਅਧਿਕਾਰ ਐਕਟ ਵਿਚਲੇ ਸਾਰੇ ਹੀ ਬੁਨਿਆਦੀ ਢਾਂਚਾ ਨੇਮਾਂ ਦੀ ਪਾਲਣਾ ਕਰਦੇ ਹਨ; ਸਰਕਾਰੀ ਸਕੂਲਾਂ ਵਿੱਚ 9.4 ਲੱਖ ਅਧਿਆਪਕਾਂ ਦੀ ਘਾਟ ਹੈ; ਲਗਭਗ 8.3 ਪ੍ਰਤਿਸ਼ਤ ਮੁਢਲੀ ਸਿੱਖਿਆ ਸਕੂਲ ਇਕੱਲੇ ਅਧਿਆਪਕ ਦੇ ਆਸਰੇ ਚੱਲ ਰਹੇ ਹਨ। ਸਰਕਾਰੀ ਸਕੂਲਾਂ ਦੇ ਮੌਜੂਦਾ ਅਧਿਆਪਕਾਂ ਵਿੱਚੋਂ ਲਗਭਗ 20 ਪ੍ਰਤਿਸ਼ਤ ਅਸਿੱਖਿਅਤ ਹਨ ਅਤੇ ਪਿਛਲੇ ਪੰਜ ਸਾਲਾਂ ਤੋਂ ਸਿੱਖਿਅਤ ਤੇ ਯੋਗ ਅਧਿਆਪਕਾਂ ਦਾ ਅਨੁਪਾਤ ਖੜੋਤ ਦਾ ਸ਼ਿਕਾਰ ਹੈ (ਡੀ ਆਈ ਐੱਸ ਈ, 2014-15)। ਇਸ ਐਕਟ ਨੂੰ ਸਫਲਤਾ ਨਾਲ ਲਾਗੂ ਕਰਨ ਲਈ ਮੁਢਲੀ ਸਿੱਖਿਆ ਦੇ ਵੱਖ-ਵੱਖ ਅੰਗਾਂ ਲਈ ਢੁਕਵਾਂ ਵਿੱਤੀ ਨਿਰਧਾਰਨ ਯਕੀਨੀ ਬਣਾਉਣਾ ਹੋਵੇਗਾ। ਪਰ, ਸਕੂਲੀ ਸਿੱਖਿਆ ਵਿਭਾਗ ਲਈ ਇਸ ਸਾਲ ਦਾ ਕੁੱਲ ਬਜਟ 2015-16 ਨਾਲੋਂ ਸਿਰਫ 3.2 ਪ੍ਰਤਿਸ਼ਤ ਹੀ ਵੱਧ ਸੀ (ਆਰ ਈ)।

## ਸਿੱਖਿਆ ਦੇ ਅਧਿਕਾਰ ਲਈ ਪੈਸਾ ਦੇਣਾ

ਸਿੱਖਿਆ ਦਾ ਅਧਿਕਾਰ ਐਕਟ, 2009 ਦੇ ਲਾਗੂ ਹੋਣ ਨਾਲ ਸਰਬ ਸਿੱਖਿਆ ਅਭਿਆਨ ਇਸ ਐਕਟ ਨੂੰ ਲਾਗੂ ਕਰਨ ਦਾ ਮੁੱਖ ਵਾਹਕ ਰਿਹਾ ਹੈ। ਇਸ ਸਾਲ ਸਰਬ ਸਿੱਖਿਆ ਅਭਿਆਨ ਲਈ 22500 ਕਰੋੜ ਰੁਪਏ ਰੱਖੇ ਗਏ ਹਨ। 2015-16 ਨਾਲੋਂ ਇਹ ਵਾਧਾ ਸਿਰਫ਼ 2.2 ਪ੍ਰਤਿਸ਼ਤ ਬਣਦਾ ਹੈ (ਆਰ ਈ)। ਇਸ ਰਕਮ ਦਾ 65 ਪ੍ਰਤਿਸ਼ਤ ਸਿੱਖਿਆ ਸੈਸ ਰਾਹੀਂ ਇਕੱਤਰ ਕੀਤਾ ਜਾਵੇਗਾ (ਸ਼ੁਰੂਆਤੀ ਸਿੱਖਿਆ ਕੋਸ਼) (ਵੇਖੋ ਚਿੱਤਰ-3)। 29 ਪ੍ਰਤਿਸ਼ਤ ਕੁੱਲ ਬਜਟ ਸਹਾਇਤਾ ਅਤੇ 6 ਪ੍ਰਤਿਸ਼ਤ ਬਾਹਰੀ ਮਦਦ ਪ੍ਰਾਪਤ ਯੋਜਨਾਵਾਂ ਤੋਂ ਹਾਸਲ ਕੀਤਾ ਜਾਵੇਗਾ। ਕੈਗ ਦੀ ਇਕ ਹਾਲੀਆ ਰਿਪੋਰਟ ਦਰਸਾਉਂਦੀ ਹੈ ਕਿ 2014 (ਆਰ ਈ) ਲਈ ਸਰਬ ਸਿੱਖਿਆ ਅਭਿਆਨ ਦਾ ਬਜਟ 5256 ਕਰੋੜ ਰੁਪਏ ਘੱਟ ਕਰ ਦਿੱਤਾ ਗਿਆ ਹੈ ਜਦ ਕਿ ਬਜਟ ਪ੍ਰਾਵਧਾਨ 27,575 ਕਰੋੜ ਰੁਪਏ ਦਾ ਸੀ। ਇਸ ਦਾ ਕਾਰਨ ਸਿੱਖਿਆ ਸੈੱਸ ਘੱਟ ਇਕੱਤਰ ਹੋਣਾ ਕਿਹਾ ਜਾ ਰਿਹਾ ਹੈ (ਕੈਗ, 2015)। ਨੀਤੀ ਆਯੋਗ ਵਲੋਂ ਕੇਂਦਰ ਵਲੋਂ ਪ੍ਰਾਯੋਜਿਤ ਸਕੀਮਾਂ ਨੂੰ ਤਰਕਸੰਗਤ ਕਰਨ ਦੀਆਂ ਸਫ਼ਾਰਸ਼ਾਂ ਉਤੇ ਅਮਲ ਕਰਦਿਆਂ ਕੇਂਦਰ ਸਰਕਾਰ ਵਲੋਂ ਸਰਬ ਸਿੱਖਿਆ ਅਭਿਆਨ ਲਈ ਆਪਣਾ ਹਿੱਸਾ, ਸਾਰੇ ਆਮ ਵਰਗ ਦੇ ਰਾਜਾਂ ਵਾਸਤੇ 65 ਤੋਂ ਘਟਾ ਕੇ 60 ਪ੍ਰਤਿਸ਼ਤ ਕਰ ਦਿੱਤਾ ਗਿਆ ਹੈ, ਜੋ 2016-17 ਤੋਂ ਅਰੰਭ ਹੋਵੇਗਾ। ਇਸ ਕਰਕੇ, ਸਿੱਖਿਆ ਦਾ ਅਧਿਕਾਰ ਐਕਟ ਦਾ ਸਹੀ ਅਰਥਾਂ ਵਿੱਚ ਅਮਲ ਰਾਜਾਂ ਵਲੋਂ ਇਨ੍ਹਾਂ ਦਾ ਵਧਿਆ ਹਿੱਸਾ ਦੇਣ ਉਤੇ ਨਿਰਭਰ ਕਰੇਗਾ, ਜੋ ਅਨਿਸਚਿਤ ਅਤੇ ਚਿੰਤਾ ਦਾ ਵਿਸ਼ਾ ਬਣਿਆ ਹੋਇਆ ਹੈ।

ਸੈਕੰਡਰੀ ਪੱਧਰ ਉਤੇ ਗੁਣਤਾ ਦਾ ਮੁੱਦਾ ਜ਼ਿਆਦਾ ਗੰਭੀਰ ਹੈ। ਸੈਕੰਡਰੀ ਸਿੱਖਿਆ ਮੁਢਲੀ ਸਿੱਖਿਆ ਅਤੇ ਉੱਚ ਸਿੱਖਿਆ ਪ੍ਰਣਾਲੀ ਦਰਮਿਆਨ ਇਕ ਜ਼ਰੂਰੀ ਕੜੀ ਪ੍ਰਦਾਨ ਕਰਦੀ ਹੈ। ਪਰ, ਭਾਵੇਂ ਕਿ ਮੁਢਲੀ ਸਿੱਖਿਆ ਨੇ ਲਗਭਗ ਪੂਰਨ ਇਕਸਾਰ ਦਾਖ਼ਲੇ ਦਾ ਅਨੁਭਵ ਕੀਤਾ ਹੈ, ਤਾਂ ਵੀ 15 ਤੋਂ 18 ਉਮਰ ਵਰਗ ਦੇ ਸਿਰਫ਼ 62 ਪ੍ਰਤਿਸ਼ਤ ਬੱਚੇ ਹੀ ਸੈਕੰਡਰੀ ਪੱਧਰ ਉਤੇ ਪੜ੍ਹਾਈ ਕਰ ਰਹੇ ਹਨ (ਜਮਾਤ 9ਵੀ ਤੋਂ 12ਵੀ) (ਮਨੁੱਖੀ ਵਸੀਲਾ ਵਿਕਾਸ ਮੰਤਰਾਲਾ, 2014)। ਰਾਸ਼ਟਰੀ ਮਾਧਮਿਕ ਸਿੱਖਿਆ ਅਭਿਆਨ ਜੋ ਸੈਕੰਡਰੀ ਸਿੱਖਿਆ ਦੇ ਮਿਆਰ ਵਿੱਚ ਸੁਧਾਰ ਲਈ ਸ਼ੁਰੂ ਕੀਤਾ ਗਿਆ ਸੀ, ਨੂੰ 3700 ਕਰੋੜ ਰੁਪਏ ਦਿੱਤੇ ਗਏ ਹਨ, 2015-16 (ਆਰ ਈ) ਨਾਲੋਂ 135 ਕਰੋੜ ਰੁਪਏ ਦਾ ਵਾਧਾ/ਆਰ ਐੱਮ ਐੱਸ ਏ ਨੂੰ ਐੱਨ ਈ ਐੱਮ ਅਧੀਨ ਲਿਆਂਦਾ ਗਿਆ ਹੈ ਪਰ ਕੇਂਦਰ ਸਰਕਾਰ ਨੇ ਆਰ ਐੱਮ ਐੱਸ ਏ ਲਈ ਆਪਣਾ

ਚਿੱਤਰ-3 : ਸੈੱਸ ਰਾਹੀਂ ਸਰਬ ਸਿੱਖਿਆ ਅਭਿਆਨ ਨੂੰ ਪੈਸਾ ਦੇਣ ਦਾ ਤਰੀਕਾ (ਪ੍ਰਤਿਸ਼ਤ ਵਿੱਚ)




*ਸਰੋਤ : ਲੇਖਕ ਵਲੋਂ ਕੇਂਦਰੀ ਬਜਟ, ਖਰਚ ਬਜਟ, ਜਿਲਦ-2, ਮਨੁੱਖੀ ਸਰੋਤ ਵਿਕਾਸ ਮੰਤਰਾਲੇ ਦੇ ਵੱਖ-ਵੱਖ ਸਾਲਾਂ ਤੋਂ ਇਕੱਠਾ ਕੀਤਾ ਗਿਆ।*

ਸੂਚੀ-1 : ਸਿੱਖਿਆ ਵਿੱਚ ਚੋਣਵੀਆਂ ਸਕੀਮਾਂ ਲਈ ਬਜਟ ਵਿਵਸਥਾ (ਕਰੋੜ ਰੁਪਏ)

| ਸਕੀਮ | 2014-15 | 2015-16 (ਬੀ ਈ) | 2015-16 (ਆਰ ਈ) | 2016-17 (ਬੀ ਈ) |
|---|---|---|---|---|
| ਐੱਨ ਈ ਐੱਮ - ਸਰਬ ਸਿੱਖਿਆ ਅਭਿਆਨ | 24097 | 22000 | 22015 | 22500 |
| ਐੱਨ ਈ ਐੱਮ - ਰਾਸ਼ਟਰੀ ਮਾਧਮਿਕ ਸਿੱਖਿਆ ਅਭਿਆਨ | 3398 | 3565 | 3565 | 3700 |
| ਐੱਨ ਈ ਐੱਮ - ਅਧਿਆਪਕ ਸਿਖਲਾਈ ਅਤੇ ਸਾਖਰ ਭਾਰਤ | 1158 | 1397 | 1203 | 879 |
| ਮਦਰੱਸੇ ਅਤੇ ਘੱਟ ਗਿਣਤੀਆਂ ਨੂੰ ਸਿੱਖਿਆ ਪ੍ਰਦਾਨ ਕਰਨ ਲਈ ਸਕੀਮ | 119 | 376 | 336 | 120 |
| *ਕੇਂਦਰੀ ਵਿਦਿਆਲਾ ਸੰਗਠਨ* | 3243 | 3278 | 3278 | 3795 |
| *ਨਵੋਦਿਆ ਵਿਦਿਆਲਾ ਸੰਗਠਨ* | 2013 | 2061 | 2285 | 2471 |
| ਮਿਡ ਡੇ ਮੀਲ (ਐੱਮ ਡੀ ਐੱਮ) | 10523 | 9236 | 9236 | 9700 |

*ਨੋਟ : ਐੱਨ ਈ ਐੱਮ - 'ਰਾਸ਼ਟਰੀ ਸਿੱਖਿਆ ਮਿਸ਼ਨ; ਸਾਖਰ ਭਾਰਤ' - ਇਸ ਅਧੀਨ ਸਾਖਰਤਾ ਅਭਿਆਨ ਅਤੇ ਅਪਰੇਸ਼ਨ ਪੁਨਰ ਬਹਾਲੀ, ਗ਼ੈਰ-ਸਰਕਾਰੀ ਸੰਗਠਨਾਂ/ਸੰਸਥਾਵਾਂ/ਐੱਸ ਆਰ ਸੀ ਦੀ ਬਾਲਗ ਸਿੱਖਿਆ ਅਤੇ ਹੁਨਰ ਵਿਕਾਸ, ਬਾਲਗ ਸਿੱਖਿਆ ਨਿਰਦੇਸ਼ਾਲਾ ਅਤੇ ਰਾਸ਼ਟਰੀ ਸਾਖਰਤਾ ਮਿਸ਼ਨ ਅਥਾਰਟੀ ਦੀ ਸਹਾਇਤਾ*

*'ਰਾਸ਼ਟਰੀ ਸਿੱਖਿਆ ਮਿਸ਼ਨ - ਅਧਿਆਪਕ ਸਿਖਲਾਈ' - ਇਸ ਅਧੀਨ ਮਹੱਤਵਪੂਰਨ ਸਕੀਮਾਂ ਹਨ- ਅਧਿਆਪਕ ਸਿਖਲਾਈ ਸੰਸਥਾਨਾਂ ਦੀ ਮਜਬੂਤੀ, ਭਾਸ਼ਾ ਅਧਿਆਪਕਾਂ ਦੀ ਨਿਯੁਕਤੀ ਅਤੇ ਸਕੂਲ ਵਿਸ਼ਲੇਸ਼ਣ ਪ੍ਰੋਗਰਾਮ*

*ਸਰੋਤ : ਬਿੰਦੂਆਂ ਨੂੰ ਜੋੜਨਾ, ਕੇਂਦਰੀ ਬਜਟ, 2016-17 ਦਾ ਵਿਸ਼ਲੇਸ਼ਣ, ਸੀ ਬੀ ਜੀ ਏ।*

ਹਿੱਸਾ 75 ਤੋਂ ਘਟਾ ਕੇ 60 ਪ੍ਰਤਿਸ਼ਤ ਕਰ ਦਿੱਤਾ ਹੈ। ਇਸ ਕਰਕੇ 25 ਪ੍ਰਤਿਸ਼ਤ ਦੀ ਬਜਾਇ ਹੁਣ ਰਾਜਾਂ ਨੂੰ ਆਰ ਐੱਮ ਐੱਸ ਏ ਲਈ 40 ਪ੍ਰਤਿਸ਼ਤ ਬਰਾਬਰ ਦੀ ਗਰਾਂਟ ਦੇਣੀ ਹੋਵੇਗੀ।

ਸਕੂਲ ਪੱਧਰ ਉਤੇ ਸਿੱਖਿਅਤ ਅਤੇ ਯੋਗ ਅਧਿਆਪਕਾਂ ਦੀ ਕਮੀ ਦੇ ਬਾਵਜੂਦ ਬਜਟ ਵਿੱਚ ਅਧਿਆਪਕ ਸਿਖਲਾਈ ਅਤੇ ਬਾਲਗ ਸਿੱਖਿਆ ਦੇ ਪ੍ਰੋਗਰਾਮਾਂ ਉਤੇ ਵੱਡੀ ਕਟੌਤੀ (26.9 ਪ੍ਰਤਿਸ਼ਤ) ਲਾਈ ਗਈ ਹੈ। ਇਸੇ ਤਰ੍ਹਾਂ ਮਦਰੱਸਿਆਂ/ਘੱਟ ਗਿਣਤੀਆਂ ਨੂੰ ਸਿੱਖਿਆ ਪ੍ਰਦਾਨ ਕਰਨ ਵਾਲੀਆਂ ਸਕੀਮਾਂ ਉਤੇ 64.2 ਪ੍ਰਤਿਸ਼ਤ ਕਟੌਤੀ ਲਾ ਦਿੱਤੀ ਗਈ ਹੈ ਜੋ ਸਕੀਮਾਂ ਵਿਸ਼ੇਸ਼ ਤੌਰ ਤੇ ਮਦਰੱਸਿਆਂ ਵਿੱਚ ਬੁਨਿਆਦੀ ਢਾਂਚੇ ਦੇ ਵਿਕਾਸ ਅਤੇ ਗੁਣਵੱਤਾ ਸੁਧਾਰ ਲਈ ਬਣਾਈਆਂ ਗਈਆਂ ਸਨ (ਵੇਖੋ ਸੂਚੀ-1)

## ਉੱਚ ਸਿੱਖਿਆ ਲਈ ਬਜਟ ਵਿਵਸਥਾ

ਬਜਟ ਭਾਸ਼ਨ ਵਿੱਚ ਭਾਰਤ ਦੇ ਉੱਚ ਸਿੱਖਿਆ ਸੰਸਥਾਨਾਂ ਵਿੱਚ ਸੁਧਾਰ ਕਰਨ ਦੀ ਲੋੜ ਨੂੰ ਉਜਾਗਰ ਕੀਤਾ ਗਿਆ। ਇਸ ਉਦੇਸ਼ ਲਈ ਉੱਚ ਸਿੱਖਿਆ ਵਿਭਾਗ ਵਾਸਤੇ 28840 ਕਰੋੜ ਰੁਪਏ ਰੱਖੇ ਗਏ ਹਨ ਜੋ 2015-16 ਨਾਲੋਂ 13.5 ਪ੍ਰਤਿਸ਼ਤ ਵੱਧ ਹਨ (ਆਰ ਈ) ਅਲੱਗ-ਅਲੱਗ ਦ੍ਰਿਸ਼ ਵਿਸ਼ਵ ਵਿਦਿਆਲਿਆਂ ਅਤੇ ਉੱਚ ਸਿੱਖਿਆ (ਆਮ) ਲਈ ਮਾਮੂਲੀ ਵਾਧਾ ਦਿਖਾਉਂਦੇ ਹਨ। ਤਕਨੀਕੀ ਸਿੱਖਿਆ ਲਈ ਬਜਟ ਵਿਵਸਥਾ ਨਵੀਆਂ ਆਈ ਆਈ ਟੀ ਅਤੇ ਆਈ ਆਈ ਐੱਮ ਸਥਾਪਤ ਕਰਨ ਅਤੇ ਸਹਾਇਤਾ ਲਈ ਨਿਰਧਾਰਨ ਵਿੱਚ ਚੋਖਾ ਵਾਧਾ ਹੋਇਆ ਹੈ।

ਵਿੱਦਿਆਰਥੀਆਂ ਦੀ ਵਿੱਤੀ ਮਦਦ, ਜਿਸ ਵਿੱਚ ਗਰੀਬ ਵਿਦਿਆਰਥੀਆਂ ਦੇ ਸਿੱਖਿਆ ਕਰਜ਼ੇ ਦੇ ਵਿਆਜ ਉਤੇ ਸਬਸਿਡੀ ਕਾਲਜ ਤੋਂ ਯੂਨੀਵਰਸਿਟੀ ਦੇ ਵਿਦਿਆਰਥੀਆਂ ਲਈ ਵਜ਼ੀਫ਼ਾ ਅਤੇ ਗ਼ੈਰ-ਹਿੰਦੀ ਭਾਸ਼ੀ ਰਾਜਾਂ ਅਤੇ ਯੂਨੀਵਰਸਿਟੀਆਂ ਦੇ ਵਿਦਿਆਰਥੀਆਂ ਲਈ ਵਜ਼ੀਫ਼ੇ ਵਿੱਚ 2015-16 (ਆਰ ਈ) ਦੇ ਮੁਕਾਬਲੇ 2.7 ਪ੍ਰਤਿਸ਼ਤ ਦਾ ਵਾਧਾ ਦਰਜ ਕੀਤਾ ਗਿਆ ਹੈ।

ਰਾਸ਼ਟਰੀ ਉੱਚ ਸਿੱਖਿਆ ਅਭਿਆਨ (ਆਰ ਯੂ ਐੱਸ ਏ) ਜਿਸ ਨੂੰ ਰਾਜਾਂ ਦੇ ਉੱਚ ਸਿੱਖਿਆ ਸੰਸਥਾਨਾਂ ਨੂੰ ਰਣਨੀਤਕ ਵਿੱਤੀਕਰਨ ਵਾਸਤੇ ਮੋਹਰੀ ਪ੍ਰੋਗਰਾਮ ਵਜੋਂ ਸ਼ੁਰੂ ਕੀਤਾ ਗਿਆ ਸੀ, ਨੂੰ ਵੀ ਰਾਸ਼ਟਰੀ ਸਿੱਖਿਆ ਮਿਸ਼ਨ (ਐੱਨ ਈ ਐੱਮ) ਦੇ ਦਾਇਰੇ ਹੇਠ ਲਿਆਂਦਾ ਗਿਆ ਹੈ। ਬਦਲੀ ਹੋਈ ਵਿੱਤੀਕਰਨ ਪੱਧਤੀ ਵਿੱਚ ਕੇਂਦਰ ਸਰਕਾਰ ਨੇ ਆਪਣੇ 60 ਪ੍ਰਤਿਸ਼ਤ ਹਿੱਸੇ ਵਜੋਂ 1300 ਕਰੋੜ ਰੁਪਏ ਆਵੰਟਿਤ ਕੀਤੇ ਹਨ (ਪਹਿਲਾਂ ਇਹ ਅਨੁਪਾਤ 65.35 ਦਾ ਸੀ), 2015-16 (ਆਰ ਈ) ਦੇ ਮੁਕਾਬਲੇ 245 ਕਰੋੜ ਰੁਪਏ ਦਾ ਇਜ਼ਾਫ਼ਾ ਕੀਤਾ ਗਿਆ ਹੈ (ਵੇਖੋ ਸੂਚੀ-2)।

ਉੱਚ ਸਿੱਖਿਆ ਦੇ ਵਿੱਤੀਕਰਨ ਬਾਰੇ ਜਿਹੜੇ ਸਵਾਲ ਦਾ ਹਾਲੇ ਤੱਕ ਜਵਾਬ ਨਹੀਂ ਮਿਲ ਸਕਿਆ, ਉਹ ਹੈ ਅਨੁਪਾਤ ਜੋ ਸੈੱਸ ਦੁਆਰਾ ਵਿੱਤੀਕ੍ਰਿਤ ਕੀਤਾ ਜਾਵੇਗਾ। ਸੈਕੰਡਰੀ ਅਤੇ ਉੱਚ ਸਿੱਖਿਆ ਸੈੱਸ (ਐੱਸ ਐੱਚ ਈ ਸੀ) ਜੋ ਸੈਕੰਡਰੀ ਤੇ ਉੱਚ ਸਿੱਖਿਆ ਪ੍ਰਤਿ ਪ੍ਰਤਿਬਧਤਾ ਨੂੰ ਪੂਰਾ ਕਰਨ ਲਈ ਜਾਰੀ ਕੀਤਾ ਗਿਆ ਸੀ, ਇਹ ਨਾ ਤਾਂ ਪੀ ਐੱਸ ਕੇ ਵਰਗੇ ਸਮਰਪਿਤ ਫ਼ੰਡ ਵਿੱਚ ਜਮ੍ਹਾਂ ਹੁੰਦਾ ਹੈ, ਨਾ ਹੀ ਕਿਸੇ ਸਕੀਮ ਦੀ ਪਛਾਣ ਕੀਤੀ ਗਈ ਹੈ ਜਿਨ੍ਹਾਂ ਉਤੇ ਸੈੱਸ ਤੋਂ ਪ੍ਰਾਪਤ ਆਮਦਨ ਖਰਚ ਕੀਤੀ ਜਾਵੇਗੀ। ਪਾਰਦਰਸ਼ਤਾ

ਸੂਚੀ-2 : ਉੱਚ ਸਿੱਖਿਆ ਦੇ ਚੋਣਵੇਂ ਭਾਗਾਂ ਲਈ ਬਜਟ ਵਿਵਸਥਾ (ਕਰੋੜ ਰੁ: ਵਿੱਚ)

| ਅੰਗ | 2015-16 (ਬੀ ਈ) | 2015-16 (ਆਰ ਈ) | 2016-17 (ਬੀ ਈ) |
|---|---|---|---|
| ਯੂਨੀਵਰਸਟੀ ਗ੍ਰਾਂਟਸ ਕਮਿਸ਼ਨ | 9615 | 9315 | 4491 |
| ਕੇਂਦਰੀ ਵਿਸ਼ਵ ਵਿਦਿਆਲਿਆਂ ਨੂੰ ਗ੍ਰਾਂਟ | | | 6356 |
| ਵਿਦਿਆਰਥੀਆਂ ਦੀ ਵਿੱਤੀ ਮਦਦ | 2373 | 2163 | 2221 |
| ਇੰਡੀਅਨ ਇੰਸਟੀਚਿਊਟ ਆਫ ਤਕਨਾਲੋਜੀ ਅਤੇ ਇੰਡੀਅਨ ਇੰਸਟੀਚਿਊਟ ਆਫ਼ ਮੈਨੇਜਮੈਂਟ | 4949 | 4463 | 5714 |
| ਐੱਨ ਈ ਐੱਮ - ਆਰ ਯੂ ਐੱਸ ਏ | 1155 | 1055 | 1300 |

*ਨੋਟ : ਇਹ ਭਾਗ 2015-16 (ਬੀ ਈ) ਅਤੇ 2015 (ਆਰ ਈ) ਵਿੱਚ ਯੂ.ਜੀ.ਸੀ. ਦਾ ਹਿੱਸਾ ਸੀ।*
*ਸਰੋਤ : ਲੇਖਕ ਦੁਆਰਾ ਮਨੁੱਖੀ ਵਸੀਲਾ ਵਿਕਾਸ ਮੰਤਰਾਲਾ ਦੇ ਬਜਟ ਖਰਚ ਅਤੇ ਕੇਂਦਰੀ ਬਜਟ ਵਿੱਚੋਂ ਲਿਆ ਗਿਆ ਵੱਖ-ਵੱਖ ਸਾਲਾਂ ਦਾ ਡੈਟਾ*

ਦੀ ਇਹ ਕਮੀ ਪੈਸੇ ਇਧਰ-ਉਧਰ ਹੋਣ ਦੀ ਸੰਭਾਵਨਾ ਪੈਦਾ ਕਰ ਦਿੰਦੀ ਹੈ ਜਿਸ ਨੂੰ ਠੀਕ ਕਰਨ ਦੀ ਜ਼ਰੂਰਤ ਹੈ।

## ਸਿੱਖਿਆ ਦੇ ਮੁਕਾਬਲੇ ਹੁਨਰ ਲਈ ਤਰਜੀਹਾਂ?

ਆਪਣੇ ਆਜ਼ਾਦੀ ਦਿਵਸ ਦੇ ਭਾਸ਼ਨ ਵਿੱਚ ਪ੍ਰਧਾਨ ਮੰਤਰੀ ਨੇ ਆਖਿਆ, "ਜੇ ਅਸੀਂ ਆਪਣੇ ਦੇਸ਼ ਦੇ ਵਿਕਾਸ ਨੂੰ ਉਤਸ਼ਾਹਿਤ ਕਰਨਾ ਹੈ ਤਾਂ ਸਾਡਾ ਮਿਸ਼ਨ ਹੁਨਰਮੰਦ ਵਿਕਾਸ ਅਤੇ ਹੁਨਰਮੰਦ ਭਾਰਤ ਹੋਣਾ ਚਾਹੀਦਾ ਹੈ।" ਹਾਲੇ ਤੱਕ ਇਸ ਮਿਸ਼ਨ ਲਈ ਸਰਕਾਰ ਵਲੋਂ ਚਾਰ ਮੁੱਖ ਪਹਿਲਕਦਮੀਆਂ ਕੀਤੀਆਂ ਗਈਆਂ ਹਨ – ਰਾਸ਼ਟਰੀ ਹੁਨਰ ਵਿਕਾਸ ਮਿਸ਼ਨ, ਹੁਨਰ ਵਿਕਾਸ ਅਤੇ ਉੱਦਮਤਾ ਲਈ ਰਾਸ਼ਟਰੀ ਨੀਤੀ, ਪ੍ਰਧਾਨ ਮੰਤਰੀ ਕੌਸ਼ਲ ਵਿਕਾਸ, ਯੋਜਨਾ (ਪੀ ਐੱਮ ਕੇ ਵੀ ਵਾਈ) ਅਤੇ ਹੁਨਰ ਕਰਜ਼ ਸਕੀਮ। ਬਜਟ ਭਾਸ਼ਨ ਵਿੱਚ ਹੁਨਰਮੰਦੀ ਅਤੇ ਨਵੇਂ ਰੁਜ਼ਗਾਰ ਦਾ ਨਿਰਮਾਣ ਕਰਨ ਉਤੇ ਵੀ ਜ਼ੋਰ ਦਿੱਤਾ ਗਿਆ ਹੈ। 1500 ਬਹੁ-ਹੁਨਰ ਸਿਖਲਾਈ ਸੰਸਥਾਨਾਂ ਦੀ, ਪ੍ਰਧਾਨ ਮੰਤਰੀ ਕੌਸ਼ਲ ਵਿਕਾਸ ਯੋਜਨਾ ਤਹਿਤ ਸਥਾਪਨਾ ਕਰਨ ਲਈ 1700 ਕਰੋੜ ਰੁਪਏ ਦਾ ਪ੍ਰਾਵਧਾਨ ਕੀਤਾ ਗਿਆ ਹੈ।

ਅਸਲ ਵਿੱਚ, ਭਾਰਤ ਵਿੱਚ ਕਿਰਤ ਸ਼ਕਤੀ ਦਾ ਵਧਦਾ ਅਕਾਰ ਹੁਨਰ ਵਿਕਾਸ ਦੀ ਫੌਰੀ ਮੰਗ ਕਰਦਾ ਹੈ। ਪਰ ਹੁਨਰ ਹਾਸਲ ਕਰਨ ਲਈ ਸਿੱਖਿਆ ਦਾ ਮੁਢਲਾ ਪੱਧਰ ਪਹਿਲੀ ਜ਼ਰੂਰੀ ਲੋੜ ਹੈ। ਜਿਥੇ ਮੁਢਲੀ ਸਿੱਖਆ ਨੂੰ ਇਕਸਮਾਨ ਕਰਨ ਦਾ ਟੀਚਾ ਪ੍ਰਾਪਤ ਨਹੀਂ ਕੀਤਾ ਜਾ ਸਕਿਆ, ਉਥੇ ਨਤੀਜੇ ਤਸੱਲੀਬਖ਼ਸ਼ ਨਹੀਂ ਹਨ; 5 ਤੋਂ 29 ਸਾਲਾਂ ਦੇ 40 ਪ੍ਰਤਿਸ਼ਤ ਤੋਂ ਜ਼ਿਆਦਾ ਵਿਅਕਤੀ ਕਿਸੇ ਸਿੱਖਿਆ ਸੰਸਥਾ ਵਿੱਚ ਨਹੀਂ ਜਾ ਰਹੇ (ਐੱਨ ਐੱਸ ਐੱਸ, 2015); ਸਿਰਫ਼ ਰੁਜ਼ਗਾਰ ਨਿਰਮਾਣ ਵਾਸਤੇ ਹੁਨਰ ਦੇ ਵਿਕਾਸ ਉਤੇ ਧਿਆਨ ਕੇਂਦਰਿਤ ਕਰਨ ਨਾਲ ਘੱਟ ਉਜਰਤ ਵਾਲੀ ਅਰਥ-ਹੁਨਰਮੰਦ ਕਿਰਤ ਸ਼ਕਤੀ ਪ੍ਰਾਪਤ ਹੋਵੇਗੀ, ਜੋ ਸ਼ਾਇਦ ਇੱਛਤ ਨਹੀਂ ਹੈ।

## ਸਿੱਟਾ

ਇਹ ਵਾਰ-ਵਾਰ ਦਲੀਲ ਦਿੱਤੀ ਜਾਂਦੀ ਹੈ ਕਿ ਕੁੱਲ ਘਰੇਲੂ ਉਤਪਾਦ ਦਾ ਘੱਟੋ-ਘੱਟ 6 ਪ੍ਰਤਿਸ਼ਤ ਸਿੱਖਿਆ ਉਤੇ ਖਰਚ ਕਰਨਾ ਚਾਹੀਦਾ ਹੈ, ਜਿਵੇਂ ਕਿ 1966 ਵਿੱਚ ਕੋਠਾਰੀ ਆਯੋਗ ਵਲੋਂ ਸਿਫ਼ਾਰਸ਼ ਕੀਤੀ ਗਈ ਸੀ। ਮੌਜੂਦਾ ਸਮੇਂ ਕੇਂਦਰ ਤੇ ਰਾਜ ਸਰਕਾਰਾਂ ਵਲੋਂ ਕੁੱਲ ਘਰੇਲੂ ਉਤਪਾਦ ਦਾ 4 ਪ੍ਰਤਿਸ਼ਤ ਤੋਂ ਘੱਟ ਸਿੱਖਿਆ ਉਤੇ ਖਰਚ ਕੀਤਾ ਜਾਂਦਾ ਹੈ। ਇਹ ਦੇਖਦਿਆਂ ਕਿ ਕੇਂਦਰ ਸਰਕਾਰ ਵਲੋਂ ਸਿੱਖਿਆ ਉਤੇ ਕੀਤਾ ਜਾਣ ਵਾਲਾ ਬਜਟ ਖਰਚ, ਦੇਸ਼ ਦੇ ਬਜਟ ਦੇ ਸਿੱਖਿਆ ਉਤੇ ਕੁੱਲ ਖਰਚ ਵਿੱਚ ਰਾਜਾਂ ਦੇ ਹਿੱਸੇ ਨਾਲੋਂ ਘੱਟ ਹੈ, ਕੇਂਦਰ ਸਰਕਾਰ ਦੇ ਹਿੱਸੇ ਵਿੱਚ ਨਿਰੰਤਰ ਕਮੀ ਰਾਜਾਂ ਦੀ ਜ਼ਿੰਮੇਵਾਰੀ ਜ਼ਿਆਦਾ ਵਧਾ ਦਿੰਦੀ ਹੈ। ਇਹ ਸਪੱਸ਼ਟ ਹੈ ਕਿ ਬਦਲੇ ਹੋਏ ਵਿੱਤੀ ਢਾਂਚੇ ਦਾ ਰਾਜ ਪੱਧਰ ਉਤੇ ਸਿੱਖਿਆ ਲਈ ਜਨਤਕ ਪ੍ਰਾਵਧਾਨ ਉਤੇ ਸਿੱਧਾ ਅਸਰ ਪਵੇਗਾ। ਸਮਾਂ ਇਹ ਦੇਖਣ ਦਾ ਹੈ ਕਿ ਰਾਜ ਆਪਣੇ ਬਜਟ ਦੀਆਂ ਤਰਜੀਹਾਂ ਕਿਵੇਂ ਨਿਸ਼ਚਿਤ ਕਰਦੇ ਹਨ ਅਤੇ ਸਿੱਖਿਆ ਖੇਤਰ ਲਈ ਕਿੰਨਾ ਪੈਸਾ ਆਵੰਟਿਤ ਕਰਦੇ ਹਨ। ਪਰ, ਸਿੱਖਿਆ ਸਮਾਵਰਤੀ ਸੂਚੀ ਵਿੱਚ ਸ਼ਾਮਲ ਹੈ, ਜੋ ਇਸ ਖੇਤਰ ਲਈ ਕੇਂਦਰ ਤੇ ਰਾਜ ਸਰਕਾਰਾਂ ਦੀ ਸਾਂਝੀ ਜ਼ਿੰਮੇਵਾਰੀ ਉਤੇ ਜ਼ੋਰ ਦਿੰਦੀ ਹੈ; ਇਸ ਕਰਕੇ ਦੋਹਾਂ ਪੱਧਰਾਂ ਦੀਆਂ ਸਰਕਾਰਾਂ ਲਈ ਸਿੱਖਿਆ ਵਿੱਚ ਜਨਤਕ ਨਿਵੇਸ਼ ਵਧਾਉਣਾ ਅਤੇ ਗੁਣਤਾ ਨੂੰ ਉੱਚਿਤ ਧਿਆਨ ਦੇਣਾ ਲਾਜ਼ਮੀ ਹੋ ਜਾਂਦਾ ਹੈ।

*(ਲੇਖਕ ਸੈਂਟਰ ਫਾਰ ਬਜਟ ਐਂਡ ਗਵਰਨੈਂਸ ਅਕਾਊਂਟੇਬਿਲੀਟੀ ਵਿੱਚ ਸੀਨੀਅਰ ਰੀਸਰਚ ਅਫਸਰ ਹਨ)*

*e-mail :protiva.kundu.con@idfc.com*

### 2016-17 ਦੇ ਕੇਂਦਰੀ ਬਜਟ ਵਿੱਚ ਸਿੱਖਿਆ ਖੇਤਰ ਲਈ ਵੱਡੇ ਐਲਾਨ

- 62 ਨਵੇਂ ਨਵੋਦਿਆ ਵਿਦਿਆਲੇ ਖੋਲ੍ਹਣ ਦਾ ਪ੍ਰਸਤਾਵ ਜੋ ਗੁਣਤਾ ਵਾਲੀ ਸਿੱਖਿਆ ਨੂੰ ਪ੍ਰੋਤਸਾਹਨ ਦੇਣਗੇ।
- ਉੱਚ ਸਿੱਖਿਆ ਵਿੱਤੀਕਰਨ ਦੀ ਏਜੰਸੀ ਜਿਸ ਦੀ ਪੂੰਜੀ 1000 ਕਰੋੜ ਹੋਵੇਗੀ, ਇਹ ਬਾਜ਼ਾਰ ਤੋਂ ਪੈਸਾ ਲੈ ਕੇ ਉਸ ਨੂੰ ਦਾਨ ਅਤੇ ਕਾਰਪੋਰੇਟ ਸਮਾਜਕ ਜ਼ਿੰਮੇਵਾਰੀ ਫ਼ੰਡ ਨਾਲ ਸਹਾਇਤਾ ਪ੍ਰਦਾਨ ਕਰੇਗੀ।
- 2200 ਕਾਲਜਾਂ, 300 ਸਕੂਲਾਂ, 500 ਸਰਕਾਰੀ ਉਦਯੋਗਿਕ ਸਿਖਲਾਈ ਸੰਸਥਾਨਾਂ ਅਤੇ 50 ਕਿੱਤਾਮੁਖੀ ਕੇਂਦਰਾਂ ਵਿੱਚ ਆਨਲਾਈਨ ਕੋਰਸਾਂ ਰਾਹੀਂ ਕਾਰੋਬਾਰੀ ਸਿੱਖਿਆ ਅਤੇ ਸਿਖਲਾਈ ਪ੍ਰਦਾਨ ਕੀਤੀ ਜਾਵੇਗੀ।
- ਦਸ ਜਨਤਕ ਅਤੇ ਦਸ ਨਿੱਜੀ ਸੰਸਥਾਨਾ ਨੂੰ ਵਿਸ਼ਵ ਪੱਧਰ ਦੇ ਅਧਿਆਪਕਾਂ ਤੇ ਖੋਜ ਸੰਸਥਾਨ ਬਣਾਉਣ ਲਈ ਇਕ ਸਹਾਇਕ ਨਿਯਮਕ ਢਾਂਚਾ ਬਣਾਇਆ ਜਾਵੇਗਾ।

*ਸਰੋਤ : ਬਜਟ ਭਾਸ਼ਨ, ਕੇਂਦਰੀ ਬਜਟ, 2016-17*

### ਕੇਂਦਰੀ ਪ੍ਰਾਯੋਜਿਤ ਸਕੀਮਾਂ ਨੂੰ ਤਰਕਪੂਰਨ ਬਣਾਉਣ ਅਤੇ ਬਦਲਾਅ ਲਈ ਨੀਤੀ ਆਯੋਗ ਦੀ ਉੱਪ-ਸਮਿਤੀ ਦੀਆਂ ਸਫ਼ਾਰਸ਼ਾਂ

ਕੇਂਦਰ ਪ੍ਰਾਯੋਜਿਤ ਸਕੀਮਾਂ ਨੂੰ ਤਰਕਸੰਗਤ ਬਣਾਉਣ ਲਈ ਨੀਤੀ ਆਯੋਗ ਦੀ ਉੱਪ ਸਮਿਤੀ ਦੀਆਂ ਸਫ਼ਾਰਸ਼ਾਂ ਨੂੰ ਪ੍ਰਵਾਨ ਕਰਦੇ ਹੋਏ, ਕੇਂਦਰ ਸਰਕਾਰ ਵਲੋਂ 1500 ਕੇਂਦਰੀ ਯੋਜਨਾ ਸਕੀਮਾਂ ਦਾ ਪੁਨਰਗਠਨ ਕਰਕੇ 300 ਕੇਂਦਰੀ ਖੇਤਰ 30 ਕੇਂਦਰ ਵਲੋਂ ਪ੍ਰਾਯੋਜਿਤ ਸਕੀਮਾਂ ਵਿੱਚ ਵੰਡਿਆ ਗਿਆ ਹੈ। ਜਿੱਥੇ, 1.) ਸਿੱਖਿਆ ਯੋਜਨਾਵਾਂ ਜੋ ਸਮਾਜਕ ਸ਼ਮੂਲੀਅਤ ਲਈ ਹਨ (ਅਨੁਸੂਚਿਤ ਜਾਤੀਆਂ, ਅਨੁਸੂਚਿਤ ਜਨਜਾਤੀਆਂ, ਦੂਜੀਆਂ ਪਛੜੀਆਂ ਸ਼੍ਰੇਣੀਆਂ, ਘੱਟ ਗਿਣਤੀਆਂ ਅਤੇ ਅਪੰਗਾਂ ਲਈ ਸਕੀਮਾਂ) ਨੂੰ 'ਮੂਲ ਸਕੀਮਾਂ ਦੇ ਮੂਲ' ਵਜੋਂ ਪਛਾਣਿਆ ਗਿਆ ਹੈ ਜਿਸ ਦੀ ਸਾਂਝ ਦੀ ਪੱਧਤੀ ਵਿੱਚ ਕੋਈ ਬਦਲਾਅ ਨਹੀਂ ਕੀਤਾ ਗਿਆ।

2. ਸਰਬ ਸਿੱਖਿਆ ਅਭਿਆਨ, ਸਿੱਖਿਆ ਵਿਕਾਸ ਲਈ ਸਹਾਇਤਾ, ਜਿਸ ਵਿੱਚ ਅਧਿਆਪਕ ਸਿਖਲਾਈ ਅਤੇ ਬਾਲਗ ਸਿੱਖਿਆ, ਰਾਸ਼ਟਰੀ ਉੱਚ ਸਿੱਖਿਆ ਅਭਿਆਨ ਸ਼ਾਮਲ ਹਨ, ਨੂੰ ਰਾਸ਼ਟਰੀ ਸਿੱਖਿਆ ਮਿਸ਼ਨ ਦੇ ਦਾਇਰੇ ਹੇਠ ਲਿਆਂਦਾ ਗਿਆ ਹੈ, ਜਿਸ ਅਧੀਨ ਹੁਣ ਕੇਂਦਰ ਤੇ ਰਾਜ ਦਾ ਫੰਡ ਦੇਣ ਦਾ ਅਨੁਪਾਤ 60:40 ਦਾ ਹੋਵੇਗਾ।

*ਸਰੋਤ : ਨੀਤੀ ਆਯੋਗ ਉਪ-ਸਮਿਤੀ ਦੀ ਰਿਪੋਰਟ ਅਤੇ ਬਜਟ ਭਾਸ਼ਨ, ਕੇਂਦਰੀ ਬਜਟ, 2016-17*

# ਸਿਹਤ ਬਜਟ

ਉਰਮੀ ਏ ਗੋਸਵਾਮੀ

ਵਿੱਤ ਮੰਤਰੀ ਨੇ ਸਵਾਮੀ ਵਿਵੇਕਾਨੰਦ ਦਾ ਹਵਾਲਾ ਦਿੰਦੇ ਹੋਏ ਕਿਹਾ, "ਜਦੋਂ ਤੱਕ ਭਾਰਤ ਵਿੱਚ ਆਮ ਜਨਤਾ ਚੰਗੀ ਪੜ੍ਹੀ-ਲਿਖੀ ਨਹੀਂ, ਉਸ ਨੂੰ ਭਰ ਪੇਟ ਖਾਣਾ ਨਹੀਂ ਮਿਲਦਾ ਅਤੇ ਉਸ ਦੀ ਚੰਗੀ ਤਰ੍ਹਾਂ ਦੇਖਭਾਲ ਨਹੀਂ ਹੁੰਦੀ, ਕਿੰਨੀ ਵੀ ਰਾਜਨੀਤੀ ਹੋਵੇ, ਉਸ ਦਾ ਕੋਈ ਲਾਭ ਨਹੀਂ ਹੋਵੇਗਾ।" ਇਹ ਅਹਿਸਾਸ ਕਿ ਸਿੱਖਿਆ ਅਤੇ ਸਿਹਤ, ਵਿਕਾਸ ਦੇ ਕੇਂਦਰ ਬਿੰਦੂ ਹੁੰਦੇ ਹਨ, ਕੇਂਦਰੀ ਬਜਟ 2016 ਵਿੱਚ ਨਜ਼ਰ ਆਉਂਦਾ ਹੈ। ਇਸ ਦੇ ਬਾਵਜੂਦ, ਪਿਛਲੇ ਇਕ ਦਹਾਕੇ ਵਿੱਚ ਇਨ੍ਹਾਂ ਮੱਦਾਂ ਉਪਰ ਖਰਚ ਕੁੱਲ ਘਰੇਲੂ ਉਤਪਾਦਨ ਦੇ 1.3 ਪ੍ਰਤਿਸ਼ਤ ਹਿੱਸੇ ਤੱਕ ਹੀ ਸੀਮਤ ਰਿਹਾ ਹੈ। ਕੇਂਦਰੀ ਬਜਟ ਵਿੱਚ ਸਿਹਤ ਲਈ ਨਿਰਧਾਰਨ ਕੁੱਲ ਘਰੇਲੂ ਉਤਪਾਦਨ ਦਾ 0.25 ਪ੍ਰਤਿਸ਼ਤ ਹਿੱਸਾ ਹੈ, ਇਹ ਵੀ ਲਗਭਗ ਇਕੋ ਜਿਹਾ ਹੀ ਰਿਹਾ ਹੈ। ਰਾਸ਼ਟਰੀ ਸਿਹਤ ਨੀਤੀ 2015 ਵਿੱਚ ਲਕਸ਼ ਕੀਤੇ ਕੁੱਲ ਘਰੇਲੂ ਉਤਪਾਦਨ ਦੇ 2.5 ਪ੍ਰਤਿਸ਼ਤ ਸਿਹਤ ਉਪਰ ਖਰਚੇ ਨੂੰ ਹਾਸਲ ਕਰਨਾ ਹਾਲੇ ਬਹੁਤ ਦੂਰ ਹੈ।

ਭਾਰਤ ਦਾ ਸਿਹਤ ਉਪਰ ਖਰਚੇ ਦਾ ਨਿਰਧਾਰਨ ਦੂਸਰੇ ਗੁਆਂਢੀ ਦੇਸ਼ਾਂ ਜਿਵੇਂ ਕਿ ਚੀਨ ਅਤੇ ਸ੍ਰੀਲੰਕਾ ਨਾਲੋਂ ਬਹੁਤ ਥੋੜ੍ਹਾ ਹੈ। ਚੀਨ ਵਿੱਚ ਕੁੱਲ ਘਰੇਲੂ ਉਤਪਾਦਨ ਦਾ 2013 ਵਿੱਚ 5 ਪ੍ਰਤਿਸ਼ਤ ਖਰਚਾ ਸਿਹਤ ਉਪਰ ਕੀਤਾ ਗਿਆ ਸੀ ਜਦ ਕਿ ਜਨਤਕ ਖਰਚਾ 3.1 ਪ੍ਰਤਿਸ਼ਤ ਸੀ। ਭਾਰਤ ਦਾ ਸਿਹਤ ਉਪਰ ਕੁੱਲ ਖਰਚਾ ਕੁੱਲ ਘਰੇਲੂ ਉਤਪਾਦ ਦਾ 5 ਪ੍ਰਤਿਸ਼ਤ ਹੈ ਜੋ ਪ੍ਰਤਿ ਜੀਅ ਆਮਦਨ ਵਾਲੇ ਇਹੋ ਜਿਹੇ ਪੱਧਰ ਦੇ ਦੇਸ਼ਾਂ ਦੇ ਮੁਕਾਬਲੇ ਵਿੱਚ ਹੈ। ਪਰ ਸਿਹਤ ਉਪਰ ਜਨਤਕ ਖਰਚਾ ਹਾਲੇ ਵੀ 1.3 ਪ੍ਰਤਿਸ਼ਤ ਤੋਂ ਨਹੀਂ ਵਧ ਸਕਿਆ ਹੈ।

ਇਹ ਜਾਨਣ ਲਈ ਕਿ ਬਜਟ ਵਿੱਚ ਸਿਹਤ ਦੇ ਮੁੱਦੇ ਨੂੰ ਕਿਸ ਤਰ੍ਹਾਂ ਦੇਖਿਆ ਗਿਆ ਹੈ, ਸਾਨੂੰ ਤਿੰਨ ਮੁੱਖ ਪ੍ਰਸ਼ਨਾਂ ਦੇ ਉੱਤਰ ਲੱਭਣੇ ਪੈਣਗੇ। ਪਹਿਲਾ, ਬਜਟ ਵਿੱਚ ਸਿਹਤ ਦੇ ਮਾੜੇ ਸਿੱਟਿਆਂ ਨੂੰ ਬਜਟ ਵਿੱਚ ਕਿਸ ਤਰ੍ਹਾਂ ਨਜਿੱਠਣ ਦੀ ਕੋਸ਼ਿਸ਼ ਕੀਤੀ ਗਈ ਹੈ। ਦੂਸਰਾ, ਸਿਹਤ ਸੰਭਾਲ ਤੱਕ ਪਹੁੰਚ ਦੇ ਮੁੱਦਿਆਂ ਵਿੱਚ ਸੁਧਾਰ ਲਈ ਉਠਾਏ ਕਦਮ ਅਤੇ ਤੀਸਰਾ, ਸਿਹਤ ਸੁਧਾਰ ਬੁਨਿਆਦੀ ਢਾਂਚੇ ਦੇ ਹਾਲਾਤ ਜਿਨ੍ਹਾਂ ਵਿੱਚ ਸਿਹਤ ਸੰਭਾਲ ਪੇਸ਼ਾਵਰ ਡਾਕਟਰਾਂ ਦੀ ਉਪਲਬਧਤਾ, ਘੋਖ, ਰੋਗ ਵਾਹਕ ਕੀਟਾਣੂਆਂ ਨਾਲ ਲੱਗਣ ਵਾਲੀਆਂ ਬਿਮਾਰੀਆਂ ਦੀ ਰੋਕਥਾਮ ਸ਼ਾਮਲ ਹਨ। ਇਨ੍ਹਾਂ ਵਿੱਚੋਂ ਕੋਈ ਵੀ ਇਕ ਦੂਜੇ ਤੋਂ ਅਲੱਗ ਨਹੀਂ ਹੈ ਅਤੇ ਇਹ ਮਿਲ ਕੇ ਆਮ ਸਿਹਤ ਅਤੇ ਬਿਹਤਰੀ ਉਪਰ ਮਹੱਤਵਪੂਰਨ ਅਸਰ ਪਾਉਂਦੇ ਹਨ।

ਸਿਹਤ ਸੁਧਾਰ ਅਤੇ ਸਿਹਤ ਸੰਭਾਲ ਗਰੀਬੀ ਘੱਟ ਕਰਨ ਦੀ ਕੋਸ਼ਿਸ਼ ਲਈ ਬਹੁਤ ਮਹੱਤਵਪੂਰਨ ਹਨ। ਸਿਹਤ ਉਪਰ ਖਰਚਾ ਇਕੋ-ਇਕ ਅਜਿਹੀ ਮੱਦ ਹੈ ਜੋ ਘਰ ਪਰਿਵਾਰਾਂ ਨੂੰ ਗਰੀਬੀ ਤੋਂ ਬਚਣ ਜਾਂ ਗਰੀਬੀ ਵੱਲ ਧੱਕਣ ਦਾ ਕੰਮ ਕਰਦੀ ਹੈ। ਭੈੜੀ ਸਿਹਤ ਜੋ ਸਿਹਤ ਸੰਭਾਲ ਸਾਧਨਾਂ ਤੱਕ ਬਹੁਤ ਸੀਮਤ ਪਹੁੰਚ ਕਾਰਨ ਹੋਰ ਵੀ ਖਰਾਬ ਹੋ ਜਾਂਦੀ ਹੈ, ਉਪਜਾਇਕਤਾ, ਆਰਥਿਕ ਉਤਪਾਦਨ ਅਤੇ ਕਿਸੇ ਵੀ ਆਬਾਦੀ ਦੇ ਰਹਿਣ-ਸਹਿਣ ਦੇ ਮਿਆਰਾਂ ਉਪਰ ਬਹੁਤ ਮਾੜਾ ਅਸਰ ਪਾਉਂਦੀ ਹੈ।

ਸਿਹਤ ਉਪਰ ਘੱਟ ਜਨਤਕ ਖਰਚੇ ਦੇ ਬਹੁਤ ਭੈੜੇ ਨਤੀਜੇ ਨਿਕਲਦੇ ਹਨ। ਇਸ ਦੇ ਨਾਲ-ਨਾਲ ਇਹ ਵੀ ਮਹੱਤਵਪੂਰਨ ਹੈ ਕਿ ਅਜਿਹੇ ਕਦਮ ਚੁੱਕੇ ਜਾਣ ਜਿਨ੍ਹਾਂ ਨਾਲ ਆਮ ਹਾਲਤਾਂ ਜਿਵੇਂ ਕਿ ਹਵਾ ਦੀ ਸ਼ੁੱਧਤਾ, ਪਾਣੀ, ਸਾਫ਼-ਸਫ਼ਾਈ ਆਦਿ ਵਿੱਚ ਸੁਧਾਰ ਹੋਵੇ ਤਾਂ ਕਿ ਬਿਮਾਰੀ ਅਤੇ ਖਰਾਬ ਸਿਹਤ ਹੋਣ ਵਿੱਚ ਕਮੀ ਆਵੇ। ਇਹ ਵੀ ਮਹੱਤਵਪੂਰਨ ਹੈ ਕਿ ਅਜਿਹੀਆਂ ਮੱਦਾਂ ਵਿੱਚ ਨਿਵੇਸ਼ ਕੀਤਾ ਜਾਵੇ ਜੋ ਖਰਾਬ ਜਨਤਕ ਸਿਹਤ ਵਿੱਚ ਸੁਧਾਰ ਲਿਆਉਣ ਪਰ ਇਸ ਨਾਲ ਸਰਕਾਰ ਸਿਹਤ ਭਲਾਈ ਉਪਰ ਖਰਚੇ ਦੀ ਜ਼ਿੰਮੇਵਾਰੀ ਤੋਂ ਬਚ ਨਹੀਂ ਸਕਦੀ। ਇਸ ਨਾਲ ਇਹ ਲਾਭ ਜ਼ਰੂਰ ਹੁੰਦਾ ਹੈ ਕਿ ਸਿਹਤ ਸੰਭਾਲ ਪ੍ਰਣਾਲੀ ਜੋ ਉੱਕਿਆਂ ਹੀ ਨਾਕਾਫ਼ੀ ਹੈ, ਉਪਰ ਦਬਾਅ ਘਟ ਜਾਂਦਾ ਹੈ। ਇਸ ਸੰਦਰਭ ਵਿੱਚ ਬਜਟ 2016 ਇਕ ਮਹੱਤਵਪੂਰਨ ਕਦਮ ਹੈ – ਇਹ ਲੋਕ ਭਲਾਈ, ਮਨੁੱਖੀ ਜੀਵਨ ਸੁਧਾਰ, ਉਜਾਇਕਤਾ ਅਤੇ ਸਿਹਤ ਵਿੱਚ ਆਪਸੀ ਰਿਸ਼ਤੇ ਨੂੰ ਸਪੱਸ਼ਟ ਕਰਦਾ ਹੈ।

ਇਹ ਆਪਸੀ ਰਿਸ਼ਤਾ ਵਿੱਤ ਮੰਤਰੀ ਦੀ ਇਸ ਤਵੱਜੋ ਤੋਂ ਸਪੱਸ਼ਟ ਨਜ਼ਰ ਆਉਂਦਾ ਹੈ ਜਦੋਂ ਉਨ੍ਹਾਂ ਖਾਣਾ ਪਕਾਉਣ ਵਿੱਚ 'ਧੂੰਏਂ ਦੇ ਸਰਾਪ' ਦਾ ਜ਼ਿਕਰ ਕੀਤਾ। ਵਿੱਚ ਮੰਤਰੀ ਨੇ ਕਿਹਾ ਕਿ ਰਸੋਈ ਵਿੱਚ ਖੁੱਲ੍ਹੀ ਅੱਗ 400 ਸਿਗਰਟਾਂ ਪ੍ਰਤਿ ਘੰਟੇ ਫੂਕਣ ਦੇ ਬਰਾਬਰ ਹੈ। ਪੰਜ ਕਰੋੜ ਗਰੀਬੀ ਰੇਖਾ ਤੋਂ ਥੱਲੇ ਦੇ ਪਰਿਵਾਰਾਂ ਦੀਆਂ ਔਰਤਾਂ ਦੇ ਨਾਮ ਉਤੇ ਅਗਲੇ ਤਿੰਨ ਸਾਲਾਂ ਵਿੱਚ ਰਸੋਈ ਗੈਸ ਕਨੈਕਸ਼ਨ ਦੇਣ ਦਾ ਪ੍ਰਸਤਾਵ, ਸਿਹਤ ਮੰਤਰਾਲੇ ਦੇ ਬਜਟ ਨਿਰਧਾਰਨ ਦਾ ਹਿੱਸਾ ਨਹੀਂ ਹੈ, ਪਰ ਇਹ ਇਕ ਮਹੱਤਵਪੂਰਨ ਸਿਹਤ ਦਖ਼ਲ-ਅੰਦਾਜ਼ੀ ਹੈ। ਛੋਟੀਆਂ ਪੈਟਰੋਲ ਅਤੇ ਸੀ ਐੱਨ ਜੀ ਕਾਰਾਂ ਉਤੇ ਇਕ ਪ੍ਰਤਿਸ਼ਤ, ਡੀਜ਼ਲ ਕਾਰਾਂ ਉਤੇ 2.5 ਪ੍ਰਤਿਸ਼ਤ ਅਤੇ ਇੰਜਣ ਦੇ ਵਧੇਰੇ ਸਮਰੱਥਾ ਵਾਲੀਆਂ ਕਾਰਾਂ ਅਤੇ ਐੱਸ ਯੂ ਵੀ ਉਪਰ 4 ਪ੍ਰਤਿਸ਼ਤ ਸੈੱਸ ਲਗਾਉਣ ਨਾਲ ਸ਼ਹਿਰੀ ਖੇਤਰਾਂ ਵਿੱਚ ਪ੍ਰਦੂਸ਼ਣ ਵਿੱਚ ਕਮੀ ਕਰਨ ਦਾ ਉਪਰਾਲਾ ਹੈ ਅਤੇ ਇਹ ਇਕ ਹੋਰ ਸਿਹਤ

ਦਖ਼ਲ-ਅੰਦਾਜ਼ੀ ਵੀ ਹੈ। ਗੰਦੀ ਹਵਾ, ਭਾਵੇਂ ਘਰਾਂ ਦੇ ਅੰਦਰ ਹੋਵੇ ਜਾਂ ਬਾਹਰ ਖੁੱਲ੍ਹੇ ਵਿੱਚ, ਸਿਹਤ ਉਪਰ ਬਹੁਤ ਮਾੜਾ ਅਸਰ ਪਾਉਂਦੀ ਹੈ।

ਸਵੱਛ ਭਾਰਤ ਅਭਿਆਨ ਲਈ ਵਧੇਰੇ ਨਿਰਧਾਰਨ ਵੀ ਇਕ ਹੋਰ ਅਜਿਹੀ ਦਖ਼ਲ-ਅੰਦਾਜ਼ੀ ਹੈ। ਜਨਤਕ ਸਿਹਤ ਦਾ ਸੁਰੱਖਿਅਤ ਪੀਣ ਦੇ ਪਾਣੀ ਅਤੇ ਸਾਫ਼-ਸਫ਼ਾਈ ਤੱਕ ਪਹੁੰਚ ਵਿੱਚ ਵੱਡਾ ਰਿਸ਼ਤਾ ਹੈ। 2011 ਦੀ ਮਰਦਮਸ਼ੁਮਾਰੀ ਅਨੁਸਾਰ, ਸਿਰਫ਼ 46.9 ਪ੍ਰਤਿਸ਼ਤ ਘਰਾਂ ਵਿੱਚ ਪਖ਼ਾਨੇ ਹਨ। ਸਵੱਛ ਭਾਰਤ ਅਭਿਆਨ ਲਈ 2015-16 ਵਿੱਚ 6525 ਕਰੋੜ ਰੁਪਏ ਦੀ ਰਾਸ਼ੀ ਤੋਂ ਵਧਾ ਕੇ 9000 ਕਰੋੜ ਰੁਪਏ ਦਾ ਨਿਰਧਾਰਨ ਵੀ ਇਕ ਵੱਡੀ ਸਿਹਤ ਦਖ਼ਲ-ਅੰਦਾਜ਼ੀ ਹੈ। ਇਹ ਇੱਕ ਚੰਗੀ ਖ਼ਬਰ ਹੈ, ਪਰ ਸਿਰਫ਼ ਪਖ਼ਾਨੇ ਬਨਾਉਣ ਤੋਂ ਅੱਗੇ ਵਧ ਕੇ ਜ਼ੋਰ ਦੇਣਾ ਪਵੇਗਾ। ਉਨ੍ਹਾਂ ਦੀ ਵਰਤੋਂ ਅਤੇ ਸੋਚ ਵਿੱਚ ਵੀ ਬਦਲਾਅ ਲਿਆਉਣਾ ਪਵੇਗਾ। ਅਜਿਹਾ ਹੋਣ ਲਈ ਇਹ ਜ਼ਰੂਰੀ ਹੈ ਕਿ ਪਖ਼ਾਨੇ ਪਾਇਦਾਰ ਹੋਣ, ਉਨ੍ਹਾਂ ਵਿੱਚ ਹਰ ਵੇਲੇ ਪਾਣੀ ਦੀ ਵਿਵਸਥਾ ਹੋਵੇ ਅਤੇ ਉਨ੍ਹਾਂ ਦੀ ਲਗਾਤਾਰ ਸਾਂਭ-ਸੰਭਾਲ ਹੁੰਦੀ ਰਹੇ। ਸਿਹਤ ਵਿੱਚ ਸੁਧਾਰ ਉਸ ਵੇਲ ਦਿਖਾਈ ਦੇਣ ਲੱਗੇਗਾ ਜਦੋਂ ਇਨ੍ਹਾਂ ਪਖ਼ਾਨਿਆਂ ਦੀ ਵਰਤੋਂ ਵਿੱਚ ਵਾਧਾ ਹੋ ਜਾਵੇਗਾ। ਰਾਸ਼ਟਰੀ ਪੇਂਡੂ ਪੀਣ ਦੇ ਪਾਣੀ ਪ੍ਰੋਗਰਾਮ ਲਈ ਨਿਰਧਾਰਤ ਰਾਸ਼ੀ ਵਿੱਚ ਵੀ ਥੋੜ੍ਹਾ ਜਿਹਾ ਵਾਧਾ ਕੀਤਾ ਗਿਆ ਹੈ। ਉਹ 2015-16 ਦੇ 4373 ਕਰੋੜ ਰੁਪਏ ਤੋਂ ਵਧਾ ਕੇ 2016-17 ਲਈ 5000 ਕਰੋੜ ਰੁਪਏ ਕਰ ਦਿੱਤਾ ਗਿਆ ਹੈ। ਕੁੱਝ ਮਾਹਰਾਂ ਨੇ ਪੀਣ ਦੇ ਪਾਣੀ ਲਈ ਇਸ ਬਹੁਤ ਥੋੜ੍ਹੇ ਜਿਹੇ ਵਾਧੇ ਉਪਰ ਚਿੰਤਾ ਜਤਾਈ ਹੈ ਕਿਉਂਕਿ ਪਾਣੀ ਦੀ ਸ਼ੁੱਧਤਾ ਅਤੇ ਪਾਇਦਾਰੀ ਦੀ ਹਮੇਸ਼ਾ ਤੋਂ ਸਮੱਸਿਆ ਰਹੀ ਹੈ, ਖ਼ਾਸ ਤੌਰ ਤੇ ਪੇਂਡੂ ਇਲਾਕਿਆਂ ਵਿੱਚ। ਇਹ ਹਾਲਾਤ ਉਨ੍ਹਾਂ ਕਈ ਰਾਜਾਂ ਵਿੱਚ ਹੋਰ ਵੀ ਭਿਆਨਕ ਹੋ ਸਕਦੇ ਹਨ ਜੋ ਸੋਕੇ ਦੀ ਮਾਰ ਝੱਲ ਰਹੇ ਹਨ।

ਬਿਮਾਰੀ ਦੇ ਖ਼ਤਰੇ ਨੂੰ ਘੱਟ ਕਰਨ ਲਈ, ਵਹਾ ਅਤੇ ਪਾਣੀ ਦੇ ਮਿਆਰ ਵਿੱਚ ਸੁਧਾਰ ਅਤੇ ਸਾਫ਼-ਸਫ਼ਾਈ ਹੀ ਕਾਫ਼ੀ ਨਹੀਂ ਹੈ। ਅਜਿਹੀ ਆਬਾਦੀ ਲਈ ਜੋ ਵਧੇਰੇ ਕਰਕੇ ਗਰੀਬ ਹੈ, ਸਿਹਤ ਸੰਭਾਲ ਨੀਤੀ ਦਾ ਇਕ ਮਹੱਤਵਪੂਰਨ ਜ਼ੋਰ ਪਹੁੰਚ ਉਪਰ ਹੋਣਾ ਚਾਹੀਦਾ ਹੈ।

ਜਨਤਕ ਖਰਚੇ ਵਿੱਚ ਕਮੀ ਹੋਣ ਦਾ ਸਿੱਧਾ ਅਰਥ ਹੈ ਕਿ ਸਿਹਤ ਉਪਰ ਖਰਚੇ ਦਾ ਲਗਭਗ 70 ਤੋਂ 80 ਪ੍ਰਤਿਸ਼ਤ ਹਿੱਸਾ ਘਰ ਪਰਿਵਾਰਾਂ ਨੂੰ ਆਪਣੇ ਨਿੱਜੀ ਸਰੋਤਾਂ, ਆਮਦਨ ਅਤੇ ਬੱਚਤ ਵਿੱਚੋਂ ਕਰਨਾ ਪੈਂਦਾ ਹੈ। ਕੁੱਲ ਮੈਡੀਕਲ ਅਤੇ ਹੋਰ ਸਬੰਧਿਤ ਗ਼ੈਰ ਮੈਡੀਕਲ ਖਰਚਾ ਹਰ ਇਕ ਵਾਰ ਹਸਪਤਾਲ ਵਿੱਚ ਦਾਖ਼ਲ ਹੋ ਜਾਣ ਉਤੇ ਪੇਂਡੂ ਖੇਤਰਾਂ ਵਿੱਚ 16,956 ਅਤੇ ਸ਼ਹਿਰੀ ਖੇਤਰਾਂ ਵਿੱਚ 26,455 ਆਉਂਦਾ ਹੈ। ਹਰ ਬਿਮਾਰ ਆਦਮੀ ਦੇ ਹਸਪਤਾਲ ਵਿੱਚ ਦਾਖ਼ਲੇ ਤੋਂ ਬਿਨਾਂ, ਬਿਮਾਰ ਦੇ ਇਲਾਜ ਉਪਰ ਖਰਚਾ ਪੇਂਡੂ ਇਲਾਕਿਆਂ ਵਿੱਚ 509 ਰੁਪਏ ਅਤੇ ਸ਼ਹਿਰੀ ਇਲਾਕਿਆਂ ਵਿਚ 639 ਰੁਪਏ ਆਉਂਦਾ ਹੈ।

ਘੱਟ ਜਨਤਕ ਖਰਚੇ ਦਾ ਅਰਥ ਇਹ ਵੀ ਹੈ ਕਿ ਬਹੁਤੇ ਲੋਕ ਨਿੱਜੀ ਡਾਕਟਰ ਤੋਂ ਆਪਣੀ ਬਿਮਾਰੀ ਦਾ ਇਲਾਜ ਕਰਵਾਉਂਦੇ ਹਨ। ਰਾਸ਼ਟਰੀ ਸੈਂਪਲ ਸਰਵੇ ਦੀ 2015 ਦੀ ਰਿਪੋਰਟ ਦੇ ਭਾਰਤ ਵਿੱਚ ਸਿਹਤ ਦੇ ਸਮਾਜਕ ਉਪਭੋਗਤਾ ਸੰਕੇਤਕ (71ਵਾਂ ਗੇੜ, ਜਨਵਰੀ ਤੋਂ ਜੂਨ 2014) ਤੋਂ ਪਤਾ ਲਗਦਾ ਹੈ ਕਿ ਨਿੱਜੀ ਖੇਤਰ ਬਾਹਰੀ ਮਰੀਜ਼ਾਂ ਅਤੇ ਹਸਪਤਾਲਾਂ ਵਿੱਚ ਦਾਖ਼ਲੇ ਵਾਲੇ ਮਰੀਜ਼ਾਂ ਦੇ ਇਲਾਜ ਵਿੱਚ ਜਨਤਕ ਡਾਕਟਰਾਂ ਦਾ ਹਿੱਸਾ 11.5 ਪ੍ਰਤਿਸ਼ਤ ਹੈ। ਇਸ ਦੇ ਕਾਫ਼ੀ ਵਿੱਤੀ ਅਸਰ ਹਨ – ਹਸਪਤਾਲਾਂ ਵਿੱਚ ਦਾਖ਼ਲ ਮਰੀਜ਼ਾਂ ਦਾ ਬਿਮਾਰੀ ਦੇ ਇਲਾਜ ਵਿੱਚ ਔਸਤ ਖਰਚਾ, ਨਿੱਜੀ ਸੰਸਥਾਨਾਂ ਵਿੱਚ ਜਨਤਕ ਸੰਸਥਾਨਾਂ ਨਾਲੋਂ ਚਾਰ ਗੁਣਾਂ ਜ਼ਿਆਦਾ ਹੈ। ਹਸਪਤਾਲ 'ਚ ਦਾਖ਼ਲ ਹੋਣ ਉਤੇ ਔਸਤ ਖਰਚਾ ਨਿੱਜੀ ਸੰਸਥਾਨਾਂ ਵਿੱਚ 25,850 ਰੁਪਏ ਹੈ ਜਿਸ ਦੇ ਮੁਕਾਬਲੇ ਜਨਤਕ ਹਸਪਤਾਲਾਂ ਵਿੱਚ ਇਹ 6120 ਰੁਪਏ ਹੈ।

ਜੇਬ ਵਿੱਚੋਂ ਖਰਚਾ ਹੋਣਾ ਅਤੇ ਵਧੇਰੇ ਮਹਿੰਗੇ ਨਿੱਜੀ ਡਾਕਟਰਾਂ ਉਪਰ ਨਿਰਭਰ ਹੋਣ ਦੀ ਲੋੜ ਦਾ ਮਤਲਬ ਹੈ ਕਿ ਗਰੀਬਾਂ ਨੂੰ ਇਸ ਵਿੱਚ ਘਾਟਾ ਹੈ ਅਤੇ ਅੰਤ ਦੀਆਂ ਮਾਰੂ ਸਿਹਤ ਸਮੱਸਿਆਵਾਂ ਦੀ ਸੂਰਤ ਵਿੱਚ ਉਨ੍ਹਾਂ ਦਾ ਹੋਰ ਗਰੀਬੀ ਵੱਲ ਧੱਕਿਆ ਜਾਣਾ ਲਾਜ਼ਮੀ ਹੈ। ਬਜਟ 2016 ਵਿੱਚ, ਇਨ੍ਹਾਂ ਹਾਲਤਾਂ ਤੋਂ ਬਚਾਉਣ ਦੀ ਕੋਸ਼ਿਸ਼ ਕੀਤੀ ਗਈ ਹੈ। ਜਨਤਕ ਸਿਹਤ ਬੀਮਾ ਕਰਵਾਉਣ ਉਤੇ ਅਧਾਰਤ, ਬਜਟ ਵਿੱਚ ਜੇਬ ਵਿਚੋਂ ਹੋਣ ਵਾਲੇ ਅਚਾਨਕ ਖਰਚੇ ਲਈ ਗਰੀਬਾਂ ਅਤੇ ਆਰਥਿਕ ਤੌਰ ਤੇ ਕਮਜ਼ੋਰ ਪਰਿਵਾਰਾਂ ਦੀਆਂ ਲੋੜਾਂ ਦਾ ਵਧੇਰੇ ਬੀਮਾ ਕਰਨ ਨਾਲ ਧਿਆਨ ਰੱਖਿਆ ਗਿਆ ਹੈ। ਵਿੱਤ ਮੰਤਰੀ ਨੇ ਹਰ ਪਰਿਵਾਰ ਲਈ ਇਕ ਲੱਖ ਦੇ ਬੀਮੇ ਦਾ ਐਲਾਨ ਕੀਤਾ। ਬਜ਼ੁਰਗਾਂ ਲਈ 30,000 ਹੋਰ ਵਾਧੂ ਬੀਮੇ ਦਾ ਪ੍ਰਸਤਾਵ ਰੱਖਿਆ ਗਿਆ ਹੈ। ਸਿਹਤ ਬੀਮੇ ਲਈ 1500 ਕਰੋੜ ਰੁਪਏ ਰਾਖਵੇਂ ਕੀਤੇ ਗਏ ਹਨ ਜੋ 2015-16 ਵਿੱਚ ਮੁੜ ਵਿਚਾਰੇ 595 ਕਰੋੜ ਰੁਪਏ ਦੇ ਖਰਚੇ ਨਾਲੋਂ ਵਾਧੂ ਹਨ।

ਜਨਤਕ ਸਿਹਤ ਬੀਮੇ ਵਿੱਚ ਸੁਧਾਰ ਨਾਲ, ਪਹੁੰਚ ਵਿੱਚ ਸੁਧਾਰ ਆਉਂਦਾ ਹੈ, ਖ਼ਾਸ ਤੌਰ ਤੇ ਭੈੜੀਆਂ ਬਿਮਾਰੀਆਂ ਦੀ ਸੂਰਤ ਵਿੱਚ ਜਿਨ੍ਹਾਂ ਦੇ ਇਲਾਜ ਲਈ ਹਸਪਤਾਲਾਂ ਵਿੱਚ ਦਾਖ਼ਲ ਹੋਣਾ ਪੈਂਦਾ ਹੈ। ਪਰ ਭਾਰਤ ਜਿਹੇ ਦੇਸ਼ ਵਿੱਚ, ਜਿਸ ਵਿੱਚ ਬਹੁਤੀ ਗਿਣਤੀ ਆਬਾਦੀ ਗਰੀਬੀ ਰੇਖਾ ਦੇ ਥੱਲੇ ਜਾਂ ਹਾਸ਼ੀਏ ਉਤੇ ਹੈ, ਸੁਧਾਰੀ ਹੋਈ ਅਤੇ ਅਸਰਦਾਰ ਸਿਹਤ ਸੰਭਾਲ ਪ੍ਰਣਾਲੀ ਤੋਂ ਬਿਨਾਂ ਹੋਰ ਕੋਈ ਚਾਰਾ ਨਹੀਂ ਹੈ। ਕੁੱਝ ਸਕਾਰਾਤਮਕ ਸੰਕੇਤ ਮਿਲੇ ਹਨ। ਰਾਸ਼ਟਰੀ ਸੈਂਪਲ ਸਰਵੇ ਸੰਸਥਾਨ ਦੀ 2015 ਦੀ ਰਿਪੋਰਟ (71ਵਾਂ ਗੇੜ) ਅਨੁਸਾਰ 2004 ਦੇ ਪਿਛਲੇ ਸਰਵੇ (60ਵਾਂ ਗੇੜ) ਦੇ ਪੇਂਡੂ ਖੇਤਰਾਂ ਵਿੱਚ ਜਨਤਕ ਸਿਹਤ ਸੰਭਾਲ ਪ੍ਰਣਾਲੀ ਵਿੱਚ ਥੋੜ੍ਹਾ ਜਿਹਾ ਪਰ ਮਹੱਤਵਪੂਰਨ ਮੋੜ ਆਇਆ ਹੈ। 71ਵੇਂ ਗੇੜ ਵਿੱਚ ਕਿਹਾ ਗਿਆ ਹੈ ਕਿ 60ਵੇਂ ਗੇੜ ਦੇ ਸਿਰਫ਼ 22 ਪ੍ਰਤਿਸ਼ਤ ਮਰੀਜ਼ਾਂ ਦੇ ਜਨਤਕ ਪ੍ਰਣਾਲੀ ਤੋਂ ਲਾਭ ਲੈਣ ਦੇ ਮੁਕਾਬਲੇ, ਇਸ ਵਿੱਚ 28.3 ਪ੍ਰਤਿਸ਼ਤ ਮਰੀਜ਼ਾਂ ਨੇ ਜਨਤਕ ਪ੍ਰਣਾਲੀ ਤੋਂ ਲਾਭ ਉਠਾਇਆ। ਇਸ ਤੱਥ ਨੂੰ ਦੇਖਦੇ ਹੋਏ ਕਿ ਇਹ ਵਾਧਾ 10 ਸਾਲਾਂ ਵਿੱਚ ਹਾਸਲ ਕੀਤਾ ਜਾ ਸਕਿਆ ਹੈ, ਇਹ ਬਹੁਤ ਥੋੜ੍ਹਾ ਜਿਹਾ ਹੈ ਅਤੇ ਅਬਾਦੀ ਵੀ ਇਸ ਦੌਰਾਨ ਬਹੁਤ ਵਧ ਚੁੱਕੀ ਹੈ।

ਜਨਤਕ ਖਰਚੇ ਵਿੱਚ ਵੀ ਵਾਧਾ ਹੋਇਆ ਹੈ, ਭਾਵੇਂ ਇਹ ਲੋੜੀਂਦੇ ਪੱਧਰ ਦਾ ਨਹੀਂ ਹੈ। ਵਿੱਤੀ ਸਾਲ 2015-16 ਦੇ ਪਹਿਲੇ 9 ਮਹੀਨੇ ਦੇ ਸਮੇਂ ਸਿਹਤ ਉਪਰ ਸਰਕਾਰੀ ਖਰਚਾ 9 ਪ੍ਰਤਿਸ਼ਤ ਵਧਿਆ ਹੈ। ਇਸ ਲਈ ਨਿਰਧਾਰਤ ਰਾਸ਼ੀ ਵਿੱਚ ਲਗਾਤਾਰ ਵਾਧਾ ਹੋਇਆ ਹੈ। 2012-13 ਵਿੱਚ ਇਹ 27,884 ਕਰੋੜ ਰੁਪਏ ਸੀ ਜੋ 2015-16 ਵਿੱਚ 34,957 ਕਰੋੜ ਰੁਪਏ ਹੋ ਗਿਆ ਅਤੇ ਚਾਲੂ ਬਜਟ ਵਿੱਚ 39,533

ਕਰੋੜ ਰੁਪਏ ਮਿਥਿਆ ਗਿਆ ਹੈ।

ਪਰਦੇਸ਼ ਦੀਆਂ ਸਿਹਤ ਸੰਭਾਲ ਦੀਆਂ ਬਹੁਤ ਲੋੜਾਂ ਨੂੰ ਦੇਖਦੇ ਹੋਏ, ਇਹ ਰੋਸ਼ਨੀ ਦੀ ਕਿਰਨ ਛੇਤੀ ਹੀ ਧੁੰਦਲੀ ਪੈ ਜਾਂਦੀ ਹੈ। ਵਿਸ਼ਵ ਸਿਹਤ ਸੰਸਥਾਨ ਅਨੁਸਾਰ, ਭਾਰਤ ਵਿੱਚ ਹਰ ਸਾਲ 52 ਲੱਖ ਮੌਤਾਂ ਹੁੰਦੀਆਂ ਹਨ ਅਤੇ ਇਹ ਮੌਤ ਦਰ ਸ਼ਹਿਰੀ ਖੇਤਰਾਂ ਵਿੱਚ 2021 ਤੱਕ 42 ਪ੍ਰਤਿਸ਼ਤ ਵਧ ਜਾਣ ਦਾ ਅੰਦਾਜ਼ਾ ਹੈ। ਭਾਰਤ ਵਿੱਚ ਦਿਲ ਦੇ ਦੌਰੇ ਨਾਲ ਪ੍ਰਤਿ ਮਿੰਟ ਇਕ ਮੌਤ ਹੋ ਜਾਂਦੀ ਹੈ, 40 ਸਾਲ ਤੋਂ ਘੱਟ ਉਮਰ ਵਾਲੇ ਮਰੀਜ਼ਾਂ ਵਿੱਚੋਂ ਹਰ ਛੇਵਾਂ ਮਰੀਜ਼ ਕੈਂਸਰ ਅਤੇ ਦਿਲ ਦੀਆਂ ਬਿਮਾਰੀਆਂ ਨਾਲ ਪੀੜਤ ਹੈ। 2016 ਤੋਂ 2030 ਵਿਚਕਾਰ, ਭਾਰਤ ਵਿੱਚ ਗ਼ੈਰ ਛੂਤ ਦੀਆਂ ਬਿਮਾਰੀਆਂ ਦਾ ਆਰਥਿਕ ਭਾਰ 6.2 ਟਰਿਲੀਅਨ ਡਾਲਰ ਹੋ ਜਾਵੇਗਾ। ਸਿਹਤ ਸੰਭਾਲ ਨੂੰ ਵੱਡੇ ਪੈਮਾਨੇ ਉਤੇ ਮੁਹੱਈਆ ਕਰਨ ਅਤੇ ਇਸ ਲਈ ਜਨਤਕ ਖਰਚੇ ਵਿੱਚ ਬਹੁਤ ਵਾਧੇ ਦੀ ਲੋੜ ਨੂੰ ਝੁਠਲਾਇਆ ਨਹੀਂ ਜਾ ਸਕਦਾ। ਭਾਰਤ ਪ੍ਰਤਿ ਜੀਅ ਸਿਹਤ ਉਪਰ ਖਰਚੇ ਵਿੱਚ ਦੁਨੀਆਂ ਦੇ ਦੇਸ਼ਾਂ ਵਿੱਚ 157ਵੇਂ ਰੈਂਕ ਉਤੇ ਹੈ ਜੋ ਸਿਰਫ਼ 44 ਡਾਲਰ ਪ੍ਰਤਿ ਵਿਅਕਤੀ ਆਉਂਦਾ ਹੈ। ਚੰਗੀ ਬੀਮਾ ਪ੍ਰਣਾਲੀ, ਨਾਮੁਰਾਦ ਬਿਮਾਰੀਆਂ ਅਤੇ ਹਸਪਤਾਲ ਵਿੱਚ ਦਾਖ਼ਲੇ ਦੀ ਸੂਰਤ ਵਿੱਚ ਮਦਦ ਕਰ ਸਕਦੀ ਹੈ। ਪਰ ਚੰਗੇ ਸਿਹਤ ਨਤੀਜਿਆਂ ਨੂੰ ਯਕੀਨੀ ਬਣਾਉਣ ਲਈ ਮੁੱਢਲੇ ਸਿਹਤ ਸੰਭਾਲ ਕੇਂਦਰਾਂ ਅਤੇ ਉਪ-ਕੇਂਦਰਾਂ ਦੇ ਜਾਲ ਨੂੰ ਬਹੁਤ ਸੁਧਾਰਨਾ ਹੋਵੇਗਾ। ਇਸ ਲਈ ਇਨ੍ਹਾਂ ਕੇਂਦਰਾਂ ਵਿੱਚ ਸਿਖਲਾਈ ਸ਼ੁਦਾ ਸਿਹਤ ਸੰਭਾਲ ਪੇਸ਼ੇਵਰਾਂ ਦੀ ਨਿਯੁਕਤੀ ਅਤੇ ਮਰੀਜ਼ਾਂ ਦੀ ਦਵਾਈਆਂ ਤੱਕ ਪਹੁੰਚ ਦੀ ਲੋੜ ਹੋਵੇਗੀ।

ਜਿਥੋਂ ਤੱਕ ਦਵਾਈਆਂ ਤੱਕ ਪਹੁੰਚ ਦਾ ਸਵਾਲ ਹੈ, ਸਰਕਾਰ ਨੇ 2008 ਤੋਂ ਜਨ ਔਸ਼ਧੀ ਸਕੀਮ ਚਲਾਈ ਹੈ, ਜਿਸ ਨਾਲ ਜੈਨਰਿਕ ਦਵਾਈਆਂ ਤੱਕ ਪਹੁੰਚ ਵਧ ਜਾਣ ਦੀ ਆਸ ਸੀ। ਪਰ ਇਹ ਸਕੀਮ ਸ਼ੁਰੂ ਹੀ ਨਹੀਂ ਹੋਈ। ਸਿਰਫ਼ 164 ਜਨ ਔਸ਼ਧੀ ਸਟੋਰ ਸਥਾਪਤ ਕੀਤੇ ਗਏ ਸਨ, ਜਿਨ੍ਹਾਂ ਵਿੱਚੋਂ ਸਿਰਫ਼ 87 ਹੀ ਚੱਲ ਰਹੇ ਹਨ। ਵਿੱਤ ਮੰਤਰੀ ਨੇ ਐਲਾਨ ਕੀਤਾ ਹੈ ਕਿ 3,000 ਜਨ ਔਸ਼ਧੀ ਸਟੋਰ ਖੋਲ੍ਹੇ ਜਾਣਗੇ। ਇਸ ਲਈ 35 ਕਰੋੜ ਰੁਪਏ ਰੱਖੇ ਗਏ ਹਨ ਜੋ 2015-16 ਵਿੱਚ ਰਾਖਵੇਂ ਕੀਤੇ 16.9 ਕਰੋੜ ਰੁਪਏ ਤੋਂ ਬਹੁਤ ਵਾਧੂ ਹਨ। ਜਿਥੇ ਇਹ ਸਵਾਗਤ ਯੋਗ ਕਦਮ ਹੈ ਪਰ ਸਰਕਾਰ ਨੂੰ ਇਸ ਸਕੀਮ ਦੀ ਅਸਲੀ ਸਮੱਸਿਆ ਨੂੰ ਫੜਨਾ ਚਾਹੀਦਾ ਹੈ - ਡਾਕਟਰ ਜੈਨਰਿਕ ਦਵਾਈਆਂ ਨਹੀਂ ਲਿਖਦੇ ਅਤੇ ਜੈਨਰਿਕ ਨਾਵਾਂ ਵਾਲੀਆਂ ਦਵਾਈਆਂ ਉਪਲਬਧ ਵੀ ਨਹੀਂ ਹੁੰਦੀਆਂ।

ਵੱਡੀ ਸਮੱਸਿਆ ਜਨਤਕ ਸਿਹਤ ਸੰਭਾਲ ਸੰਸਥਾਨਾਂ ਦਾ ਭੈੜਾ ਹਾਲ ਹੋਣਾ ਹੈ। ਜਿਥੇ ਕਿਤੇ ਮੁੱਢਲੇ ਅਤੇ ਸੈਕੰਡਰੀ ਸਿਹਤ ਸੰਭਾਲ ਕੇਂਦਰ ਖੋਲ੍ਹੇ ਵੀ ਜਾਂਦੇ ਹਨ, ਉਹ ਲਗਭਗ ਚਲਦੇ ਨਹੀਂ ਹਨ, ਉਨ੍ਹਾਂ ਵਿੱਚ ਖਾਲੀ ਪਦਵੀਆਂ ਅਤੇ ਸਿਹਤ ਸੰਭਾਲ ਕਾਰਕੁਨਾਂ ਦੀ ਘਾਟ ਇਸ ਪ੍ਰਣਾਲੀ ਨੂੰ ਬਿਮਾਰੀ ਦੀ ਤਰ੍ਹਾਂ ਚਿੰਬੜੀ ਹੋਈ ਹੈ। ਮਾਹਰਾਂ, ਡਾਕਟਰਾਂ, ਸਟਾਫ਼ ਨਰਸਾਂ, ਸੁੰਨਕਾਰਾਂ ਦੀ ਘਾਟ, ਸਿਹਤ ਸੇਵਾਵਾਂ ਦੀ ਪਹੁੰਚ, ਖ਼ਾਸ ਤੌਰ ਤੇ ਪੇਂਡੂ ਇਲਾਕਿਆਂ ਵਿੱਚ, ਸਿਹਤ ਉਪਰ ਬਹੁਤ ਮਾੜਾ ਅਸਰ ਪਾਉਂਦੀ ਹੈ। ਸਿਹਤ ਪੇਸ਼ਾਵਰਾਂ ਦੀ ਕਮੀ ਅਤੇ ਸਿਹਤ ਬੁਨਿਆਦੀ ਢਾਂਚੇ ਵਿੱਚ ਅਸਮਾਨਤਾ ਚਿੰਤਾਜਨਕ ਹਾਲਾਤ ਵਿੱਚ ਹਨ।

2011 ਵਿੱਚ ਰਾਸ਼ਟਰੀ ਪੇਂਡੂ ਸਿਹਤ ਮਿਸ਼ਨ ਦਾ ਮੁਲਾਂਕਣ ਅਧਿਐਨ ਸੱਤ ਰਾਜਾਂ ਉੱਤਰ ਪ੍ਰਦੇਸ਼, ਮੱਧ ਪ੍ਰਦੇਸ਼, ਝਾਰਖੰਡ, ਓਡੀਸ਼ਾ, ਅਸਾਮ, ਜੰਮੂ ਅਤੇ ਕਸ਼ਮੀਰ ਅਤੇ ਤਮਿਲਨਾਡੂ ਵਿੱਚ ਚਲਾਇਆ ਗਿਆ ਸੀ ਜਿਸ ਵਿੱਚ ਮਾਹਰ ਸਿਹਤ ਪੇਸ਼ੇਵਰਾਂ ਦੀ ਕਮੀ 95 ਪ੍ਰਤਿਸ਼ਤ ਤੱਕ ਪਾਈ ਗਈ। 2015 ਦੇ ਪੇਂਡੂ ਸਿਹਤ ਅੰਕੜਿਆਂ ਵਿੱਚ ਪਾਇਆ ਗਿਆ ਕਿ ਸਰਵ ਭਾਰਤੀ ਪੱਧਰ ਉਤੇ, ਸਮਾਜ ਸੇਵਾ ਕੇਂਦਰਾਂ ਵਿੱਚ ਸਰਜਨਾਂ ਦੀ 83 ਪ੍ਰਤਿਸ਼ਤ ਕਮੀ ਸੀ ਅਤੇ ਮਾਹਰ ਡਾਕਟਰਾਂ ਦੀਆਂ ਨਿਰਧਾਰਤ ਪੋਸਟਾਂ ਵਿੱਚੋਂ ਸਿਰਫ਼ 27 ਪ੍ਰਤਿਸ਼ਤ ਹੀ ਭਰੀਆਂ ਹੋਈਆਂ ਸਨ। ਵਧੀਆ ਤੋਂ ਵਧੀਆ ਬੀਮਾ ਯੋਜਨਾਵਾਂ ਜਾਂ ਚੰਗੇ ਤੋਂ ਚੰਗੇ ਦਵਾਈਆਂ ਨਾਲ ਭਰੇ ਜਨ ਔਸ਼ਧੀ ਸਟੋਰ ਵੀ ਬਿਨਾਂ ਲੋੜੀਂਦੀ ਮੈਡੀਕਲ ਚੌਕਸੀ ਦੇ ਕਿਸੇ ਕੰਮ ਦੇ ਨਹੀਂ। ਇਹ ਸਚਾਈ ਹੈ ਕਿ ਜੇਕਰ ਸਿਹਤ ਸੰਭਾਲ ਪ੍ਰਣਾਲੀ ਨੂੰ ਕਾਰਗਰ, ਕੁਸ਼ਲ ਅਤੇ ਸਭ ਦੀ ਪਹੁੰਚ ਵਾਲਾ ਬਣਾਉਣਾ ਹੈ ਤਾਂ ਜਨਤਕ ਖੇਤਰ ਵਿੱਚੋਂ ਫੰਡ ਕੀਤੇ ਜਾਣ ਵਾਲੇ ਸੰਸਥਾਨਾਂ ਨੂੰ ਠੀਕ ਕੰਮ ਕਰਨਾ ਹੋਵੇਗਾ ਨਹੀਂ ਤਾਂ, ਇਸ ਦਾ ਅਰਥ ਇਹ ਹੋਵੇਗਾ ਕਿ ਵਸੋਂ ਦੇ ਵੱਡੇ ਹਿੱਸੇ ਨੂੰ ਮਹਿੰਗੇ ਇਲਾਜ ਉਪਰ ਨਿਰਭਰ ਕਰਨਾ ਪਵੇਗਾ। ਭਾਰਤ ਜਿਹੇ ਦੇਸ਼ ਵਿੱਚ ਜੋ ਵਿਹਾਰਕ ਨਹੀਂ ਹੈ, ਸਰਕਾਰ ਕੋਈ ਬੀਮਾ ਪ੍ਰਣਾਲੀ ਲੈ ਕੇ ਆਵੇ ਕੋਈ ਬਹੁਤ ਵਧੀਆ ਹੱਲ ਨਹੀਂ ਹੈ। ਰਾਸ਼ਟਰੀ ਸਿਹਤ ਮਿਸ਼ਨ ਲਈ ਨਿਰਧਾਰਤ ਰਾਸ਼ੀ ਵਿੱਚ ਵਾਧਾ ਕੀਤਾ ਗਿਆ ਹੈ ਪਰ ਬਹੁਤ ਥੋੜ੍ਹਾ ਜਿਹਾ ਹੀ, 2015-16 ਵਿੱਚ 19,122 ਕਰੋੜ ਰੁਪਏ ਤੋਂ 20037 ਕਰੋੜ ਰੁਪਏ। ਇਸ ਉਪਰ ਸਰਕਾਰ ਨੂੰ ਬਹੁਤ ਧਿਆਨ ਦੇਣ ਦੀ ਲੋੜ ਹੈ। ਸ਼ੁਰੂਆਤੀ ਦੌਰ ਵਿੱਚ, ਇਹ ਖਾਲੀ ਸਥਾਨ ਭਰਨ ਅਤੇ ਇਹ ਯਕੀਨੀ ਬਣਾਉਣ ਵੱਲ ਕਿ ਹਰ ਪੱਧਰ ਦੇ ਸਿਹਤ ਸੰਭਾਲ ਕੇਂਦਰਾਂ ਵਿੱਚ ਲੋੜੀਂਦਾ ਸਟਾਫ ਅਤੇ ਜ਼ਰੂਰੀ ਸਹੂਲਤਾਂ ਜਿਵੇਂ ਕਿ ਐਂਬੂਲੈਂਸ ਅਤੇ ਚਲਦੇ-ਫਿਰਦੇ ਯੂਨਿਟ ਵੱਲ ਵਧੇਰੇ ਤਵੱਜੋਂ ਦੇ ਸਕਦੀ ਹੈ।

ਇਹ ਅੰਦਾਜ਼ਾ ਹੈ ਕਿ 2025 ਤੱਕ ਦੇਸ਼ ਦੀ 70 ਪ੍ਰਤਿਸ਼ਤ ਤੋਂ ਵੱਧ ਆਬਾਦੀ ਕੰਮਕਾਜੀ ਹੋਵੇਗੀ। ਆਮ ਕਰਕੇ, ਭਾਰਤੀ ਨੇਤਾ ਦੇਸ਼ ਦੀ ਵਧ ਰਹੀ ਆਬਾਦੀ ਨੂੰ 'ਜਨ ਅੰਕੜਾ ਡਿਵੀਡੈਂਡ' ਦੇ ਤੌਰ ਤੇ ਪ੍ਰਚਾਰ ਕਰਦੇ ਹਨ ਜੋ ਦੇਸ਼ ਨੂੰ ਇਕ ਚੁਨੌਤੀ ਅਤੇ ਇਕ ਮੌਕਾ ਦਿੰਦਾ ਹੈ। ਇਸ ਜਨ ਅੰਕੜਾ ਡਿਵੀਡੈਂਡ ਤੋਂ ਲਾਭ ਲੈਣ ਲਈ, ਸਮਾਜਕ ਖੇਤਰਾਂ ਖ਼ਾਸ ਤੌਰ ਤੇ ਮੁੱਖ ਖੇਤਰਾਂ ਜਿਵੇਂ ਕਿ ਸਿੱਖਿਆ, ਸਿਹਤ ਅਤੇ ਸਾਫ਼-ਸਫ਼ਾਈ ਉਪਰ ਵਧੇਰੇ ਜਨਤਕ ਖਰਚਾ ਕਰਨ ਦੀ ਲੋੜ ਹੈ। ਬਜਟ 2016 ਵਿੱਚ ਕੁੱਝ ਕਦਮ ਉਠਾਏ ਗਏ ਹਨ ਪਰ ਉਹ ਬਹੁਤ ਥੋੜ੍ਹੇ ਜਿਹੇ ਹੀ ਹਨ। ਵੱਡੀਆਂ ਪਹਿਲਾਂ ਕਰਨ ਦੀ ਲੋੜ ਹੈ।

ਭਾਰਤ ਇਸ ਜਨ ਅੰਕੜਾ ਡਿਵੀਡੈਂਡ ਦੇ ਵਿਚਕਾਰ ਖੜ੍ਹਾ ਹੈ ਅਤੇ ਇਸ ਡਿਵੀਡੈਂਡ ਨੂੰ ਅਮਲੀ ਜਾਮਾ ਪਹਿਨਾਉਣ ਲਈ ਇਸ ਨੂੰ ਆਪਣੀ ਸਿਹਤ ਸੰਭਾਲ ਪ੍ਰਣਾਲੀ ਵਿੱਚ ਸੁਧਾਰ ਲਿਆਉਣਾ ਹੋਵੇਗਾ, ਇਸ ਨੂੰ ਪਹੁੰਚ ਅੰਦਰ, ਅਸਰਦਾਰ ਅਤੇ ਸਭ ਦੀ ਪਹੁੰਚ ਵਾਲੀ ਬਣਾਉਣਾ ਹੋਵੇਗਾ। ਸੁਧਾਰ ਕੀਤੀਆਂ ਸਿਹਤ ਸੇਵਾਵਾਂ ਅਤੇ ਉਨ੍ਹਾਂ ਦੇ ਸਿੱਟੇ ਸਮਾਵੇਸ਼ੀ ਅਤੇ ਪਾਏਦਾਰ ਵਿਕਾਸ ਲਈ ਹਰ ਹੀਲੇ ਲਾਜ਼ਮੀ ਹਨ। ਸਿਹਤ ਵਿੱਚ ਸੁਧਾਰ ਲਿਆਉਣ ਦਾ ਮਤਲਬ ਹੈ, ਜੋ ਕਿ ਵਿਕਾਸ ਦਾ ਇਕ ਮੁੱਖ ਸੰਕੇਤਕ ਹੈ, ਕਿ ਇਸ ਨਾਲ ਉੱਚ ਆਰਥਿਕ ਵਿਕਾਸ ਜੋ ਸਮਾਵੇਸ਼ੀ ਅਤੇ ਪਾਏਦਾਰ ਹੋਵੇ, ਹਾਸਲ ਕਰਨ ਲਈ ਢੁਕਵਾਂ ਦਬਾਅ ਬਣੇਗਾ। ਇਕ ਨਰੋਆ ਸਮਾਜ ਵਧੇਰੇ ਉਪਜਾਇਕਤਾ ਪੈਦਾ ਕਰ ਸਕੇਗਾ। ਇਹ ਇਕ ਆਮ ਧਾਰਨਾ ਹੈ ਕਿ ਸਮਾਜਕ ਖੇਤਰ ਉਪਰ ਖਰਚੇ ਨੂੰ ਵਾਧੂ ਖਰਚਾ

ਗਿਣਿਆ ਜਾਂਦਾ ਹੈ, ਖ਼ਾਸ ਤੌਰ ਤੇ ਸਿੱਖਿਆ ਦੇਣ ਅਤੇ ਸਿਹਤ ਸੰਭਾਲ ਦੇ ਖੇਤਰਾਂ ਵਿੱਚ। ਇਨ੍ਹਾਂ ਖੇਤਰਾਂ ਉਪਰ ਜਨਤਕ ਖਰਚਾ ਘੱਟ ਕਰਨ ਲਈ ਕੁੱਝ ਦਬਾਅ ਉਨ੍ਹਾਂ ਲੋਕਾਂ ਵਲੋਂ ਆਉਂਦਾ ਹੈ ਜੋ ਸਿਹਤ ਖੇਤਰ ਨੂੰ ਵੱਧ ਤੋਂ ਵੱਧ ਨਿੱਜੀ ਕਰਨ ਦੀ ਵਕਾਲਤ ਕਰਦੇ ਹਨ। ਜੇਕਰ ਸਰਕਾਰ ਇਨ੍ਹਾਂ ਖੇਤਰਾਂ ਵਲੋਂ ਹੱਥ ਖਿੱਚ ਲੈਂਦੀ ਹੈ, ਤਾਂ ਇਹ ਬਹੁਤ ਵੱਡੀ ਭੁੱਲ ਹੋਵੇਗੀ। ਸਿਹਤ ਖੇਤਰ ਵਿੱਚ ਨਿਵੇਸ਼ ਕਰਨਾ ਵਿਕਾਸ ਦੀ ਕੁੰਜੀ ਹੈ।

ਲਗਭਗ 170 ਸਾਲ ਪਹਿਲਾਂ, ਰੂਸੀ ਸੂਝਵਾਨ ਅਨੇਗਜ਼ੰਡਰ ਹਰਜ਼ਨ ਨੇ ਪੁੱਛਿਆ ਸੀ, "ਜੇਕਰ ਉੱਨਤੀ ਕਰਨਾ ਹੀ ਸਾਡਾ ਉਦੇਸ਼ ਹੈ, ਤਾਂ ਅਸੀਂ ਕਿਸ ਲਈ ਕੰਮ ਕਰ ਰਹੇ ਹਾਂ?" – ਕੀ ਤੁਸੀਂ ਅਸਲ ਵਿੱਚ ਅੱਜ ਸਾਰੀ ਜ਼ਿੰਦਾ ਮਾਨਵਤਾ ਨੂੰ ਦੋਸ਼ੀ ਠਹਿਰਾਉਂਦੇ ਹੋ ਕਿ ਉਹ ਆਉਣ ਵਾਲੇ ਲੋਕਾਂ ਦੇ ਨੱਚਣ-ਟੱਪਣ ਲਈ ਫਰਸ਼ ਉਤੇ ਇਕ ਸੁੰਦਰ ਥੰਮ੍ਹ ਦੀ ਦੁਖਦ ਭੂਮਿਕਾ ਨਿਭਾ ਰਹੀ ਹੈ... ਜਾਂ ਉਨ੍ਹਾਂ ਦੁਖੀ ਬਾਦਬਾਨੀ ਜਹਾਜ਼ ਦੇ ਗੁਲਾਮਾਂ ਉਤੇ ਜੋ ਗੋਡਿਆਂ ਤੱਕ ਚਿੱਕੜ ਵਿੱਚ ਖੜ੍ਹੇ ਹੋ ਕੇ ਕਿਸੇ ਰਹੱਸਮਈ ਖਜ਼ਾਨੇ ਨਾਲ ਭਰੀ ਬੇੜੀ ਨੂੰ ਖਿੱਚ ਰਹੇ ਹੁੰਦੇ ਹਨ ਜਿਸ ਦੇ ਕਟੋਰਾ ਰੂਪੀ ਭਾਗ ਉਤੇ "ਭਵਿੱਖ ਲਈ ਉੱਨਤੀ ਕਰੋ" ਉਕਰਿਆ ਹੁੰਦਾ ਹੈ?" ਹਰਜ਼ਨ ਦਾ ਸਵਾਲ ਅੱਜ ਵੀ ਖੜ੍ਹਾ ਹੈ।

*(ਲੇਖਕ ਇਕਨਾਮਿਕ ਟਾਈਮਜ਼ ਵਿੱਚ ਸਹਾਇਕ ਸੰਪਾਦਕ ਹਨ)*

*e-mail :urmi.goswami@gmail.com*

***ਸਫ਼ਾ 17 ਦਾ ਬਾਕੀ***

ਮੰਤਰੀ ਲਈ ਮਜ਼ੇਦਾਰ ਨਹੀਂ ਹੋ ਸਕਦੇ ਜਿਨ੍ਹਾਂ ਨੇ ਸੰਸਦ ਵਿੱਚ ਇਕਮੁੱਠ ਵਿਰੋਧੀ ਧਿਰ ਅਤੇ ਅਗਾਮੀ ਚੋਣਾਂ ਲੜਨ ਜਾ ਰਹੀ ਆਪਣੀ ਪਾਰਟੀ ਦਾ ਵੀ ਸਾਹਮਣਾ ਕਰਨਾ ਹੈ। ਇਥੋਂ ਤੱਕ ਕਿ ਕੁੱਝ ਬਹੁਤ ਹੀ ਅਹਿਮ ਅਤੇ ਅਗਾਂਹਵਧੂ ਸੁਧਾਰ, ਜਿਨ੍ਹਾਂ ਨੂੰ ਰਾਸ਼ਟਰੀ ਵਿਕਾਸ ਦੇ ਹਿਤ ਵਿੱਚ ਅਮਲ ਹੇਠ ਲਿਆਉਣਾ ਜ਼ਰੂਰੀ ਸੀ, ਉਹ ਵੀ ਰਾਜ ਸਭਾ ਵਲੋਂ ਪ੍ਰਵਾਨ ਨਹੀਂ ਕੀਤੇ ਗਏ।

ਜਿਥੋਂ ਤੱਕ ਸੰਭਵ ਹੋਵੇ ਖਰਚੇ ਕਰਾਂ ਦੀ ਆਮਦਨ ਤੋਂ ਪੂਰੇ ਕੀਤੇ ਜਾਣੇ ਚਾਹੀਦੇ ਹਨ, ਬਹੁਤ ਹੰਗਾਮੀ ਹਾਲਤ ਵਿੱਚ ਹੀ ਪੈਸਾ ਉਧਾਰ ਫੜਨਾ ਚਾਹੀਦਾ ਹੈ। ਸਰਵੇਖਣ ਵਿੱਚ ਪੇਸ਼ ਅੰਕੜਿਆਂ ਤੋਂ ਸਪੱਸ਼ਟ ਹੈ ਕਿ ਭਾਰਤ ਸਭ ਤੋਂ ਘੱਟ ਕਰਾਂ ਵਾਲਾ ਦੇਸ਼ ਹੈ। ਬ੍ਰਿਕਸ ਦੇਸ਼ਾਂ ਦੀ ਤੁਲਨਾ ਵਿੱਚ ਸਾਡੀ ਟੈਕਸ ਆਮਦਨ ਦਾ ਕੁੱਲ ਘਰੇਲੂ ਉਤਪਾਦ ਅਨੁਪਾਤ 16.6 ਹੈ ਜੋ ਚੀਨ ਵਿੱਚ 19.4, ਰੂਸ ਵਿਚ 23, ਦੱਖਣੀ ਅਫ਼ਰੀਕਾ ਵਿੱਚ 28.8 ਅਤੇ ਬ੍ਰਾਜ਼ੀਲ ਵਿੱਚ 35.6 ਪ੍ਰਤਿਸ਼ਤ ਹੈ। ਪਰ ਪ੍ਰਤਿ ਵਿਅਕਤੀ ਆਮਦਨ ਦੀ ਤੁਲਨਾ ਵਿੱਚ ਸਾਫ਼ ਤੌਰ ਤੇ ਦਰਸਾਇਆ ਗਿਆ ਹੈ ਕਿ ਪਿਛਲੇ 25 ਸਾਲਾਂ ਦੌਰਾਨ ਛੋਟ ਦੀ ਸੀਮਾ ਕਿਤੇ ਜ਼ਿਆਦਾ ਤੇਜ਼ੀ ਨਾਲ ਵਧੀ ਹੈ।

ਚਾਰ ਕਿਸਮ ਦੇ ਸੁਧਾਰ ਖ਼ਾਸ ਕਰਕੇ ਵਿਕਾਸ ਪ੍ਰਕਿਰਿਆ ਵਿੱਚ ਨਾਟਕੀ ਤਬਦੀਲੀ ਲਿਆਉਣ ਦੇ ਸਮਰੱਥ ਹਨ। ਜਨਤਕ ਖੇਤਰ ਅਤੇ ਨਿੱਜੀ ਉੱਦਮਾਂ ਵਿੱਚ ਨਿਵੇਸ਼ ਦੇ ਰਸਤੇ ਵਿੱਚ ਭੂਮੀ ਬਿੱਲ ਅੜਿੱਕਾ ਬਣ ਗਿਆ ਹੈ। ਭੂਮੀ ਪ੍ਰਾਪਤੀ ਦੀਆਂ ਸਮੱਸਿਆਵਾਂ ਕਾਰਨ ਲਗਭਗ 25 ਪ੍ਰਤਿਸ਼ਤ ਯੋਜਨਾਵਾਂ ਰੁਕੀਆਂ ਪਈਆਂ ਹਨ। ਜੀ ਐੱਸ ਟੀ 'ਤੇ ਲੰਮਾ ਚਿਰ ਬਹਿਸ ਹੋ ਚੁੱਕੀ ਹੈ ਅਤੇ ਇਹ ਬਿੱਲ ਹਾਲੇ ਵੀ ਅੱਧ ਵਿਚਾਲੇ ਲਟਕਿਆ ਹੋਇਆ ਹੈ ਜੋ ਵਿਕਾਸ ਨੂੰ ਰੋਕ ਰਿਹਾ ਹੈ। ਇਕੱਲੇ ਜੀ ਐੱਸ ਟੀ ਬਿੱਲ ਪਾਸ ਹੋਣ ਨਾਲ ਹੀ ਕੁੱਲ ਘਰੇਲੂ ਉਤਪਾਦ ਵਿਕਾਸ ਦਰ ਵਿੱਚ ਘੱਟੋ-ਘੱਟ 1 ਪ੍ਰਤਿਸ਼ਤ ਦਾ ਵਾਧਾ ਹੋ ਜਾਣਾ ਸੀ। ਬਾਹਰ ਨਿਕਲਣ ਦੀ ਨੀਤੀ ਸਿੱਧੇ ਵਿਦੇਸ਼ੀ ਨਿਵੇਸ਼ ਦੇ ਰਾਹ ਵਿੱਚ ਇੱਕ ਵੱਡਾ ਅੜਿੱਕਾ ਹੈ। ਮੁਫ਼ਤ ਦਾਖ਼ਲਾ ਮੁਫ਼ਤ ਢੰਗ ਨਾਲ ਬਾਹਰ ਨਿਕਲਣ ਨੂੰ ਵੀ ਪਹਿਲਾਂ ਹੀ ਮੰਨ ਲੈਂਦਾ ਹੈ। ਬਾਅਦ ਵਾਲੇ ਦੀ ਗ਼ੈਰ-ਹਾਜ਼ਰੀ ਵਿੱਚ ਦਾਖਲਾ ਵੀ ਮੁਸ਼ਕਿਲ ਹੋ ਜਾਂਦਾ ਹੈ। ਅਖੀਰ ਵਿੱਚ, ਜਿਵੇਂ ਕਿ ਸਰਵੇਖਣ ਵਿੱਚ ਸੰਕੇਤ ਕੀਤਾ ਗਿਆ ਹੈ। ਕਿਰਤ ਨੀਤੀ ਨੂੰ ਵੀ ਬਦਲਣ ਦੀ ਜ਼ਰੂਰਤ ਹੈ ਤਾਂ ਕਿ ਚੰਗੀਆਂ ਨੌਕਰੀਆਂ ਪੈਦਾ ਕੀਤੀਆਂ ਜਾ ਸਕਣ।

ਫਿਰ ਵਿਕਾਸ ਨੂੰ ਰਫ਼ਤਾਰ ਦੇਣ ਅਤੇ ਸਥਿਰਤਾ ਯਕੀਨੀ ਬਣਾਉਣ ਦਾ ਰਾਹ ਕੀ ਹੈ? ਸਰਵੇਖਣ ਵਿੱਚ ਪਛਾਣੇ ਗਏ ਕੁੱਝ ਨੀਤੀ ਸਬੰਧੀ ਉਪਰਾਲੇ ਹਨ :

- ਵਾਧੇ ਨੂੰ ਘਰੇਲੂ ਮੰਗ ਉਤੇ ਜ਼ਿਆਦਾ ਨਿਰਭਰ ਕਰਨਾ ਹੋਵੇਗਾ ਜਿਸ ਨੂੰ ਬੁਨਿਆਦੀ ਢਾਂਚੇ ਉਤੇ ਵੱਧ ਖਰਚ ਕਰਕੇ ਹੁਲਾਰਾ ਦਿੱਤਾ ਜਾ ਸਕੇ।
- ਸੋਨਾ, ਛੋਟੀਆਂ ਬੱਚਤਾਂ, ਪੈਨਸ਼ਨ ਆਦਿ ਉਤੇ ਮਿਲਣ ਵਾਲੀਆਂ ਕੁੱਝ ਸਬਸਿਡੀਆਂ ਨੂੰ ਵਾਪਸ ਕਰਨਾ ਜਿਨ੍ਹਾਂ ਦੀ ਰਕਮ ਲਗਭਗ 1 ਲੱਖ ਕਰੋੜ ਬਣਦੀ ਹੈ ਅਤੇ ਇਨ੍ਹਾਂ ਦਾ ਫ਼ਾਇਦਾ ਅਮੀਰ ਵਰਗ ਲੈ ਰਿਹਾ ਹੈ।
- ਟੈਕਸ ਦਾ ਦਾਇਰਾ ਵਧਾਉਣਾ ਹੈ, ਜਿਸ ਦਾ ਮਤਲਬ ਹੈ ਕਿ ਨਿੱਜੀ ਆਮਦਨ ਕਰ ਦੀ ਛੋਟ ਦੀ ਸੀਮਾ ਨੂੰ ਵਧਾਇਆ ਨਾ ਜਾਵੇ।
- ਖੇਤੀ ਦੀ ਆਮਦਨ ਨੂੰ ਟੈਕਸ ਦੇ ਦਾਇਰੇ ਵਿੱਚ ਲਿਆਂਦੇ ਹੋਏ ਅਮੀਰ ਕਿਸਾਨਾਂ ਉੱਤੇ ਟੈਕਸ ਲਾਇਆ ਜਾਵੇ।
- ਖਰਚੇ ਦੇ ਤਰਜੀਹੀ ਖੇਤਰ ਸਿੱਖਿਆ, ਸਿਹਤ ਅਤੇ ਖੇਤੀ ਹੋਣੇ ਚਾਹੀਦੇ ਹਨ।
- ਖਾਦਾਂ ਉਤੇ ਦਿੱਤੀ ਜਾਂਦੀ ਸਬਸਿਡੀ ਨੂੰ ਤਰਕਸੰਗਤ ਬਣਾਉਣ ਦੀ ਲੋੜ ਹੈ ਕਿਉਂਕਿ ਇਸ ਦਾ ਫ਼ਾਇਦਾ ਜ਼ਿਆਦਾਤਰ ਵੱਡੇ ਕਿਸਾਨ ਹੀ ਚੁੱਕ ਰਹੇ ਹਨ।
- ਰਿਜ਼ਰਵ ਬੈਂਕ ਆਪਣੀ ਸ਼ੇਅਰ ਪੂੰਜੀ ਘੱਟ ਕਰਕੇ 16 ਪ੍ਰਤਿਸ਼ਤ ਕਰੇ ਤੇ ਇਹ ਪੈਸਾ ਬੈਂਕਿੰਗ ਖੇਤਰ ਦੇ ਮੁੜ-ਪੂੰਜੀਕਰਨ ਲਈ ਵਰਤਿਆ ਜਾਵੇ।
- ਬੇਹਰਤ ਗੁਣਵੱਤਾ ਵਾਲੀਆਂ ਨੌਕਰੀਆਂ ਪੈਦਾ ਕਰਨ ਲਈ ਕਿਰਤ ਕਾਨੂੰਨਾਂ 'ਚ ਸੁਧਾਰ ਹੋਵੇ।

**ਸਰਵੇਖਣ ਨੇ ਵਿਕਾਸ ਸੰਭਾਵਨਾ ਨੂੰ ਲੰਬੇ ਸਮੇਂ ਦੇ ਧਿਆਨ ਵਿੱਚ ਦੇਖਣ ਦੇ ਆਧਾਰ ਉੱਤੇ ਮੁੱਢਲੇ ਆਰਥਿਕ ਅਤੇ ਨਿਰਪੱਖ ਵਿਚਾਰਾਂ ਨਾਲ ਵਿਕਾਸ ਦੇ ਮਸਲਿਆਂ ਉੱਤੇ ਝਾਤ ਮਾਰੀ ਹੈ। ਫਿਰ ਵੀ, ਉੱਪਰ ਸੁਝਾਏ ਗਏ ਕਦਮ ਉੱਚ ਅਤੇ ਸਥਿਰ ਵਿਕਾਸ ਲਈ ਢੁੱਕਵਾਂ ਵਾਤਾਵਰਨ ਪੈਦਾ ਕਰਨ ਵਿੱਚ ਅਹਿਮ ਭੂਮਿਕਾ ਨਿਭਾਉਣਗੇ।**

ਸਰਵੇਖਣ ਵਿੱਚ 7–7.5 ਪ੍ਰਤਿਸ਼ਤ ਅਨੁਮਾਨਿਤ ਵਿਕਾਸ ਦਰ ਇਸ ਵਿਚਾਰ ਉਤੇ ਅਧਾਰਤ ਲੱਗਦੀ ਹੈ ਕਿ ਜੇ ਇਨ੍ਹਾਂ ਕਦਮਾਂ ਨੂੰ ਅਮਲ ਵਿੱਚ ਨਹੀਂ ਲਿਆਂਦਾ ਗਿਆ ਤਾਂ ਵਾਧੇ ਦੇ ਟੀਚੇ ਹਾਸਲ ਨਹੀਂ ਹੋਣਗੇ। ਇਸੇ ਕਰਕੇ ਹੀ ਸਰਵੇਖਣ ਸਾਵਧਾਨ ਰਹਿਣ ਅਤੇ ਇਕ ਵਾਰੀ ਫਿਰ ਗਲਤੀ ਨਾ ਕਰਨ ਨੂੰ ਤਰਜੀਹ ਦਿੰਦਾ ਹੈ।

*(ਲੇਖਕ ਐੱਫ ਆਈ ਸੀ ਸੀ ਆਈ ਦੇ ਸੇਵਾਮੁਕਤ ਸੈਕਟਰੀ ਜਨਰਲ ਹਨ)*

*e-mail :dpanandiker@gmail.com*

# ਰੇਲ ਬਜਟ 2016–17 ਦੀਆਂ ਝਲਕੀਆਂ

ਸ਼ਾਂਤੀ ਨਰਾਇਣ

ਰੇਲ ਮੰਤਰੀ ਰੇਲਵੇ ਦੇ ਬੁਨਿਆਦੀ ਢਾਂਚੇ ਵਿੱਚ ਮਜਬੂਤੀ ਵਾਸਤੇ ਕਲਪਨਾਸ਼ੀਲ ਸਰੋਤ ਜੁਟਾਉਣ ਦੀ ਰਣਨੀਤੀ ਅਧੀਨ ਮਿਸਾਲੀ ਬਦਲਾਅ ਦਾ ਰਸਤਾ ਅਖ਼ਤਿਆਰ ਕਰਨ ਲਈ ਵਧਾਈ ਦੇ ਹੱਕਦਾਰ ਹਨ। ਇਹ ਪਹਿਲ ਨਾ ਸਿਰਫ਼ ਆਵਾਜਾਈ ਦੇ ਇਸ ਰਾਸ਼ਟਰੀ ਨੈੱਟਵਰਕ ਦੀ ਸਮਰੱਥਾ ਵਿਕਸਤ ਕਰਨ ਲਈ ਵਿਆਪਕ ਪੂੰਜੀ ਨਿਵੇਸ਼ ਦੀ ਲੋੜ ਦਾ ਪ੍ਰਗਟਾਵਾ ਕਰਦੀ ਹੈ, ਜੋ ਕਈ ਦਹਾਕਿਆਂ ਤੱਕ ਢੁੱਕਵਾਂ ਨਿਵੇਸ਼ ਨਾ ਹੋਣ ਕਾਰਨ ਲਗਭਗ ਸਾਰੇ ਮਾਰਗਾਂ 'ਤੇ ਖੜੋਤ ਦੇ ਪੱਧਰ ਉਤੇ ਚੱਲ ਰਿਹਾ ਹੈ, ਸਗੋਂ ਇਸ ਕਾਰਵਾਈ ਨੂੰ ਸਿਰਫ਼ ਇਕੱਲੀ ਇਕਹਿਰੀ ਕਾਰਵਾਈ ਨਹੀਂ ਆਖਿਆ ਜਾ ਸਕਦਾ। ਰੇਲ ਮੰਤਰੀ ਨੇ ਪੂੰਜੀ ਨਿਵੇਸ਼ 2014–15 ਦੇ 60,000 ਕਰੋੜ ਰੁਪਏ ਦੇ ਮੁਕਾਬਲੇ 2015–16 ਵਿੱਚ 1 ਲੱਖ ਕਰੋੜ ਰੁਪਏ ਕਰ ਦਿੱਤਾ ਸੀ ਜਿਸ ਨੂੰ 2016–17 ਲਈ ਵਧਾ ਕੇ 1,21,000 ਕਰੋੜ ਰੁਪਏ ਕਰ ਦਿੱਤਾ ਗਿਆ ਹੈ। ਇਹ 2020–21 ਵਿੱਚ ਖਤਮ ਹੋ ਰਹੇ ਅਗਲੇ ਪੰਜ ਸਾਲਾਂ ਲਈ 8.54 ਲੱਖ ਕਰੋੜ ਰੁਪਏ ਨਿਵੇਸ਼ ਕਰਨ ਦੀ ਕੁੱਲ ਯੋਜਨਾ ਦਾ ਹਿੱਸਾ ਹੈ। ਜੇ ਇਸ ਨੂੰ ਅਸਲ ਵਿੱਚ ਹਾਸਲ ਕਰ ਲਿਆ ਜਾਵੇ ਤਾਂ ਪਿਛਲੇ ਪੰਜ ਸਾਲਾਂ ਦੀ ਤੁਲਨਾ ਵਿੱਚ ਨਿਵੇਸ਼ ਵਿੱਚ ਤਿੰਨ ਗੁਣਾ ਵਾਧਾ ਹੋਵੇਗਾ।

ਬਜਟ ਵਿੱਚ ਇਕ ਹੋਰ ਵੱਡਾ ਕਦਮ ਇਹ ਯਕੀਨੀ ਬਣਾਉਣ ਲਈ ਚੁੱਕਿਆ ਗਿਆ ਹੈ ਕਿ ਨਿਵੇਸ਼ ਨੂੰ ਪਟੜੀਆਂ ਦੀ ਸਮਰੱਥਾ ਵਧਾਉਣ ਲਈ ਤਰਜੀਹ ਦਿੱਤੀ ਜਾਵੇ। ਹੋਰ ਦੂਜੇ ਗ਼ੈਰ ਲਾਭਕਾਰੀ ਕੰਮਾਂ ਨੂੰ ਫਿਲਹਾਲ ਠੰਢੇ ਬਸਤੇ ਵਿੱਚ ਪਾ ਦਿੱਤਾ ਜਾਵੇ ਜਦੋਂ ਤੱਕ ਸਬੰਧਿਤ ਰਾਜ ਸਰਕਾਰਾਂ ਐੱਸ ਪੀ ਵੀਜ਼ ਬਣਾ ਕੇ ਇਨ੍ਹਾਂ ਸਾਂਝੇ ਉੱਦਮਾਂ ਵਿੱਚ ਨਿਵੇਸ਼ ਕਰਨ ਲਈ ਰਾਜ਼ੀ ਨਹੀਂ ਹੋ ਜਾਂਦੀਆਂ। ਪਟੜੀਆਂ ਦੁੱਗਣੀਆਂ ਕਰਨ ਦੇ ਪ੍ਰਸਤਾਵ ਨੂੰ ਅਮਲੀ ਰੂਪ ਦੇਣ, ਸਮਰਪਿਤ ਮਾਲ ਲਾਂਘੇ ਬਣਾਉਣ ਅਤੇ ਸਮਰੱਥਾ ਵਧਾਉਣ ਜਿਹੇ ਕਾਰਜਾਂ ਲਈ ਖਰਚ ਵਿੱਚ ਚੋਖਾ ਵਾਧਾ ਕੀਤਾ ਗਿਆ ਹੈ ਜਿਸ ਵਿੱਚ ਬੰਦਰਗਾਹਾਂ ਨਾਲ ਸੰਪਰਕ ਜੋੜਨਾ ਵੀ ਸ਼ਾਮਲ ਹੈ ਜਿਸ ਦੀ ਅਗਲੇ ਤਿੰਨ ਸਾਲਾਂ ਦੌਰਾਨ ਔਸਤ ਦਰ 13 ਕਿਲੋਮੀਟਰ ਪ੍ਰਤਿ ਦਿਨ ਹੋਵੇਗੀ। ਇਹ ਦਰ ਪਿਛਲੇ ਛੇ ਸਾਲਾਂ ਦੌਰਾਨ 4.3 ਕਿਲੋਮੀਟਰ ਪ੍ਰਤਿ ਦਿਨ ਸੀ।

ਹੋਰ ਗੱਲਾਂ ਤੋਂ ਇਲਾਵਾ ਇਸ ਬਜਟ ਦੀਆਂ ਦੂਸਰੀਆਂ ਹਾਂ-ਪੱਖੀ ਵਿਸ਼ੇਸ਼ਤਾਵਾਂ ਹੇਠਾਂ ਦਿੱਤੀਆਂ ਜਾ ਰਹੀਆਂ ਹਨ।

ਆਈ ਸੀ ਟੀ ਵਿੱਚ ਸੁਧਾਰ ਕਰਨ ਅਤੇ ਰੇਲਵੇ ਸਟੇਸ਼ਨਾਂ ਉਤੇ ਟਿਕਟਾਂ ਦੇ ਖੇਤਰ ਅਤੇ ਸਵੈਚਾਲਿਤ ਪੌੜੀਆਂ, ਯਾਤਰੀ ਉਡੀਕ/ਆਰਾਮ ਘਰ ਅਤੇ ਗੋਲਫ ਗੱਡੀਆਂ ਮੁਹੱਈਆ ਕਰਵਾ ਕੇ ਯਾਤਰੀਆਂ ਦੀ ਵਰਤੋਂ ਵਾਲੇ ਖੇਤਰਾਂ ਵਿੱਚ ਸੁਧਾਰ ਕਰਨ ਅਤੇ ਸੁਖਾਲਾ ਕਰਨ ਉਤੇ ਵੱਡਾ ਜ਼ੋਰ ਦਿੱਤਾ ਗਿਆ ਹੈ।

ਰੇਲਵੇ ਦੇ ਖਾਣ-ਪੀਣ ਨੂੰ ਪੇਸ਼ੇਵਰਾਨਾ ਕਰਨ ਅਤੇ ਇਸ ਦੀ ਗੁਣਤਾ ਅਤੇ ਸਾਫ਼-ਸਫ਼ਾਈ ਵਿੱਚ ਸੁਧਾਰ ਕਰਨ ਲਈ ਖਾਣ-ਪੀਣ ਸੇਵਾਵਾਂ ਦਾ ਪ੍ਰਬੰਧਨ ਪੜਾਅ-ਵਾਰ ਤਰੀਕੇ ਨਾਲ ਆਈ ਆਰ ਸੀ ਟੀ ਸੀ ਨੂੰ ਤਬਦੀਲ ਕਰ ਦਿੱਤਾ ਜਾਵੇਗਾ। ਆਈ ਆਰ ਸੀ ਟੀ ਸੀ ਵਲੋਂ ਚਲਾਈਆਂ ਜਾ ਰਹੀਆਂ ਰਸੋਈਆਂ ਦੀ ਗਿਣਤੀ ਵੀ ਹੌਲੀ-ਹੌਲੀ ਵਧਾ ਦਿੱਤੀ ਜਾਵੇਗੀ। ਈ-ਖਾਣ ਪਾਨ ਸਹੂਲਤ ਇਕ ਹੋਰ ਦਿਲਚਸਪ ਨਵੀਨਤਾ ਹੈ।

ਜ਼ੋਰ ਦੇਣ ਵਾਲਾ ਇਕ ਹੋਰ ਖੇਤਰ ਮਨੁੱਖ ਸੰਚਾਲਿਤ ਅਤੇ ਮਨੁੱਖ ਰਹਿਤ ਫਾਟਕਾਂ ਨੂੰ ਆਰ ਓ ਬੀ/ਆਰ ਯੂ ਬੀਜ਼ ਦੀ ਉਸਾਰੀ ਕਰਕੇ ਖਤਮ ਕਰਨਾ ਹੈ ਤਾਂ ਕਿ ਦੁਰਘਟਨਾਵਾਂ ਦੇ ਜੋਖ਼ਮ ਨੂੰ ਘੱਟ ਕੀਤਾ ਜਾ ਸਕੇ ਜੋ ਕੁੱਲ ਰੇਲ ਦੁਰਘਟਨਾਵਾਂ ਦਾ 40 ਪ੍ਰਤਿਸ਼ਤ ਹੁੰਦੇ ਹਨ।

ਰੇਲਵੇ ਬੋਰਡ ਵਿੱਚ ਫ਼ੈਸਲੇ ਲੈਣ ਦੀਆਂ ਪ੍ਰਕਿਰਿਆਵਾਂ ਨੂੰ ਚੁਸਤ ਕਰਨ ਲਈ ਇਕ ਦਿਲਚਸਪ ਪ੍ਰਬੰਧਕੀ ਢਾਂਚੇ ਦਾ ਨਿਰਮਾਣ ਕੀਤਾ ਗਿਆ ਹੈ ਤਾਂ ਕਿ ਜ਼ਰੂਰੀ ਨੀਤੀਗਤ ਮੁੱਦਿਆਂ ਦਾ ਹੱਲ ਹੋ ਸਕੇ ਅਤੇ ਮਿੱਥੀ ਸੇਵਾ ਦੇਣ ਲਈ ਅਮਲ ਦੀ ਨਿਗਰਾਨੀ ਕੀਤੀ ਜਾ ਸਕੇ। ਸੱਤ ਮਿਸ਼ਨਾਂ ਦੀ ਪਛਾਣ ਕੀਤੀ ਗਈ ਹੈ ਅਤੇ ਇਕ ਮਿਸ਼ਨ ਨਿਰਦੇਸ਼ਕ ਅਧੀਨ ਅੰਤਰ-ਕ੍ਰਿਆਸ਼ੀਲ ਤਾਕਤਵਰ ਟੀਮ ਆਪਣੇ-ਆਪਣੇ ਮਿਸ਼ਨ ਦੇ ਖੇਤਰ ਬਾਰੇ ਚਰਚਾ ਕਰੇਗੀ ਅਤੇ ਪ੍ਰਾਪਤ ਨਤੀਜਿਆਂ ਦੀ ਰਿਪੋਰਟ ਸਿੱਧੀ ਰੇਲਵੇ ਬੋਰਡ ਦੇ ਚੇਅਰਮੈਨ ਨੂੰ ਦੇਵੇਗੀ। ਨਤੀਜਿਆਂ ਉਤੇ ਅਧਾਰਤ ਸਲਾਨਾ ਕਾਰਗੁਜ਼ਾਰੀ ਟੀਚੇ ਨਿਰਧਾਰਤ ਕੀਤੇ ਜਾਣਗੇ ਅਤੇ ਮਿਸ਼ਨ ਦੇ ਨਿਰਦੇਸ਼ਕ ਸਮਾਂਬੱਧ ਪ੍ਰਣਾਲੀ ਤਹਿਤ ਨਤੀਜੇ ਦੇਣ ਲਈ ਜ਼ਿੰਮੇਵਾਰ ਹੋਣਗੇ।

ਸਮਰੱਥਾ ਦੀ ਵਰਤੋਂ ਨਾਲ ਸਬੰਧਿਤ ਸੱਤਾਂ ਵਿਚੋਂ ਇਕ ਮਿਸ਼ਨ, ਇਕ ਵਾਰ ਸਮਰਪਿਤ ਮਾਲ ਲਾਂਘੇ ਚਾਲੂ ਹੋ ਜਾਣ ਉਪਰੰਤ, ਵਿਕਸਤ ਸਮਰੱਥਾ ਦੀ ਵਰਤੋਂ ਵਾਸਤੇ ਖਾਕਾ ਤਿਆਰ ਕਰਨ ਲਈ ਜ਼ਿੰਮੇਵਾਰ ਹੋਵੇਗਾ। ਇਹ ਬਹੁਤ ਮਹੱਤਵਪੂਰਨ ਹੈ ਕਿਉਂਕਿ ਮਾਲ ਢੋਆ-ਢੁਆਈ ਦਾ ਪਸਾਰ ਕਰਨ ਲਈ ਇਕ ਦ੍ਰਿੜ੍ਹ ਯਤਨ ਕਰਨ ਦੀ ਲੋੜ ਹੈ ਤਾਂ ਕਿ ਇਸ ਵਿੱਚ ਘਰੇਲੂ ਸਮਾਨ, ਪਾਰਸਲ ਅਤੇ ਗੱਡੀਆਂ ਦੀ ਆਵਾਜਾਈ ਵਰਗੇ ਵਿਸ਼ੇਸ਼ ਸਮਾਨ ਸ਼ਾਮਲ ਹੋਣਗੇ। ਇਸ ਨਾਲ ਰੇਲਵੇ ਦੀ ਘਟਦੀ ਹਿੱਸੇਦਾਰੀ ਨੂੰ ਠੱਲ੍ਹ ਪਾ ਕੇ ਵਾਪਸ ਪਟੜੀ ਉਤੇ ਲਿਆਉਣਾ ਯਕੀਨੀ ਬਣੇਗਾ ਅਤੇ ਅੰਦਰੂਨੀ ਸਰੋਤਾਂ ਦਾ ਉਤਪਾਦਨ ਵੱਧ ਤੋਂ ਵੱਧ ਹੋਵੇਗਾ ਤਾਂ ਕਿ ਵਿਕਾਸ ਦੀ ਦਰ ਰਫ਼ਤਾਰ ਫੜ ਸਕੇ।

ਹੁਣ ਇਕ ਬਜ਼ਾਰੀਕਰਨ ਯੋਜਨਾ ਵਿਕਸਤ ਕਰਨ ਦੀ ਲੋੜ ਹੈ ਤਾਂ ਕਿ ਯਕੀਨੀ ਬਣਾਇਆ ਜਾ ਸਕੇ ਕਿ ਮਾਲ ਢੋਆ-ਢੁਆਈ ਦੇ ਨਵੇਂ ਪੱਖਾਂ ਨੂੰ, ਬਣਾਈ ਜਾ ਰਹੀ ਵਧੀਕ ਸਮਰੱਥਾ ਦਾ ਇਸਤੇਮਾਲ ਕਰਕੇ ਰੇਲਵੇ ਵੱਲ ਮੋੜਿਆ ਜਾ ਸਕੇ। ਹੇਠਾਂ ਦਿੱਤੀਆਂ ਕੁੱਝ ਰਣਨੀਤੀਆਂ ਨੂੰ ਅਪਣਾਇਆ ਜਾ ਸਕਦਾ ਹੈ:

- ਈ ਐੱਕਸ ਆਈ ਐੱਮ ਕੰਟੇਨਰ ਮਾਲ ਦੀ ਰੇਲ ਰਾਹੀਂ ਢੋਆ-ਢੁਆਈ ਦੇ ਵਰਤਮਾਨ 20 ਪ੍ਰਤਿਸ਼ਤ ਦੇ ਪੱਧਰ ਨੂੰ, ਰੇਲਵੇ ਵਲੋਂ ਮੁਕਾਬਲੇ ਬਾਜ਼ੀ ਵਾਲੀਆਂ ਦਰਾਂ ਪੇਸ਼ ਕਰਕੇ 40 ਤੋਂ 50 ਪ੍ਰਤਿਸ਼ਤ ਤੱਕ ਕਰਨਾ ਪਵੇਗਾ। ਕੰਟੇਨਰ ਕੰਪਨੀਆਂ ਕੋਲੋਂ ਢੁਆਈ ਦੀਆਂ ਦਰਾਂ ਵਸੂਲਣ ਵਿੱਚ ਨਿਯਮਤ ਵਾਧੇ ਕਾਰਨ ਕੰਟੇਨਰ ਆਵਾਜਾਈ ਅਸਲ ਵਿੱਚ ਸੜਕੀ ਮਾਰਗ ਵੱਲ ਤਬਦੀਲ ਹੋ ਗਈ ਹੈ, ਜਿਸ ਨੂੰ ਰੋਕਣ ਦੀ ਲੋੜ ਹੈ।

- ਰੇਲ ਗੱਡੀ ਦੀ ਸਮਰੱਥਾ ਤੋਂ ਘੱਟ ਮਾਲ ਵਾਲੀ ਘਰੇਲੂ ਆਵਾਜਾਈ ਜੋ ਨਾਮਨਜ਼ੂਰ ਕਰਨ ਵਾਲੀਆਂ ਦਰਾਂ ਉਤੇ ਸੜਕ ਅਤੇ ਲੰਮੀ ਦੂਰੀ ਤੱਕ ਲਿਜਾਈਆਂ ਜਾਂਦੀਆਂ ਹਨ, ਨੂੰ ਮਲਟੀ ਮਾਡਲ ਮਾਰਗ ਦੀ ਵਰਤੋਂ ਕਰਕੇ, ਰੇਲਵੇ ਵੱਲ ਮੋੜ ਲਿਆਉਣ ਦੀ ਲੋੜ ਹੈ।

- ਸੜਕ ਆਵਾਜਾਈ ਨੂੰ ਰੇਲਵੇ ਵੱਲ ਤਬਦੀਲ ਕਰਨ ਲਈ ਰੋਲ ਆਨ-ਰੋਲ ਆਫ਼ ਸੇਵਾਵਾਂ ਦੀ ਵਰਤੋਂ ਜਿਸ ਅਧੀਨ ਮਾਲ ਨਾਲ ਭਰੇ ਟਰੱਕਾਂ ਨੂੰ ਰੇਲਾਂ ਤੇ ਲੱਦ ਦੇਣਾ ਜਿਸ ਨਾਲ ਰਾਸ਼ਟਰੀ ਰਾਜਮਾਰਗ ਅਤੇ ਸ਼ਹਿਰੀ ਆਵਾਜਾਈ ਪ੍ਰਣਾਲੀ ਤੋਂ ਭੀੜ ਘੱਟ ਹੋਵੇਗੀ।

- ਮਾਲ ਭਾੜਾ ਦਰਾਂ ਦੇਣ ਸਮੇਂ ਸੀਮਾਂਤ ਲਾਗਤ ਦੇ ਸਿਧਾਂਤ ਦੀ ਵਰਤੋਂ ਕੀਤੀ ਜਾਵੇ ਤਾਂ ਕਿ ਸੀਮਾਂਤ ਲਾਗਤ ਦੀ ਪੂਰੀ ਵਸੂਲੀ ਯਕੀਨੀ ਬਣਾਈ ਜਾ ਸਕੇ ਅਤੇ ਪੂਰੀ ਤਰ੍ਹਾਂ ਵੰਡੀ ਲਾਗਤ ਦੀ ਥਾਂ ਉਤੇ ਨਿਸਚਿਤ ਲਾਗਤ ਦਾ ਇਕ ਭਾਗ ਵੀ ਵਸੂਲਿਆ ਜਾ ਸਕੇ। ਇਸ ਨਾਲ ਮੁਕਾਬਲੇ ਵਾਲੀਆਂ ਕੀਮਤਾਂ ਤੇ ਖਾਲੀ ਵਾਪਸ ਪਰਤ ਰਹੇ ਡੱਬਿਆਂ ਦੀ ਗਿਣਤੀ ਨੂੰ ਘੱਟ ਕੀਤਾ ਜਾ ਸਕੇ।

- ਮੌਜੂਦਾ ਗਾਹਕਾਂ ਨੂੰ ਮਾਤਰਾ ਛੂਟ ਦੀ ਧਾਰਨਾ ਦੀ ਵਰਤੋਂ ਕਰਕੇ, ਭਾਰੀ ਵਸਤਾਂ ਸੜਕ ਮਾਰਗ ਦੀ ਬਜਾਇ ਰੇਲਵੇ ਰਾਹੀਂ ਲਜਾਉਣ ਲਈ ਪ੍ਰੇਰਿਆ ਜਾ ਸਕਦਾ ਹੈ।

ਉਪਰ ਦੱਸੀਆਂ ਬਜਟ ਦੀਆਂ ਹਾਂ-ਪੱਖੀ ਵਿਸ਼ੇਸ਼ਤਾਵਾਂ ਹੁੰਦੇ ਹੋਏ ਵੀ, ਇਕ ਅਜਿਹਾ ਖੇਤਰ ਹੈ ਜਿਸ ਨੂੰ ਨਜ਼ਰਅੰਦਾਜ਼ ਕੀਤਾ ਗਿਆ ਹੈ – ਉਹ ਹੈ ਕਿਰਾਏ ਭਾੜੇ ਦੇ ਢਾਂਚੇ ਦਾ ਤਰਕਸੰਗਤ ਹੋਣਾ। ਯਾਤਰੀ ਖੇਤਰ ਵਲੋਂ ਝੱਲੇ ਜਾਂਦੇ ਲਗਭਗ 30,000 ਕਰੋੜ ਰੁਪਏ ਦੇ ਘਾਟੇ ਨੂੰ ਮਾਲ ਭਾੜਾ ਵਪਾਰਕ ਖੇਤਰ ਵਲੋਂ ਸਬਸਿਡੀ ਦੇ ਕੇ ਲਗਾਤਾਰ ਪੂਰਾ ਕੀਤਾ ਜਾ ਰਿਹਾ ਹੈ। ਉੱਪਨਗਰੀ ਅਤੇ ਗ਼ੈਰ-ਉਪਨਗਰੀ ਖੇਤਰਾਂ ਦੇ ਦੂਜੀ ਸ਼੍ਰੇਣੀ ਦੇ ਕਿਰਾਏ ਵਿੱਚ ਵਾਧਾ ਨਾ ਕਰਨਾ ਜਿਸ ਨਾਲ ਦਹਾਕਿਆਂ ਤੋਂ ਚੱਲਦੇ ਆ ਰਹੇ ਮੁਦਰਾ ਸਫੀਤੀ ਦੇ ਦਬਾਵਾਂ ਤੋਂ ਕੁੱਝ ਰਾਹਤ ਮਿਲ ਸਕਦੀ ਸੀ, ਪਰ ਇਸ ਨੇ ਰੇਲਵੇ ਕੋਲ ਕੋਈ ਹੋਰ ਬਦਲ ਨਹੀਂ ਰਹਿਣ ਦਿੱਤਾ ਬਜਾਇ ਇਸ ਦੇ ਕਿ ਮਾਲ ਭਾੜੇ ਦੀਆਂ ਦਰਾਂ ਨੂੰ ਉਸ ਪੱਧਰ ਤੱਕ ਵਧਾ ਦਿੱਤਾ ਜੋ ਹੁਣ ਭਾਰਤੀ ਵਪਾਰ ਅਤੇ ਉਦਯੋਗਾਂ ਨੂੰ ਵਿਸ਼ਵ ਬਾਜ਼ਾਰ ਵਿੱਚ ਮੁਕਾਬਲੇ ਤੋਂ ਬਾਹਰ ਕਰਨ ਦਾ ਕਾਰਨ ਬਣ ਰਿਹਾ ਹੈ। ਕਾਰਨ ਸਪੱਸ਼ਟ ਹੈ – ਸਾਡੀਆਂ ਮਾਲ ਭਾੜੇ ਦੀਆਂ ਦਰਾਂ ਅੰਤਰ-ਰਾਸ਼ਟਰੀ ਮਿਆਰ ਨਾਲੋਂ ਲਗਭਗ ਦੋ ਗੁਣਾ ਹਨ।

ਯਾਤਰੀ ਸੇਵਾਵਾਂ ਵਿੱਚ ਸੁਧਾਰ ਕਰਨ ਲਈ ਇਸ ਬਜਟ ਵਿੱਚ ਚੰਗੀ ਕੋਸ਼ਿਸ਼ ਕੀਤੀ ਗਈ ਹੈ। ਕਿਰਾਏ ਵਿੱਚ ਉੱਚਿਤ ਵਾਧਾ ਕਰਨ ਲਈ ਸਮਾਂ ਵੀ ਅਨੁਕੂਲ ਸੀ ਕਿਉਂਕਿ ਮੀਡੀਆ ਵਿੱਚ ਧਾਰਨਾ ਬਣੀ ਹੋਈ ਸੀ ਕਿ ਜੇ ਭਾਰਤੀ ਰੇਲਵੇ ਵਲੋਂ ਸੇਵਾ ਦੀ ਗੁਣਤਾ ਵਿੱਚ ਸੁਧਾਰ ਕਰਨ ਦਾ ਯਤਨ ਕੀਤਾ ਜਾਵੇ ਤਾਂ ਲੋਕ ਵਧਿਆ ਕਿਰਾਇਆ ਦੇਣ ਲਈ ਵੀ ਤਿਆਰ ਹੋ ਜਾਣਗੇ। ਇਸ ਦੇ ਬਾਵਜੂਦ ਵੀ ਇਕ ਮੌਕਾ ਖੁੰਝਾ ਦਿੱਤਾ ਗਿਆ। ਇਸ ਸਰਕਾਰ ਦੀ ਬਾਕੀ ਮਿਆਦ ਦੌਰਾਨ ਕਿਰਾਏ ਵਿੱਚ ਸਾਲਾਨਾ 10 ਪ੍ਰਤਿਸ਼ਤ ਵਾਧਾ ਕਿਰਾਏ ਢਾਂਚੇ ਦੀਆਂ ਕਮੀਆਂ ਨੂੰ ਠੀਕ ਕਰ ਸਕਦਾ ਹੈ। ਅਜਿਹਾ ਹਾਲੇ ਵੀ ਕੀਤਾ ਜਾ ਸਕਦਾ ਹੈ।

ਪਿਛਲੇ ਸਾਲ ਦੇ ਬਜਟ ਵਿੱਚ ਰੇਲ ਨਿਯਮਨ ਅਥਾਰਟੀ ਗਠਿਤ ਕਰਨ ਦੇ ਅਹਿਮ ਨੀਤੀਗਤ ਐਲਾਨ ਨੂੰ ਹਾਲੇ ਤੱਕ ਵੀ ਅਮਲੀ ਜਾਮਾ ਨਹੀਂ ਪੁਆਇਆ ਜਾ ਸਕਿਆ ਜੋ ਕਿਰਾਏ ਨੂੰ ਤਰਕਸੰਗਤ ਕਰਨ ਦੀ ਇਕ ਹੋਰ ਜ਼ਰੀਆ ਹੈ। ਇਕ ਖੁਦਮੁਖਤਿਆਰ ਸੰਸਥਾ ਵਜੋਂ ਇਸ ਦੇ ਫੌਰੀ ਗਠਨ ਦੀ ਜ਼ਰੂਰਤ ਹੈ।

ਦੂਸਰੇ ਨਜ਼ਰੀਏ ਤੋਂ ਵੇਖੀਏ ਤਾਂ ਵਰਤਮਾਨ ਸਰਕਾਰ ਵਲੋਂ ਸਮਾਜ ਦੇ ਕਮਜ਼ੋਰ ਤੇ ਪਛੜੇ ਵਰਗਾਂ ਨੂੰ ਦਿੱਤੀਆਂ ਜਾ ਰਹੀਆਂ ਸਬਸਿਡੀਆਂ ਦੀ ਪੁਨਰ ਸਮੀਖਿਆ ਕਰਨ ਦਾ ਇਕ ਵਧੀਆ ਫੈਸਲਾ ਲਿਆ ਗਿਆ ਹੈ। ਕੋਸ਼ਿਸ਼ ਇਹ ਕੀਤੀ ਜਾ ਰਹੀ ਹੈ ਕਿ ਸਬਸਿਡੀ ਸਿਰਫ਼ ਉਨ੍ਹਾਂ ਨੂੰ ਹੀ ਮਿਲੇ ਜੋ ਸਚਮੁੱਚ ਇਸ ਦੇ ਹੱਕਦਾਰ ਹਨ। ਉਹ ਵਰਗ, ਜੋ ਸਚਮੁੱਚ ਹੀ ਕਿਰਾਏ ਵਿੱਚ ਸਬਸਿਡੀ ਹਾਸਲ ਕਰਨ ਦਾ ਹੱਕਦਾਰ ਹੈ, ਉਹ ਹੈ ਸ਼ਹਿਰਾਂ ਵਿੱਚ ਸਵੈ-ਰੁਜ਼ਗਾਰ ਵਾਲੇ ਵਿਅਕਤੀ ਕਿਉਂਕਿ ਬਾਕੀ ਸਾਰਿਆਂ ਨੂੰ ਇਕ ਜਾਂ ਦੂਜੇ ਰੂਪ ਵਿੱਚ ਆਪਣੇ ਮਾਲਕਾਂ ਤੋਂ ਅਦਾਇਗੀ ਮਿਲ ਜਾਂਦੀ ਹੈ। ਇਥੋਂ ਤੱਕ ਕਿ ਪਿੰਡਾਂ ਵਿੱਚ ਰਹਿਣ ਵਾਲੇ ਵਿਅਕਤੀ ਵੀ ਸੜਕ ਰਾਹੀਂ ਰੇਲ ਤੋਂ ਚਾਰ ਗੁਣਾ ਕਿਰਾਇਆ ਖਰਚ ਕਰਨ ਲਈ ਤਿਆਰ ਹਨ ਕਿਉਂਕਿ ਗ਼ੈਰ ਯਕੀਨੀ ਅਤੇ ਅਨਿਯਮਿਤ ਰੇਲ ਸੇਵਾ ਉਨ੍ਹਾਂ ਦੇ ਸਫ਼ਰ ਦੀਆਂ ਜ਼ਰੂਰਤਾਂ ਪੂਰੀਆਂ ਨਹੀਂ ਕਰਦੀ। ਪੜ੍ਹਾਈ ਕਰਨ ਵਾਲੇ ਵਿਦਿਆਰਥੀਆਂ ਨੂੰ ਛੋਟ ਵਾਲੀ ਯਾਤਰਾ ਦੀ ਸਹੂਲਤ ਮਿਲ ਜਾਂਦੀ ਹੈ। ਇਕ ਹੋਰ ਚਿੰਤਾਜਨਕ ਸਚਾਈ ਸੰਚਾਲਨ ਅਨੁਪਾਤ ਵਿੱਚ ਲਗਾਤਾਰ ਵਾਧਾ ਹੋਣਾ ਹੈ। ਇਹ 2014-15 ਵਿੱਚ 88.2 ਪ੍ਰਤਿਸ਼ਤ ਸੀ ਜੋ 2015-16 ਵਿੱਚ ਵਧ ਕੇ 90 ਪ੍ਰਤਿਸ਼ਤ ਹੋ ਗਿਆ। 2016-17 ਵਿੱਚ ਇਸ ਦੇ 92 ਪ੍ਰਤਿਸ਼ਤ ਹੋਣ ਦਾ ਅਨੁਮਾਨ ਹੈ। ਇਹ ਦ੍ਰਿਸ਼ ਅੰਦਰੂਨੀ ਮਾਲੀਏ ਦੀ ਉਤਪਤੀ ਅਤੇ ਖਰਚੇ ਨੂੰ ਨੱਥ ਪਾਉਣ ਦੀ ਲੋੜ ਨੂੰ ਉਜਾਗਰ ਕਰਦਾ ਹੈ। ਭਾਵੇਂ ਕਿ ਵਿਗੜ ਰਹੀ ਵਿੱਤੀ ਕਾਰਗੁਜ਼ਾਰੀ ਦੇ ਵੀ ਕਾਰਨ ਹਨ, ਪਰ ਅਲਗਰਜ਼ੀ ਦੀ ਕੋਈ ਗੁੰਜਾਇਸ਼ ਨਹੀਂ। ਇਕ ਪ੍ਰਮੁੱਖ ਲੋੜ ਇਹ ਵੇਖਣ ਦੀ ਹੈ ਕਿ ਨਿਵੇਸ਼ ਦਾ ਵਧਦਾ ਹੋਇਆ ਪੱਧਰ ਲਾਭਦਾਇਕ ਹੋਵੇ ਜਿਸ ਦੇ ਧਿਆਨ ਦਾ ਕੇਂਦਰ ਕੁਸ਼ਲ ਯੋਜਨਾ ਪ੍ਰਬੰਧਨ ਹੋਵੇ ਤਾਂ ਜੋ ਸਮੇਂ ਅਤੇ ਲਾਗਤ ਵਿੱਚ ਵਾਧਾ ਨਾ ਹੋਵੇ। ਨਿਗਰਾਨੀ ਪ੍ਰਣਾਲੀਆਂ ਨੂੰ ਮਜਬੂਤ ਕਰਨਾ ਹੋਵੇਗਾ ਅਤੇ ਅਨੁਬੰਧ ਪ੍ਰਬੰਧਨ ਹੁਨਰ ਮਹੱਤਵਕਾਂਸ਼ੀ ਪੂੰਜੀਗਤ ਬਜਟ ਨੂੰ ਸਫਲਤਾ ਨਾਲ ਲਾਗੂ ਕਰਨ ਲਈ ਅਹਿਮ ਹੋਵੇਗਾ।

ਅੰਤ ਵਿੱਚ, ਜਨਤਕ ਨਿੱਜੀ ਭਾਈਵਾਲੀ ਤਰੀਕੇ ਰਾਹੀਂ ਵਾਧੂ ਬਜਟ ਸਰੋਤ ਪੈਦਾ ਕਰਨ ਜਾਂ

*ਬਾਕੀ ਸਫ਼ਾ 44 ਉੱਤੇ*

# ਵਿੱਤੀ ਜ਼ੁੰਮੇਵਾਰੀ ਅਤੇ ਬਜਟ ਪ੍ਰਬੰਧਕੀ ਕਨੂੰਨ-2003 ਮਗਰੋਂ ਦਾ ਵਿਸ਼ਲੇਸ਼ਣ
# ਘਾਟੇ ਦੇ ਵੱਖ-ਵੱਖ ਸੰਕੇਤਕਾਂ ਰਾਹੀਂ ਵਿੱਤੀ ਜ਼ਿੰਮੇਵਾਰੀ ਦਾ ਜਾਇਜ਼ਾ ਲੈਣਾ

ਡਾ. ਅਮੀਆ ਕੇ ਮਹਾਪਾਤਰਾ

ਮੁੱਖ ਬੰਧ

ਕਿਸੇ ਵੀ ਦੇਸ਼ ਦੀ ਆਰਥਿਕ ਮਜਬੂਤੀ ਅਤੇ ਸਮਾਜਕ ਵਿਕਾਸ ਲਈ ਵਿੱਤੀ ਸਮਝਦਾਰੀ ਰਾਹੀਂ ਵਿੱਤੀ ਸੰਯੋਜਨ ਬਹੁਤ ਜ਼ਰੂਰੀ ਅੰਗਾਂ ਵਿੱਚੋਂ ਇਕ ਹੈ। ਲਗਾਤਾਰ ਉੱਨਤੀ ਅਤੇ ਆਰਥਿਕ ਵਿਕਾਸ ਲਈ ਭਾਰਤ ਸਰਕਾਰ ਨੇ ਵਿੱਤੀ ਸੰਯੋਜਨ ਅਤੇ ਸਮਝਦਾਰੀ ਵਾਲਾ ਵਿੱਤੀ ਪ੍ਰਬੰਧ ਲਾਗੂ ਕਰਨ ਲਈ ਵਿੱਤੀ ਜ਼ਿੰਮੇਵਾਰੀ ਅਤੇ ਬਜਟ ਪ੍ਰਬੰਧਨ ਕਾਨੂੰਨ 2003 ਲਿਆਂਦਾ। ਆਪਣਾ ਫਰਜ ਪੂਰਾ ਕਰਨ ਲਈ, ਸਰਕਾਰ ਵਿੱਤੀ ਢਾਂਚੇ ਰਾਹੀਂ ਖਰਚੇ ਵਿੱਚ ਯੁਕਤੀਪੂਰਨ ਵਿਵਸਥਾ ਅਤੇ ਮੁੜ ਤੋਂ ਪਹਿਲ ਮਿਥਣ ਨਾਲ ਅਤੇ ਮਾਲੀ ਘਾਟੇ ਤੇ ਵਿੱਤੀ ਘਾਟੇ ਨੂੰ ਲੋੜੀਂਦੇ ਪੱਧਰ ਤੱਕ ਕਾਬੂ ਕਰਕੇ ਪਿਛਲੇ ਕੁਝ ਸਾਲਾਂ ਤੋਂ ਆਪਣੀ ਆਮਦਨ ਵਧਾ ਕੇ ਖਰਚੇ ਵਿੱਚ ਕੁਸ਼ਲਤਾ ਲਿਆ ਰਹੀ ਹੈ। ਕੇਂਦਰੀ ਬਜਟ 2016-17 ਦੇ ਅਸਰ ਦਾ ਮੁਲਾਂਕਣ, ਵਿੱਤੀ ਜ਼ਿੰਮੇਵਾਰੀ ਅਤੇ ਬਜਟ ਪ੍ਰਬੰਧਨ ਕਾਨੂੰਨ ਦੇ ਸਬੰਧ ਵਿੱਚ, ਪੂਰੀ ਤਰ੍ਹਾਂ ਜਾਂਚੇ ਮਾਪਦੰਡਾਂ ਦੀ ਵਰਤੋਂ ਕਰਕੇ, ਅਤੇ ਆਰਥਿਕਤਾ ਉਪਰ ਹੋਣ ਵਾਲੇ ਅਸਰ ਦਾ ਅਧਿਐਨ ਕਰਕੇ ਕੀਤਾ ਜਾ ਸਕਦਾ ਹੈ। ਬਜਟ ਦੇ ਸਵੱਛਤਾ ਅਤੇ ਪਾਇਦਾਰੀ ਪੱਖ ਦੀ ਘੋਖ ਦੀਰਘ ਆਰਥਿਕ ਨਤੀਜਿਆਂ ਦੇ ਸਬੰਧ ਵਿੱਚ ਵੱਖ-ਵੱਖ ਘਾਟੇ ਦੇ ਸੰਕੇਤਕਾਂ ਰਾਹੀ ਕੀਤੀ ਜਾ ਸਕਦੀ ਹੈ - ਮੁੱਖ ਤਰੀਕੇ ਹਨ ਮਾਲੀ ਘਾਟਾ, ਵਿੱਤੀ ਘਾਟਾ ਅਤੇ ਬੁਨਿਆਦੀ ਘਾਟਾ। ਇਹ ਘਾਟੇ ਲਾਜ਼ਮੀ ਤੌਰ ਤੇ ਦੀਰਘ ਆਰਥਿਕ ਨਤੀਜਿਆਂ ਦਾ ਅੰਦਾਜ਼ਾ ਲਗਾਉਣ ਅਤੇ ਸਰਕਾਰ ਵਲੋਂ ਅਰਥਵਿਵਸਥਾ ਦੇ ਲੰਬੀ ਮਿਆਦ ਦੇ ਉਦੇਸ਼ ਪ੍ਰਾਪਤੀ ਲਈ ਆਪਣਾ ਰਸਤਾ ਨਿਰਧਾਰਨ ਕਰਨ ਲਈ ਵਰਤੇ ਜਾਂਦੇ ਹਨ। ਬਜਟ ਦੀ ਕਾਮਯਾਬੀ, ਸਮਾਵੇਸ਼ੀ ਅਤੇ ਪਾਇਦਾਰ ਵਿਕਾਸ ਉਪਰ ਜ਼ੋਰ ਦੇ ਕੇ ਅੱਜ ਦੀਆਂ ਲੋੜਾਂ ਅਤੇ ਲੰਬੀ ਮਿਆਦ ਦੇ ਵਿਕਾਸ ਨੂੰ ਦੇਖਦੇ ਹੋਏ, ਮਾਲੀ ਘਾਟੇ ਅਤੇ ਵਿੱਤੀ ਘਾਟੇ ਨੂੰ ਕਿਸ ਤਰ੍ਹਾਂ ਲੋੜੀਂਦੀ ਪੱਧਰ ਉਤੇ ਬਣਾ ਕੇ ਰੱਖਿਆ ਜਾ ਸਕਦਾ ਹੈ, ਉਸ ਉਪਰ ਨਿਰਭਰ ਕਰਦਾ ਹੈ।

## ਮਾਲੀ ਘਾਟਾ ਅਤੇ ਵਿੱਤੀ ਸਮਝਦਾਰੀ ਉਪਰ ਇਸ ਦਾ ਅਸਰ

ਮਾਲੀ ਘਾਟੇ ਦੀ ਪਰਿਭਾਸ਼ਾ ਸਰਕਾਰ ਦੀ ਮਾਲੀ ਆਮਦਨ ਨਾਲੋਂ ਮਾਲੀ ਖਰਚਾ ਵੱਧ ਹੋਣਾ ਹੈ। ਹੇਠਾਂ ਦਿੱਤੀ ਸੂਚੀ-1 ਵਿੱਚ ਵਿੱਤੀ ਜ਼ਿੰਮੇਵਾਰੀ ਅਤੇ ਬਜਟ ਪ੍ਰਬੰਧਨ ਕਾਨੂੰਨ ਤੋਂ ਬਾਅਦ ਦੇ ਸਮੇਂ ਵਿੱਚ ਅੰਦਾਜ਼ਨ ਅਤੇ ਵਾਸਤਵਿਕ ਮਾਲੀ ਘਾਟੇ ਦੇ ਅੰਕੜੇ ਅਸਥਿਰ ਟੀਚਿਆਂ ਅਨੁਸਾਰ ਵਧੇਰੇ ਜਾਣਕਾਰੀ ਲਈ ਦਿਖਾਏ ਗਏ ਹਨ।

## ਮਾਲੀ ਘਾਟੇ ਦੇ ਰੁਝਾਨ ਅਤੇ ਪ੍ਰਭਾਵ

ਮਾਲੀ ਘਾਟੇ ਨੂੰ ਪੂਰਾ ਕਰਨ ਲਈ, ਸਰਕਾਰ ਪੂੰਜੀਗਤ ਆਮਦਨ ਉਪਰ ਅਖੀਰਲੇ ਉਪਰਾਲੇ ਦੇ ਤੌਰ ਤੇ ਨਿਰਭਰ ਕਰਦਾ ਹੈ ਕਿਉਂਕਿ ਮਾਲੀ ਆਮਦਨ ਤਾਂ ਪਹਿਲਾਂ ਹੀ ਖਰਚ ਹੋ ਚੁੱਕੀ ਹੁੰਦੀ ਹੈ। ਘਾਟੇ ਦੀ ਪੂੰਜੀਗਤ ਆਮਦਨ ਤੋਂ ਪੂਰਤੀ ਬਹੁਤ ਖ਼ਤਰਨਾਕ ਹੈ ਕਿਉਂਕਿ ਪੂੰਜੀਗਤ ਆਮਦਨ ਜਾਂ ਤਾਂ ਜਾਇਦਾਦ ਵਿੱਚ ਕਮੀ ਲਿਆਉਂਦੀ ਹੈ ਅਤੇ ਜਾਂ ਦੇਣਦਾਰੀ ਵਧਾ ਦਿੰਦੀ ਹੈ। ਦੇਣਦਾਰੀ ਵਿੱਚ ਵਾਧੇ ਨਾਲ ਭਵਿੱਖ ਵਿੱਚ ਵਿਆਜ ਅਦਾਇਗੀ ਦੇਣਦਾਰੀ ਵਧ ਜਾਂਦੀ ਹੈ ਜਿਸ ਦਾ ਨਤੀਜਾ ਇਹ ਹੁੰਦਾ ਹੈ ਕਿ ਇਹ ਮਾਲੀ ਖਰਚੇ ਦਾ ਹਿੱਸਾ ਹੋਣ ਕਾਰਨ, ਭਵਿੱਖ ਵਿੱਚ ਮਾਲੀ ਘਾਟਾ ਵਧ ਜਾਂਦਾ ਹੈ। ਦੂਜੇ ਪਾਸੇ, ਅਪਨਿਵੇਸ਼/ਜਾਇਦਾਦ ਵੇਚਣਾ ਪਰਿਵਾਰ ਦਾ ਸੋਨਾ-ਚਾਂਦੀ ਵੇਚਣ ਬਰਾਬਰ ਹੈ। ਇਸ ਨਾਲ ਮਾਲੀ ਆਮਦਨ ਘੱਟ ਹੋ ਜਾਣ ਨਾਲ ਮਾਲੀ ਹਾਲਾਤ ਹੋਰ ਵੀ ਖਰਾਬ ਹੋ ਜਾਂਦੇ ਹਨ। ਮਾਲੀ ਘਾਟੇ ਨੂੰ ਟੈਕਸਾਂ ਅਤੇ ਗ਼ੈਰ ਟੈਕਸ ਸਰੋਤਾਂ ਤੋਂ ਆਮਦਨ ਵਧਾ ਕੇ ਘੱਟ ਤੋਂ ਘੱਟ ਕੀਤਾ ਜਾ ਸਕਦਾ ਹੈ।

## ਵਿੱਤੀ ਘਾਟਾ ਅਤੇ ਵਿੱਤੀ ਸਮਝਦਾਰੀ ਉਪਰ ਇਸ ਦਾ ਅਸਰ


ਵਿੱਤੀ ਘਾਟੇ ਦੀ ਪਰਿਭਾਸ਼ਾ ਹੈ - ਕਰਜ਼ਿਆਂ ਨੂੰ ਛੱਡ ਕੇ, ਸਰਕਾਰ ਦੀ ਕੁੱਲ ਆਮਦਨ ਤੋਂ ਕੁੱਲ ਖਰਚੇ ਵਾਧੂ ਹੋਣਾ। ਵਧੇਰੇ ਸਹੀ ਨਹੀਂ, ਇਹ ਸੰਕੇਤ ਦਿੰਦੀ ਹੈ ਕਿ ਸਾਡਾ ਦੇਸ਼ ਕਿਸੇ ਵੀ

**ਸੂਚੀ-1 : ਵਿੱਤੀ ਘਾਟਾ - ਅੰਦਾਜ਼ਨ ਅਤੇ ਅਸਲ ਕੁੱਲ ਘਰੇਲੂ ਉਤਪਾਦਨ ਦੇ ਪ੍ਰਤਿਸ਼ਤ ਦੇ ਤੌਰ ਤੇ**

| ਸਾਲ | 2004-05 | 2005-06 | 2006-07 | 2007-08 | 2008-09 | 2009-10 | 2010-11 | 2011-12 | 2012-13 | 2013-14 | 2014-15 | 2015-16 | 2016-17 | 2017-18 | 2018-19 |
|---|---|---|---|---|---|---|---|---|---|---|---|---|---|---|---|
| ਅੰਦਾਜ਼ਨ ਵਿੱਤੀ ਘਾਟਾ (ਪ੍ਰਤਿਸ਼ਤ) | 2.5 | 2.7 | 2.1 | 1.5 | 1 | 4.8 | 4 | 3.4 | 3.4 | 3.3 | 2.9 | 2.8 | 2.3 | *1.8 | *1.3 |
| ਅਸਲ ਵਿੱਤੀ ਘਾਟਾ (ਪ੍ਰਤਿਸ਼ਤ) | 2.5 | 2.6 | 1.9 | 1.1 | 4.5 | 5.2 | 3.3 | 4.4 | 3.6 | 3.1 | 2.9 | – | – | – | – |

*ਸਰੋਤ : ਲੇਖਕ ਵਲੋਂ ਭਾਰਤ ਸਰਕਾਰ ਦੇ ਬਜਟ ਦਸਤਾਵੇਜ਼ ਵਿੱਚੋਂ ਲਏ (*ਭਵਿੱਖ ਦੇ ਦਰਸਾਏ ਟੀਚੇ) ਗਏ ਅੰਕੜੇ*

ਵਿੱਤੀ ਸਾਲ ਵਿੱਚ ਘਾਟੇ ਨੂੰ ਪੂਰਾ ਕਰਨ ਲਈ ਕਰਜ਼ੇ ਉਪਰ ਕਿੰਨਾ ਨਿਰਭਰ ਕਰਦਾ ਹੈ। ਕਿਸੇ ਵੀ ਦੇਸ਼ ਦਾ ਵਿੱਤੀ ਘਾਟਾ ਉਸ ਦੇ ਆਰਥਿਕ ਵਿਕਾਸ ਅਤੇ ਕਰਜ਼ੇ ਦੇਣਦਾਰੀ ਦੇ ਮਾਪਦੰਡ ਦੇ ਤੌਰ ਤੇ ਵਰਤਿਆ ਜਾਂਦਾ ਹੈ ਅਤੇ ਇਸ ਤੋਂ ਵੀ ਅੱਗੇ ਇਹ ਉਸ ਦੇਸ਼ ਦੇ ਲੋਕਾਂ ਦੇ ਵਿੱਤੀ ਹਾਲਾਤ ਅਤੇ ਆਰਥਿਕ ਭਲਾਈ ਨੂੰ ਦਰਸਾਉਂਦਾ ਹੈ। ਇਹ ਸਰਕਾਰ ਵਲੋਂ ਕਰਜ਼ੇ ਲੈਣ ਦੇ ਸੰਦਰਭ ਵਿੱਚ ਉਸ ਦੇ ਫ਼ੰਡਾਂ ਦੀ ਸਥਿਤੀ ਦਾ ਪੂਰਾ ਜਾਇਜ਼ਾ ਲੈਂਦਾ ਹੈ।




## ਵਿੱਤੀ ਘਾਟੇ ਦਾ ਰੁਝਾਨ ਅਤੇ ਅਸਰ

ਵਿੱਤੀ ਜ਼ਿੰਮੇਵਾਰੀ ਅਤੇ ਬਜਟ ਪ੍ਰਬੰਧਨ ਐਕਟ ਤੋਂ ਬਾਅਦ (2004-05 ਤੋਂ 2016-17) ਵਿੱਚ ਅੰਦਾਜ਼ਨ ਵਿੱਤੀ ਘਾਟੇ ਨੂੰ ਹਾਲ ਦੇ ਪਿਛੋਕੜ ਦੇ ਅਸਰਾਂ ਅਤੇ ਵਰਤਮਾਨ ਲੋੜਾਂ ਉਪਰ ਜੋਰ ਦੇਣ ਅਤੇ ਸਾਰੇ ਦੇਸ਼ ਦੇ ਭਵਿੱਖ ਵਿੱਚ ਹਾਲਾਤ ਦਾ ਜਾਇਜ਼ਾ ਲੈਣ ਲਈ ਵਰਤੋਂ ਵਿੱਚ ਲਿਆਂਦਾ ਜਾਂਦਾ ਹੈ।

ਵਿੱਤੀ ਜ਼ਿੰਮੇਵਾਰੀ ਅਤੇ ਬਜਟ ਪ੍ਰਬੰਧਨ ਐਕਟ ਨੂੰ ਵਿੱਤੀ ਸੰਯੋਜਨ ਨੀਤੀ ਦੇ ਇਕ ਹਥਿਆਰ ਦੇ ਤੌਰ ਤੇ ਵਰਤੋਂ ਵਿੱਚ ਲਿਆਉਣ ਨਾਲ, ਅੰਦਾਜ਼ਨ ਵਿੱਤੀ ਘਾਟੇ ਵਿੱਚ ਬਹੁਤ ਕਮੀ ਲਿਆਂਦੀ ਗਈ - 2004-05 ਵਿੱਚ 4.4 ਪ੍ਰਤਿਸ਼ਤ ਤੋਂ ਸ਼ੁਰੂ ਹੋ ਕੇ, 4.3 ਪ੍ਰਤਿਸ਼ਤ, 3.8 ਪ੍ਰਤਿਸ਼ਤ, 3.3 ਪ੍ਰਤਿਸ਼ਤ ਅਤੇ 2008-09 ਵਿੱਚ 2.5 ਪ੍ਰਤਿਸ਼ਤ। ਇਸ ਤੋਂ ਬਾਅਦ, ਵਿਸ਼ਵਵਿਆਪੀ ਮੰਦੀ ਦੇ ਬੁਰੇ ਅਸਰਾਂ ਤੋਂ ਬਚਣ ਲਈ ਲਾਗੂ ਕੀਤੇ ਵਿਸਥਾਰਵਾਦੀ ਵਿੱਤੀ ਪ੍ਰੇਰਕ ਪੈਕੇਜ ਕਾਰਨ 2009-10 ਵਿੱਚ ਵਿੱਤੀ ਘਾਟਾ ਕੁੱਲ ਘਰੇਲ ਉਤਪਾਦਨ ਦੇ 8 ਪ੍ਰਤਿਸ਼ਤ ਤੱਕ ਵਧ ਗਿਆ।

ਪਰ 2009-10 ਤੋਂ ਬਾਅਦ, ਅੰਦਾਜ਼ਾ ਵਿੱਤੀ ਘਾਟਾ 2010-11 ਵਿੱਚ 5.5 ਪ੍ਰਤਿਸ਼ਤ ਉਤੇ ਆ ਗਿਆ ਅਤੇ 2011-12 ਵਿੱਚ ਹੋਰ ਘਟ ਕੇ 4.6 ਪ੍ਰਤਿਸ਼ਤ ਰਹਿ ਗਿਆ। ਯੂਰੋ ਦੇ ਮੰਦੇਹਾਲ ਅਤੇ ਲਗਾਤਾਰ ਮੰਦੀ ਦੀ ਅਰਥਵਿਵਸਥਾ ਦੇ ਚਲਦੇ, ਇਹ 2012-13 ਵਿੱਚ ਥੋੜ੍ਹਾ ਜਿਹਾ ਵਧ ਕੇ 5.1 ਪ੍ਰਤਿਸ਼ਤ ਹੋ ਗਿਆ ਅਤੇ ਉਸ ਤੋਂ ਬਾਅਦ 4.8 ਪ੍ਰਤਿਸ਼ਤ, 4.1 ਪ੍ਰਤਿਸ਼ਤ ਅਤੇ 2015-16 ਵਿੱਚ ਕੁੱਲ ਘਰੇਲੂ ਉਤਪਾਦਨ ਦਾ 3.9 ਪ੍ਰਤਿਸ਼ਤ ਰਹਿ ਗਿਆ। ਕੇਲਕਰ ਕਮੇਟੀ ਦੇ ਪ੍ਰਸਤਾਵਾਂ ਦੇ ਆਂਸ਼ਿਕ ਲਾਗੂ ਕਰਨ ਨਾਲ ਭਾਰਤ ਦੇ ਵਿੱਤ ਮੰਤਰੀ ਨੇ 2016-17 ਵਿੱਚ ਵਿੱਤੀ ਘਾਟੇ ਨੂੰ ਕੁੱਲ ਘਰੇਲੂ ਉਤਪਾਦਨ ਦੇ 3.5 ਪ੍ਰਤਿਸ਼ਤ ਉਤੇ ਰੱਖਿਆ ਹੈ।

ਸਹੀ ਮਾਅਨਿਆਂ ਵਿੱਚ ਸਰਕਾਰ ਦਾ ਉਧਾਰ ਕਈ ਗੁਣਾ ਵਧ ਗਿਆ ਹੈ, ਜੋ ਚਿੰਤਾ ਦਾ ਵਿਸ਼ਾ ਹੈ। ਸਾਲ 2008-09 ਤੋਂ ਲੈ ਕੇ 2015-16 ਤੱਕ, ਸ਼ੁੱਧ ਅੰਦਾਜ਼ਨ ਵਿੱਤੀ ਘਾਟਾ ਤੇਜ਼ੀ ਨਾਲ ਵਧ ਕੇ 1,33,287 ਕਰੋੜ ਤੋਂ 5,55,649 ਕਰੋੜ ਹੋ ਗਿਆ ਜੋ ਸੱਤ ਸਾਲਾਂ ਦੇ ਸਮੇਂ ਵਿੱਚ ਚਾਰ ਗੁਣਾਂ ਤੋਂ ਵੀ ਵਾਧੂ ਸੀ। ਪਰ ਇਸ ਬਜਟ ਵਿੱਚ ਸਰਕਾਰ ਨੇ ਨਾ ਸਿਰਫ਼ ਵਿੱਤੀ ਘਾਟੇ ਨੂੰ ਪ੍ਰਤਿਸ਼ਤ ਦੇ ਤੌਰ ਤੇ ਘੱਟ ਕਰਨ ਵੱਲ ਗੰਭੀਰਤਾ ਦਿਖਾਈ ਹੈ ਸਗੋਂ ਸਹੀ ਮਾਅਨਿਆਂ ਵਿੱਚ ਵੀ ਇਸ ਨੂੰ 5,33,904 ਕਰੋੜ ਰੁਪਏ ਰੱਖਿਆ ਹੈ ਜੋ ਪਿਛਲੇ ਸਾਲਾਂ ਦੇ ਮੁਕਾਬਲੇ ਕਾਫ਼ੀ ਤਸੱਲੀਬਖਸ਼ ਹੈ। ਭਾਰਤ ਸਰਕਾਰ ਦੀ ਵਿੱਤੀ ਜ਼ਿੰਮੇਵਾਰੀ ਅਤੇ ਵਿੱਤੀ ਸਮਝਦਾਰੀ ਵਿੱਤੀ ਘਾਟੇ ਨੂੰ ਸਹੀ ਮਾਅਨਿਆਂ ਵਿੱਚ ਅੰਕੜਿਆਂ ਵਿੱਚ ਅਤੇ ਪ੍ਰਤਿਸ਼ਤ ਦੇ ਤੌਰ ਤੇ ਘੱਟ ਕਰਨ ਦੀ ਹੈ।

ਇਸ ਲਈ ਵਧੇਰੇ ਚੰਗੀ ਵਿੱਤੀ ਸਮਝਦਾਰੀ ਉਸ ਵੇਲੇ ਹੀ ਹਾਸਲ ਕੀਤੀ ਜਾ ਸਕਦੀ ਹੈ ਜਦੋਂ ਭਾਰਤ ਸਰਕਾਰ ਸਹੀ ਮਾਅਨਿਆਂ ਵਿੱਚ ਅੰਕੜਿਆਂ ਵਿੱਚ ਅਤੇ ਪ੍ਰਤਿਸ਼ਤ ਵਾਧੇ ਵਿੱਚ, ਦੋਵੇਂ ਵਿੱਤੀ ਘਾਟੇ ਅਤੇ ਮਾਲੀ ਘਾਟੇ ਨੂੰ ਵਧਣ ਤੋਂ ਰੋਕਣ ਵਿੱਚ ਕਾਮਯਾਬ ਹੋਵੇਗੀ।

## ਵਿੱਤੀ ਘਾਟੇ ਤੇ ਮਾਲੀ ਘਾਟੇ ਵਿੱਚ ਸਬੰਧ

ਵਿੱਤੀ ਘਾਟੇ ਦੇ ਮੁੱਖ ਸੂਚਕ ਹਨ ਮਾਲੀ ਘਾਟਾ ਅਤੇ ਪੂੰਜੀਗਤ ਖਰਚਾ। ਇਸ ਦਾ ਇਹ ਅਰਥ ਹੈ ਕਿ ਸਰਕਾਰ ਮਾਲੀ ਕਮੀ ਨੂੰ ਪੂਰਾ ਕਰਨ ਲਈ ਕਰਜ਼ੇ ਦਾ ਸਹਾਰਾ ਲੈਂਦੀ ਹੈ ਅਤੇ ਪੂੰਜੀਗਤ ਖਰਚੇ ਪੂਰੇ ਕਰਨ ਲਈ ਕਰਜ਼ਾ ਲੈਂਦੀ ਹੈ। ਇਸ ਲਈ ਵਿੱਤੀ ਸਮਝਦਾਰੀ ਇਸ ਉਪਰ ਨਿਰਭਰ ਕਰਦੀ ਹੈ ਕਿ ਸਰਕਾਰ ਖ਼ਾਸ ਤੌਰ ਤੇ ਵਿੱਤੀ ਘਾਟੇ ਨਾਲ ਕਿਸ ਤਰ੍ਹਾਂ ਨਿਬਟਦੀ ਹੈ। ਆਮਦਨ ਵਿੱਚ ਵਾਧਾ ਕਰਕੇ, ਬਿਨਾਂ ਖਰਚੇ ਨੂੰ ਘੱਟ ਕੀਤੇ, ਵਿੱਤੀ ਸੰਯੋਜਨ ਸੰਭਵ ਕੀਤਾ ਜਾ ਸਕਦਾ ਹੈ। ਵਿੱਤੀ ਘਾਟੇ ਨੂੰ ਮਿਥੇ ਟੀਚਿਆਂ ਤਕ

ਸੂਚੀ-2 : ਵਿੱਤੀ ਘਾਟਾ- ਅੰਦਾਜ਼ਨ ਅਤੇ ਅਸਲ ਕੁੱਲ ਘਰੇਲੂ ਉਤਪਾਦਨ ਦਾ ਪ੍ਰਤਿਸ਼ਤ

| ਸਾਲ | 2004-05 | 2005-06 | 2006-07 | 2007-08 | 2008-09 | 2009-10 | 2010-11 | 2011-12 | 2012-13 | 2013-14 | 2014-15 | 2015-16 | 2016-17 | 2017-18 |
|---|---|---|---|---|---|---|---|---|---|---|---|---|---|---|
| ਅੰਦਾਜ਼ਨ ਵਿੱਤੀ ਘਾਟਾ (ਪ੍ਰਤਿਸ਼ਤ) | 4.4 | 4.3 | 3.8 | 3.3 | 2.5 | 6.8 | 5.5 | 4.6 | 5.1 | 4.8 | 4.1 | 3.9 | 3.5 | *3.0 |
| ਅਸਲ ਵਿੱਤੀ ਘਾਟਾ (ਪ੍ਰਤਿਸ਼ਤ) | 4 | 4.1 | 3.5 | 2.7 | 6.0 | 6.4 | 4.9 | 5.7 | 4.8 | 4.4 | 4.1 | - | - | - |

*ਸਰੋਤ : ਲੇਖਕ ਵਲੋਂ ਭਾਰਤ ਸਰਕਾਰ ਦੇ ਬਜਟ ਦਸਤਾਵੇਜ਼ ਵਿੱਚੋਂ ਲਏ (*ਭਵਿੱਖ ਦੇ ਦਰਸਾਏ ਟੀਚੇ) ਗਏ।*




ਸੀਮਤ ਰੱਖਣ ਲਈ ਖਰਚੇ ਨੂੰ ਦੇਸ਼ ਦੀ ਸਮਾਜਕ-ਆਰਥਿਕ ਭਲਾਈ ਨੂੰ ਅੱਖੋਂ ਪਰੋਖੇ ਕਰਕੇ ਘਟਾਉਣਾ, ਕੋਈ ਸਵਾਗਤਯੋਗ ਕਦਮ ਕਦੇ ਵੀ ਨਹੀਂ ਹੋ ਸਕਦਾ। ਇਸ ਲਈ, ਸਿਰਫ਼ ਇਕੋ-ਇਕ ਚੰਗਾ ਕਦਮ ਹੈ ਟੈਕਸਾਂ ਤੋਂ, ਉਨ੍ਹਾਂ ਵਿੱਚ ਲਚਕੀਲਾਪਨ ਲਿਆ ਕੇ, ਆਮਦਨ ਵਧਾਉਣਾ ਤਾਂ ਕਿ ਘਾਟੇ ਨੂੰ ਘੱਟ ਕੀਤਾ ਜਾ ਸਕੇ।


ਮਾਲੀ ਘਾਟੇ ਅਤੇ ਵਿੱਤੀ ਘਾਟੇ ਵਿੱਚ ਹਮੇਸ਼ਾ ਤੋਂ ਹੀ ਉੱਚਾ ਸਕਾਰਾਤਮਕ ਰਿਸ਼ਤਾ ਕਿਹਾ ਹੈ ਜੋ ਹੇਠ ਦਿੱਤੇ ਚਿੱਤਰ ਤੋਂ ਸਪੱਸ਼ਟ ਰੂਪ ਵਿੱਚ ਦੇਖਿਆ ਜਾ ਸਕਦਾ ਹੈ।

ਵਿੱਤੀ ਘਾਟੇ ਨੂੰ ਮਾਲੀ ਘਾਟੇ ਦੀ ਲੋੜੀਂਦੀ ਪੱਧਰ ਤੱਕ ਘੱਟ ਕਰਕੇ ਹੀ ਮਿਥੇ ਟੀਚਿਆਂ ਤੱਕ ਲਿਆਂਦਾ ਜਾ ਸਕਦਾ ਹੈ, ਨਾ ਕਿ ਪੂੰਜੀਗਤ ਖਰਚੇ ਨੂੰ ਘੱਟ ਕਰਕੇ। ਇਹ ਆਮਦਨ ਵਧਾ ਕੇ ਅਤੇ ਖਰਚੇ ਨੂੰ ਯੁਕਤੀਪੂਰਨ ਕਰਕੇ ਕੀਤਾ ਜਾ ਸਕਦਾ ਹੈ। ਖਰਚੇ ਦਾ ਕੁਸ਼ਲ ਅਤੇ ਅਸਰਦਾਰ ਪ੍ਰਬੰਧ, ਵਿੱਤੀ ਸੰਯੋਜਨ ਦੀ ਕੁੰਜੀ ਹੈ, ਇਸੇ ਲਈ ਗ਼ੈਰ ਯੋਜਨਾ ਮਾਲੀ ਖਰਚੇ ਨੂੰ ਮੁੜ ਤੋਂ ਪਹਿਲ ਦੇਣ ਅਤੇ ਯੁਕਤੀਪੂਰਨ ਕਰਨ ਲਈ ਖਰਚਾ ਸੁਧਾਰ ਕਮੀਸ਼ਨ ਦੀ ਸਥਾਪਨਾ ਕੀਤੀ ਗਈ ਹੈ। ਇਸ ਕਮੀਸ਼ਨ ਦੇ ਪਿੱਛੇ ਵੱਖ-ਵੱਖ ਮਦਾਂ ਲਈ ਫ਼ੰਡ ਨਿਰਧਾਰਤ ਨੂੰ ਸ਼ਕਤੀਪੂਰਨ ਕਰਨ ਅਤੇ ਉਸ ਵਿੱਚ ਕੁਸ਼ਲਤਾ ਲਿਆਉਣ ਅਤੇ ਇਸ ਪ੍ਰਕਿਰਿਆ ਵਿੱਚ ਖਾਮੀਆਂ ਦੂਰ ਕਰਨ ਅਤੇ ਲੀਕੇਜ਼ ਖਤਮ ਕਰਨ ਦੀ ਧਾਰਨਾ ਰਹੀ ਹੈ।

## ਵਿੱਤੀ ਨਿਰੰਤਰਤਾ ਅਤੇ ਗੁੱਣਤਾ ਦਾ ਜਾਇਜ਼ਾ

ਬਜਟ ਦੀ ਕੁਸ਼ਲ ਕਾਰਗੁਜ਼ਾਰੀ ਕੁੱਲ ਨਿਰਧਾਰਤ ਪੂੰਜੀ ਤੋਂ ਨਹੀਂ ਕਰਨੀ ਚਾਹੀਦੀ ਸਗੋਂ ਪ੍ਰਾਪਤੀਆਂ ਅਤੇ ਸਮੁੱਚੇ ਤੌਰ ਤੇ ਉਸ ਦਾ ਅਰਥਵਿਵਸਥਾ ਉਪਰ ਅਸਰ ਤੋਂ ਕਰਨੀ ਚਾਹੀਦੀ ਹੈ। ਵਿੱਤੀ ਘਾਟੇ ਨੂੰ ਮਿਥੇ ਟੀਚਿਆਂ ਤੱਕ ਰੱਖਣਾ ਇਕ ਸਿਰਫ਼ ਅੰਕੜਾ ਹੀ ਨਹੀਂ ਹੈ ਸਗੋਂ ਇਸ ਦਾ ਅਰਥ ਉੱਤਮਤਾ ਅਤੇ ਨਿਕਲਣ ਵਾਲੇ ਸਿੱਟੇ ਵੀ ਹੁੰਦਾ ਹੈ। ਵਰਤਮਾਨ ਬਜਟ 2016-17 ਵਿੱਚ ਵਿੱਤੀ ਘਾਟੇ ਦਾ ਇਕ ਜਾਰੀ ਰਹਿਣਯੋਗ ਮਾਡਲ ਅਪਨਾਇਆ ਗਿਆ ਹੈ। ਵਿੱਤੀ ਢਾਂਚੇ ਦੇ ਜਾਰੀ ਰਹਿਣਯੋਗ ਮਾਡਲ ਵਿੱਚ ਅਜਿਹੇ ਹਲਾਤ ਦੀ ਕਲਪਨਾ ਕੀਤੀ ਗਈ ਹੈ ਜਿਥੇ ਵਿੱਤੀ ਘਾਟੇ ਨੂੰ ਮਿਥੇ ਟੀਚਿਆਂ ਤੱਕ, ਬਿਨਾਂ ਖਰਚਾ ਘਟਾਏ, ਸਗੋਂ ਪੂੰਜੀਗਤ ਜਾਇਦਾਦ ਅਤੇ ਵੱਖ-ਵੱਖ ਭਲਾਈ ਪ੍ਰੋਗਰਾਮਾਂ ਉਤੇ ਵਧੇਰੇ ਖਰਚਾ ਕਰਕੇ, ਸੀਮਤ ਰੱਖਿਆ ਜਾ ਸਕਦਾ ਹੈ। ਇਸ ਲਈ, ਵਿੱਤੀ ਘਾਟਾ ਅਤੇ ਮਾਲੀ ਘਾਟਾ ਘੱਟ ਕਰਨ ਦਾ ਇਕੋ-ਇਕ ਰਸਤਾ, ਇਸ ਉਪਰ ਟਿਕਿਆ ਹੈ ਕਿ ਸਰੋਤਾਂ ਤੋਂ ਆਮਦਨ ਕਿਸ ਤਰ੍ਹਾਂ, ਵਧਾਈ ਜਾਵੇ ਅਤੇ ਚੋਖੀ ਮਾਤਰਾ ਵਿੱਚ ਵਧਾਈ ਜਾਵੇ। ਇਹ ਐੱਮ-3 ਮਾਡਲ ਹੈ - ਵਧੇਰੇ ਖਰਚਾ ਅਤੇ ਵਧੇਰੇ ਆਮਦਨ ਮਾਡਲ ਜਿਸ ਨਾਲ ਵਿੱਤੀ ਘਾਟਾ ਸੀਮਤ ਰੱਖਿਆ ਜਾਵੇ। ਇਹ ਵਰਤਮਾਨ ਬਜਟ ਨੂੰ ਪੂਰੀ ਤਰ੍ਹਾਂ ਸਪੱਸ਼ਟ ਹੈ ਜਿਸ ਵਿੱਚ ਵਿੱਤ ਮੰਤਰੀ ਨੇ ਵਿੱਤੀ ਘਾਟੇ ਨੂੰ ਆਮਦਨ ਵਧਾ ਕੇ ਅਤੇ ਵਧੇਰੇ ਖਰਚਾ ਕਰਕੇ ਸਮੁੱਚੇ ਘਰੇਲੂ ਉਤਪਾਦਨ ਦਾ 3.5 ਪ੍ਰਤਿਸ਼ਤ ਰੱਖਣ ਲਈ ਵੱਧ ਤੋਂ ਵੱਧ ਸਾਵਧਾਨੀ ਵਰਤੀ ਹੈ। ਇਹੋ ਉਹ ਸੁੰਦਰਤਾ ਹੈ ਜਿਥੇ ਉਤਮਤਾ ਅਤੇ ਪਾਏਦਾਰੀ ਇਕ ਦੂਜੇ ਨਾਲ ਮੇਲ ਖਾਂਦੇ ਹਨ। ਵਧੇਰੇ ਸਪੱਸ਼ਟ ਤੌਰ ਤੇ, ਇਸ ਬਜਟ ਵਿੱਚ ਯੋਜਨਾ ਨਿਰਧਾਰਨ ਵਿੱਚ 15.3 ਪ੍ਰਤਿਸ਼ਤ ਦਾ ਵੱਡਾ ਵਾਧਾ ਅਤੇ ਗ਼ੈਰ ਯੋਜਨਾ ਨਿਰਧਾਰਤ ਰਾਸ਼ੀ ਵਿੱਚ 9 ਪ੍ਰਤਿਸ਼ਤ ਦਾ ਵਾਧਾ 2015-16 ਦੀ ਮੁੜ ਤੋਂ ਸੋਧੇ ਅੰਦਾਜ਼ਿਆਂ ਨਾਲੋਂ ਕੀਤਾ ਗਿਆ ਹੈ।

ਦੂਜੇ ਪਾਸੇ, ਮਾਲੀ ਪੱਖੋਂ, ਖ਼ਾਸ ਤੌਰ ਤੇ ਟੈਕਸ ਫਰੰਟ ਉਤੇ, ਵਿੱਤ ਮੰਤਰੀ ਨੇ ਆਂਸ਼ਿਕ ਰੂਪ ਵਿੱਚ ਪਾਏਦਾਰ ਟੈਕਸ ਕੋਡ ਅਪਨਾਇਆ ਹੈ ਜਿਸ ਵਿੱਚ ਅਸਮਾਨਤਾ ਘੱਟ ਕਰਨ ਲਈ ਵੱਧ ਆਮਦਨ ਵਾਲੇ ਵਿਅਕਤੀਆਂ ਉਪਰ ਵਧੇਰੇ ਟੈਕਸ ਲਗਾਉਣ ਦਾ ਪ੍ਰਸਤਾਵ ਹੈ। ਇਸ ਤਰ੍ਹਾਂ, ਵਾਤਾਵਰਨ ਉਪਰ ਮਾੜਾ ਅਸਰ ਪਾਉਣ ਵਾਲੇ ਉਤਪਾਦਨਾਂ ਅਤੇ ਸੇਵਾਵਾਂ ਉਪਰ ਜੋ ਸਿਹਤ ਅਤੇ ਮਾਨਵੀ ਜੀਵਨ ਉਪਰ ਅਸਰ ਪਾਉਂਦੇ ਹਨ ਨੂੰ ਵੀ ਵਧੇਰੇ



ਟੈਕਸ ਦੇ ਘੇਰੇ ਵਿੱਚ ਲਿਆਉਣ ਦਾ ਪ੍ਰਸਤਾਵ ਹੈ। ਦੂਜੇ ਪਾਸੇ, ਸਰਕਾਰ ਨੇ ਖੇਤੀਬਾੜੀ ਖੇਤਰ, ਖ਼ਾਸ ਤੌਰ ਤੇ ਪੇਂਡੂ ਖੇਤਰ ਅਤੇ ਉਨ੍ਹਾਂ ਸਕੀਮਾਂ ਲਈ ਜੋ ਹਾਸ਼ੀਏ ਦੇ ਅਤੇ ਬੇਸਹਾਰਾ ਲੋਕਾਂ ਲਈ ਸਕਾਰਾਤਮਕ ਸਮਾਜਕ-ਆਰਥਿਕ ਅਸਰ ਰੱਖਦੀਆਂ ਹਨ, ਲਈ ਕਾਫ਼ੀ ਮਾਤਰਾ ਵਿੱਚ ਫ਼ੰਡ ਨਿਰਧਾਰਤ ਕੀਤੇ ਹਨ। ਇਸ ਤੋਂ ਇਲਾਵਾ, ਸਰਕਾਰ ਦਾ ਵਿੱਤੀ ਘਾਟੇ ਨੂੰ ਸ਼ੁੱਧ ਕੀਮਤ ਨਾਲ ਤਾਲਮੇਲ ਨਾ ਕਰਕੇ ਇਕ ਰੇਂਜ ਵਿੱਚ ਰੱਖਣ ਦਾ ਪ੍ਰਸਤਾਵ ਹੈ ਤਾਂ ਕਿ ਸਰਕਾਰ ਨੂੰ ਕਿਸੇ ਵੀ ਵਿਸ਼ਵੀ ਝਟਕੇ ਜਾਂ ਆਰਥਿਕ ਅਸਥਿਰਤਾ ਦਾ ਸਾਹਮਣਾ ਕਰਨ ਲਈ ਵਿੱਤੀ ਜਗ੍ਹਾ ਮਿਲ ਸਕੇ।

## ਵਿੱਤੀ ਮਜਬੂਤੀ ਲਈ ਸਰਕਾਰੀ ਪਹਿਲਕਦਮੀਆਂ

ਭਾਵੇਂ ਅਸੀਂ ਕੇਲਕਰ ਕਮੇਟੀ ਵਲੋਂ ਵਿੱਤੀ ਜ਼ਿੰਮੇਵਾਰੀ ਅਤੇ ਬਜਟ ਪ੍ਰਬੰਧਨ ਕਾਨੂੰਨ ਵਿੱਚ ਮਿਥੀ 3 ਪ੍ਰਤਿਸ਼ਤ ਦੀ ਕੁੱਲ ਘਰੇਲੂ ਉਤਪਾਦਨ ਦੀ ਦਰ ਜੋ 2016-17 ਤੱਕ ਹਾਸਲ ਕਰ ਲੈਣੀ ਸੀ, ਤੋਂ ਇਕ ਸਾਲ ਪਛੜ ਗਏ ਹਾਂ ਪਰ ਫਿਰ ਵੀ ਵਰਤਮਾਨ ਸਰਕਾਰ ਸੀਮਤ ਵਿੱਤੀ ਜਗ੍ਹਾ ਅੰਦਰ ਵਿੱਤੀ ਸੰਯੋਜਨ ਕਰਨ ਦੀਆਂ ਜੀ ਤੋੜ ਕੋਸ਼ਿਸ਼ਾਂ ਕਰ ਰਹੀ ਹੈ। ਇਹ ਵਿੱਤੀ ਟੀਚੇ ਅਰਥਵਿਵਸਥਾ ਦੇ ਵਿਸਥਾਰ, ਟੈਕਸਾਂ ਵਿੱਚ ਲਚੀਲਾਪਨ, ਵਧੇਰੇ ਟੈਕਸ ਪ੍ਰਾਪਤੀ, ਵਧੇਰੇ ਚੰਗਾ ਟੈਕਸ ਪ੍ਰਸ਼ਾਸਨ, ਟੈਕਸ ਅਤੇ ਸਮੁੱਚੇ ਘਰੇਲੂ ਉਤਪਾਦਨ ਅਨੁਪਾਤ ਵਿੱਚ ਵਾਧਾ ਅਤੇ ਖਰਚੇ ਵਿੱਚ ਕੁਸ਼ਲਤਾ, ਦੀਰਘ ਆਰਥਿਕ ਵਾਤਾਵਰਨ, ਚੰਗਾ ਕਰਨਾ ਅਤੇ ਵੱਧ ਤੋਂ ਵੱਧ ਪ੍ਰਬੰਧ ਨਿਯੰਤ੍ਰਣ ਆਦਿ ਰਾਹੀਂ ਹਾਸਲ ਕੀਤਾ ਜਾ ਸਕਦਾ ਹੈ। ਕੁੱਝ ਸਰਵਵਿਆਪੀ ਤਰੀਕੇ ਜੋ ਵਿੱਤੀ ਘਾਟੇ ਨੂੰ ਮਿਥੇ ਟੀਚਿਆਂ ਤੱਕ ਰੱਖਣ ਲਈ ਅਪਣਾਏ ਜਾ ਸਕਦੇ ਹਨ, ਹੇਠ ਦਿੱਤੇ ਜਾ ਰਹੇ ਹਨ :

## ਖਰਚੇ ਨੂੰ ਤਰਕਸੰਗਤ ਬਨਾਉਣਾ

ਸਰਕਾਰ ਨੂੰ ਵੱਖ-ਵੱਖ ਮਦਾਂ ਉਪਰ ਆਪਣੇ ਖਰਚੇ ਅਤੇ ਨਿਰਧਾਰਤ ਫੰਡਾਂ ਨੂੰ ਯੁਕਤੀਪੂਰਨ ਕਰਨ ਦੀ ਲੋੜ ਹੈ ਅਤੇ ਇਸ ਲਈ ਲੀਕੇਜ਼ ਤੋਂ ਬਚਣ ਅਤੇ ਪ੍ਰਕਿਰਿਆ ਵਿੱਚ ਕਮੀਆਂ ਨੂੰ ਦੂਰ ਕਰਨਾ ਹੋਵੇਗਾ ਜਿਸ ਲਈ ਆਮ ਲੋਕਾਂ ਦੀ ਖ਼ੁਸ਼ਹਾਲੀ ਅਤੇ ਭਲਾਈ ਨਾਲ ਕੋਈ ਖ਼ਾਸ ਸਮਝੌਤਾ ਨਾ ਕਰਕੇ ਸਰੋਤਾਂ ਵਿੱਚ ਕਿਫਾਇਤ ਕਰਨ ਅਤੇ ਖਰਚੇ ਦੀ ਲੋੜ ਨੂੰ ਮੁੜ ਤੋਂ ਪਹਿਲ ਦੇਣਾ ਯਕੀਨੀ ਬਣਾਉਣਾ ਹੋਵੇਗਾ। ਅਜਿਹਾ ਕੁਸ਼ਲਤਾ ਵਧਾ ਕੇ, ਰਿਸ਼ਵਤਖੋਰੀ ਰੋਕ ਕੇ ਅਤੇ ਪ੍ਰਸ਼ਾਸਨਿਕ ਕਮੀਆਂ ਦੂਰ ਕਰਕੇ ਹਾਸਲ ਕੀਤਾ ਜਾ ਸਕਦਾ ਹੈ। ਖਰਚੇ ਨੂੰ ਯੁਕਤੀਪੂਰਨ ਕਰਨ ਵਿੱਚ ਕਾਮਯਾਬੀ ਮਾਲੀ ਅਤੇ ਵਿੱਤੀ ਅਸਮਾਨਤਾ ਵਿੱਚ ਸੁਧਾਰ ਕਰਨ ਉਪਰ ਨਿਰਭਰ ਕਰਦੀ ਹੈ।

## ਮਾਲੀ ਆਮਦਨ ਵਧਾਉਣਾ

ਵਰਤਮਾਨ ਸਰਕਾਰ ਦੀ ਆਮਦਨ ਵਧਾਉਣ ਦੀ ਗੰਭੀਰ ਇੱਛਾ ਅਤੇ ਸਹੀ ਟੀਚੇ ਉਪਰ ਨਿਸ਼ਾਨਾ ਲਗਾਉਣਾ ਹੈ ਅਤੇ ਟੈਕਸ ਅਤੇ ਗ਼ੈਰ ਟੈਕਸ ਰਾਹੀਂ ਵਧੇਰੇ ਆਮਦਨ, ਸਰੋਤ ਅਤੇ ਰਕਮ ਦੋਹਾਂ ਸੂਰਤਾਂ ਵਿੱਚ ਪੈਦਾ ਕਰਨ ਲਈ ਕਦਮ ਉਠਾਏ ਗਏ ਹਨ।

ਇਸ ਬਜਟ ਵਿੱਚ ਸਮੁੱਚੇ ਘਰੇਲੂ ਉਤਪਾਦਨ ਦੇ ਅਨੁਪਾਤ ਵਿੱਚ ਭਵਿੱਖ ਵਿੱਚ ਟੈਕਸ ਵਿੱਚ ਲਚੀਲੇਪਨ, ਟੈਕਸ ਪ੍ਰਾਪਤੀ ਵਿੱਚ ਵਾਧਾ ਅਤੇ ਕੁਸ਼ਲ ਟੈਕਸ ਪ੍ਰਬੰਧ ਰਾਹੀਂ ਵਧੇਰੇ ਟੈਕਸ ਪ੍ਰਾਪਤੀ ਦਾ ਪ੍ਰਸਤਾਵ ਹੈ। ਇਹ ਹਰ ਸੂਰਤ ਵਿੱਚ ਕਾਫੀ ਹੱਦ ਤੱਕ ਵਿੱਤੀ ਘਾਟੇ ਵਿੱਚ ਕਮੀ ਕਰਨ ਵਿੱਚ ਮਦਦ ਕਰੇਗਾ ਅਤੇ ਜਿਵੇਂ ਵਿੱਤ ਜ਼ਿੰਮੇਵਾਰੀ ਅਤੇ ਬਜਟ ਪ੍ਰਬੰਧਨ ਕਾਨੂੰਨ ਵਿੱਚ ਕਿਹਾ ਗਿਆ ਹੈ, ਅਜੋਕੀ ਵਿੱਤੀ ਸਮਝਦਾਰੀ ਹਾਸਲ ਕਰਨ ਵਿੱਚ ਵੀ ਮੱਦਦ ਕਰੇਗਾ।

## ਅਖੀਰਲੀ ਟਿੱਪਣੀ

ਬਜਟ ਦੀ ਕਾਮਯਾਬੀ ਸਿੱਟਿਆਂ ਉਪਰ ਨਿਰਭਰ ਕਰਦੀ ਹੈ ਨਾ ਕਿ ਖਰਚੇ ਉਪਰ ਅਤੇ ਇਸ ਦੀ ਅਸਰਦਾਇਕਤਾ ਉਸ ਉਪਰ ਨਿਰਭਰ ਕਰਦੀ ਹੈ ਕਿ ਸਰਕਾਰ ਕਿਸ ਤਰ੍ਹਾਂ ਦੇਸ਼ ਦੇ ਸਮੁੱਚੇ ਵਿਕਾਸ ਅਤੇ ਖ਼ਾਸ ਤੌਰ ਤੇ ਹਾਸ਼ੀਏ ਦੇ ਅਤੇ ਬੇਸਹਾਰਾ ਲੋਕਾਂ ਲਈ ਚਲਾਈਆਂ ਜਾ ਰਹੀਆਂ ਸਕੀਮਾਂ ਅਤੇ ਪ੍ਰੋਗਰਾਮਾਂ ਨੂੰ ਮਾਨੀਟਰ ਕਰਦੀ ਹੈ ਅਤੇ ਉਨ੍ਹਾਂ ਨੂੰ ਲਾਗੂ ਕਰਦੀ ਹੈ। ਖਰਚੇ ਦਾ ਕੁਸ਼ਲ ਅਤੇ ਪ੍ਰਭਾਵਕ ਪ੍ਰਬੰਧ ਅਤੇ ਆਮਦਨ ਦਾ ਅਧਾਰ ਵਧਾਉਣਾ ਅਤੇ ਟੈਕਸਾਂ ਵਿੱਚ ਲਚੀਲਾਪਨ ਲਿਆਉਣਾ ਵਿੱਤੀ ਸੰਯੋਜਨ ਅਤੇ ਵਿੱਤੀ ਸਮਝਦਾਰੀ ਦੀ ਕੁੰਜੀ ਹਨ। ਗ਼ੈਰ ਟੈਕਸ ਨੂੰ ਇਕ ਕੁਸ਼ਲ ਸਰੋਤ ਦੇ ਤੌਰ ਤੇ ਇਕ ਸੂਝਵਾਨ ਗ਼ੈਰ ਟੈਕਸ ਨੀਤੀ ਤਿਆਰ ਕਰ ਕੇ ਵਿਸ਼ਵਾਸਯੋਗ ਬਣਾਇਆ ਜਾ ਸਕਦਾ ਹੈ ਅਤੇ ਜਨਤਕ ਖੇਤਰ ਦੇ ਅਦਾਰਿਆਂ ਦਾ ਵਧੇਰੇ ਚੰਗਾ ਪ੍ਰਬੰਧ ਕਰਕੇ ਇਸ ਵਿੱਚ ਗਤੀ ਲਿਆਂਦੀ ਜਾ ਸਕਦੀ ਹੈ। ਇਸ ਨੂੰ ਕੁਸ਼ਲਤਾ ਵਧਾ ਕੇ, ਰਿਸ਼ਵਤਖੋਰੀ ਖਤਮ ਕਰਕੇ ਅਤੇ ਪ੍ਰਸ਼ਾਸਕੀ ਖਰਚੇ ਘੱਟ ਕਰਕੇ ਹਾਸਲ ਕੀਤਾ ਜਾ ਸਕਦਾ ਹੈ। ਇਸ ਨਾਲ ਜ਼ਰੂਰ ਵਿੱਤੀ ਘਾਟੇ ਅਤੇ ਮਾਲੀ ਘਾਟੇ ਵਿੱਚ ਵੱਡੀ ਕਮੀ ਆਵੇਗੀ ਅਤੇ ਇਹ ਵਿੱਤੀ ਜ਼ਿੰਮੇਵਾਰੀ ਅਤੇ ਬਜਟ ਪ੍ਰਬੰਧਨ ਕਾਨੂੰਨ ਵਿੱਚ ਸੁਝਾਏ ਵਿੱਤੀ ਸੰਯੋਜਨ ਨੂੰ ਹਾਸਲ ਕਰਨ ਵਿੱਚ ਮਦਦ ਕਰ ਸਕਦਾ ਹੈ ਅਤੇ ਵਿੱਤੀ ਪਾਏਦਾਰੀ ਵੱਲ ਅੱਗੇ ਵਧ ਸਕਦਾ ਹੈ।

*(ਲੇਖਕ ਫਾਰਚੂਨ ਇੰਸਟੀਚਿਊਟ ਆਫ਼ ਇੰਟਰਨੈਸ਼ਨਲ ਬਿਜਨਸ, ਨਵੀਂ ਦਿੱਲੀ ਵਿਖੇ ਅਰਥਸ਼ਾਸਤਰ ਦੇ ਐਸੋਸੀਏਟ ਪ੍ਰੋਫੈਸਰ ਹਨ)*

*e-mail :amiyacademics@gmail.com*


ਸਫ਼ਾ 40 ਦਾ ਬਾਕੀ


ਰੇਲਵੇ ਦੀ ਜ਼ਮੀਨ ਦੇ ਵਿੱਤੀਕਰਨ ਦਾ ਡੂੰਘਾਈ ਨਾਲ ਅਧਿਐਨ ਕਰਨ ਦੀ ਲੋੜ ਹੈ। ਸੰਭਾਵਨਾ ਵਾਲਾ ਇਕ ਖੇਤਰ ਵੱਖ-ਵੱਖ ਯਾਤਰੀ ਸਥਾਨਾਂ ਅਤੇ ਧਾਰਮਿਕ ਕੇਂਦਰਾਂ ਉਤੇ ਸਸਤੇ ਹੋਟਲ ਵਿਕਸਤ ਕਰਨ ਦਾ ਹੈ। ਇਹ ਮੁੱਦਾ ਇਕ-ਡੇਢ ਦਹਾਕੇ ਤੋਂ ਵੱਧ ਵਿਭਾਗੀ ਵਿਤਕਰਿਆਂ ਦਾ ਸ਼ਿਕਾਰ ਰਿਹਾ ਹੈ ਅਤੇ ਜਲਦੀ ਹੱਲ ਕੀਤੇ ਜਾਣ ਦੀ ਮੰਗ ਕਰਦਾ ਹੈ। ਆਓ ਭਗਤ ਦੇ ਧਰੁੰਧਰਾਂ ਨਾਲ ਤਾਲਮੇਲ ਲਈ ਕਾਰਪੋਰੇਟ ਇਕਾਈ ਨੀਯਤ ਕਰਨ ਦੀ ਜ਼ਰੂਰਤ ਹੈ। ਆਈ ਆਰ ਸੀ ਟੀ ਸੀ ਇਕ ਕੁਦਰਤੀ ਚੋਣ ਹੋ ਸਕਦੀ ਹੈ ਕਿਉਂਕਿ ਇਸ ਕੋਲ ਵਪਾਰਕ ਸਾਧਨ ਹਨ। ਪਰ ਜਿਸ ਵੀ ਸੰਗਠਨ ਦੀ ਚੋਣ ਕੀਤੀ ਜਾਵੇ, ਇਹ ਜਲਦ ਤੋਂ ਜਲਦ ਕੀਤੀ ਜਾਣੀ ਚਾਹੀਦੀ ਹੈ। ਇਸੇ ਪ੍ਰਕਾਰ ਰੇਲਵੇ ਸਟੇਸ਼ਨਾਂ ਦਾ ਆਧੁਨਿਕੀਕਰਨ ਇਕ ਹੋਰ ਸੰਭਾਵਨਾ ਵਾਲਾ ਸਰੋਤ ਹੈ ਜਿਸ ਨੂੰ ਸਾਂਭਿਆ ਜਾਣਾ ਚਾਹੀਦਾ ਹੈ। ਇਥੇ ਫਿਰ ਇਕਹਿਰੀ ਨੋਡਲ ਏਜੰਸੀ ਦੀ ਲੋੜ ਹੈ ਜਿਸ ਕੋਲ ਬਹੁ-ਵਿਧਾਈ ਮਹਾਰਤ ਹੋਵੇ ਅਤੇ ਜੋ ਫਟਾਫਟ ਕਾਰਗੁਜ਼ਾਰੀ ਦਿਖਾ ਸਕੇ।


*(ਲੇਖਕ ਉੱਤਰੀ, ਪੂਰਬੀ ਅਤੇ ਦੱਖਣ-ਪੂਰਬੀ ਰੇਲਵੇ ਵਿੱਚ ਕਈ ਸੀਨੀਅਰ ਪ੍ਰਸ਼ਾਸਨਿਕ ਅਹੁਦਿਆਂ ਉਤੇ ਰਹਿ ਚੁੱਕੇ ਹਨ)*


*e-mail :shantinarain8@gmail.com*


# ਆਰਥਿਕ ਸਰਵੇਖਣ 2015-16 - ਕੁੱਝ ਤੱਥ ਅਤੇ ਆਂਕੜੇ




# ਆਰਥਿਕ ਸਰਵੇਖਣ 2015–16 – ਕੁੱਝ ਤੱਥ ਅਤੇ ਆਂਕੜੇ

